@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 19 September 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 19 ਸਤੰਬਰ 2024, 4 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 314, qpatrika@gmail.com ਫੋਨ : 9971359517 www.qaumipatrika.org

## ਅਸੀਂ ਭਾਰਤ 'ਚ 7 ਕਰੋੜ ਘਰ ਬਣਾ ਰਹੇ ਹਾਂ: ਪ੍ਰਧਾਨ ਮੰਤਰੀ ਮੋਦੀ

ਗਾਂਧੀਨਗਰ 17 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਭਾਰਤ 'ਚ 7 ਕਰੋੜ ਘਰ ਬਣਾ ਰਹੇ ਹਾਂ। ਇਹ ਦੁਨੀਆ ਦੇ ਕਈ ਦੇਸਾਂ ਦੀ ਆਬਾਦੀ ਤੋਂ ਵੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ ਗਾਂਧੀਨਗਰ 'ਚ ਪ੍ਰਧਾਨ ਮੰਤਰੀ ਸੂਰਜ ਘਰ ਮੁਫਤ ਬਿਜਲੀ ਯੋਜਨਾ ਦੇ ਲਾਭਪਾਤਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਗੁਜਰਾਤ ਦੇ ਗਾਂਧੀਨਗਰ 'ਚ ਮਹਾਤਮਾ ਮੰਦਰ 'ਚ ਚੌਥੇ ਗਲੋਬਲ ਨਵਿਆਉਣਯੋਗ ਊਰਜਾ ਨਿਵੇਸਕ ਸੰਮੇਲਨ ਅਤੇ ਐਕਸਪੋ (ਰੀ-ਇਨਵੈਸਟ) ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਭਾਰਤ ਦੇ ਲੋਕਾਂ ਨੇ 60 ਸਾਲਾਂ ਬਾਅਦ



ਲਗਾਤਾਰ ਤੀਜੀ ਵਾਰ ਕਿਸੇ ਸਰਕਾਰ ਨੂੰ ਸੱਤਾ ਸੌਂਪੀ ਹੈ। ਸਾਡੀ ਸਰਕਾਰ ਦੇ ਤੀਜੇ ਕਾਰਜਕਾਲ ਲਈ ਭਾਰਤ ਦੀਆਂ ਵੱਡੀਆਂ ਇੱਛਾਵਾਂ ਹਨ। ਅੱਜ 140 ਕਰੋੜ ਭਾਰਤੀਆਂ, ਨੌਜਵਾਨਾਂ ਅਤੇ ਔਰਤਾਂ ਨੂੰ ਭਰੋਸਾ ਹੈ ਕਿ ਪਿਛਲੇ 10 ਸਾਲਾਂ ਵਿਚ ਉਨ੍ਹਾਂ ਦੀਆਂ ਇੱਛਾਵਾਂ ਨੂੰ ਖੰਭ ਲੱਗ ਗਏ ਹਨ। ਉਹ ਇਸ ਤੀਜੇ ਕਾਰਜਕਾਲ ਵਿਚ ਨਵੀਂ ਉਡਾਣ ਭਰਨਗੇ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਦੇਸ ਦੇ ਗਰੀਬ, ਦਲਿਤ, ਦੱਬੇ-ਕੁਚਲੇ ਅਤੇ ਵਾਂਝੇ ਲੋਕਾਂ ਨੂੰ ਭਰੋਸਾ ਹੈ ਕਿ ਸਾਡਾ ਤੀਜਾ ਕਾਰਜਕਾਲ ਉਨ੍ਹਾਂ ਦੇ ਸਨਮਾਨਜਨਕ ਜੀਵਨ ਦੀ ਗਾਰੰਟੀ ਦੇਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ 140 ਕਰੋੜ ਭਾਰਤੀ ਤੇਜੀ ਨਾਲ ਦੇਸ ਨੂੰ ਚੋਟੀ ਦੀਆਂ ਤਿੰਨ ਅਰਥਵਿਵਸਥਾਵਾਂ 'ਚ ਲੈ ਜਾਣ ਦੇ ਸੰਕਲਪ ਨਾਲ ਕੰਮ ਕਰ ਰਹੇ ਹਨ। ਇਹ ਇਕ ਵੱਡੇ ਵਿਜਨ, ਇਕ ਵੱਡੇ ਮਿਸਨ ਦਾ ਹਿੱਸਾ ਹੈ, ਇਹ ਭਾਰਤ ਨੂੰ 2047 ਤੱਕ ਇਕ ਵਿਕਸਿਤ ਦੇਸ ਬਣਾਉਣ ਦੀ ਸਾਡੀ ਕਾਰਜ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਾਡੇ ਪਹਿਲੇ 100 ਦਿਨ ਵੀ ਸਾਡੀ ਤਰਜੀਹ, 'ਸਪੀਡ ਅਤੇ ਸਕੇਲ' ਦੀ ਝਲਕ ਦਿੰਦੇ ਹਨ। ਇਸ ਸਮੇਂ ਦੌਰਾਨ ਅਸੀਂ ਹਰ ਉਸ 'ਸੈਕਟਰ ਅਤੇ ਕਾਰਕ' ਵੱਲ ਧਿਆਨ ਦਿੱਤਾ ਹੈ ਜੋ ਭਾਰਤ ਦੇ ਤੇਜ ਵਿਕਾਸ ਲਈ ਜਰੂਰੀ ਹੈ।

## ਕੇਜਰੀਵਾਲ ਦੇ ਅਸਤੀਫੇ 'ਤੇ ਮਾਇਆਵਤੀ ਦਾ ਬਿਆਨ, ਕਿਹਾ-ਇਹ ਸਿਆਸੀ ਚਾਲ ਹੈ

ਲਖਨਊ 17 ਸਤੰਬਰ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਅਸਤੀਫੇ ਨੂੰ 'ਸਿਆਸੀ ਚਾਲ' ਕਰਾਰ ਦਿੱਤਾ। ਮਾਇਆਵਤੀ ਨੇ ਕਿਹਾ ਕਿ ਕੇਜਰੀਵਾਲ ਦਾ ਇਹ ਫੈਸਲਾ ਲੋਕ ਹਿੱਤਾਂ ਅਤੇ ਲੋਕ ਭਲਾਈ ਤੋਂ ਦੂਰ ਚੋਣ ਚਾਲ ਹੈ। ਉਨ੍ਹਾਂ ਨੇ 'ਐਕਸ' 'ਤੇ ਕਿਹਾ, "ਅਰਵਿੰਦ ਕੇਜਰੀਵਾਲ ਵਲੋਂ ਦਿੱਲੀ ਦੇ ਮੁੱਖ ਮੰਤਰੀ ਅਹੁਦੇ ਤੋਂ ਇਸ ਸਮੇਂ ਅਸਤੀਫਾ ਦੇਣਾ ਅਸਲ ਵਿੱਚ,ਉਨ੍ਹਾਂ ਦੀਆਂ ਚੋਣ ਚਾਲਾਂ ਅਤੇ ਸਿਆਸੀ ਚਾਲਾਂ ਲੋਕ ਹਿੱਤਾਂ/ਕਲਿਆਣ ਤੋਂ



ਕੋਹਾਂ ਦੂਰ ਹਨ। ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰਹਿਣ ਕਾਰਨ ਦਿੱਲੀ ਦੀ ਜਨਤਾ ਨੇ ਜੋ ਅਣਗਿਣਤ ਅਸੁਵਿਧਾਵਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕੀਤਾ? ਉਸ ਦਾ ਹਿਸਾਬ ਕੌਣ ਦੇਵੇਗਾ?" ਉਨ੍ਹਾਂ ਕਿਹਾ, "ਸੱਤਾ ਅਤੇ ਵਿਰੋਧੀ ਧਿਰ ਦੀ ਸਿਆਸੀ ਲੜਾਈ ਦੁਸਮਣੀ ਦੇ ਪੱਧਰ ਤੱਕ ਨਾ ਹੋਵੇ ਤਾਂ ਬਿਹਤਰ ਹੈ ਤਾਂਕਿ ਉਸ ਨਾਲ ਦੇਸ ਅਤੇ ਲੋਕ ਹਿੱਤਾਂ 'ਤੇ ਕੋਈ ਅਸਰ ਨਾ ਪਵੇ। ਬਸਪਾ ਦੀ ਉੱਤਰ ਪ੍ਰਦੇਸ ਸਰਕਾਰ ਨੂੰ ਵੀ ਅਜਿਹੇ ਦਿਨ ਦੇਖਣੇ ਪਏ ਜਦੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਜੇਵਰ ਏਅਰਪੋਰਟ ਅਤੇ ਗੰਗਾ ਐਕਸਪ੍ਰੈਸ ਵੇਅ 'ਤੇ ਅੜਿੱਕੇ ਖੜ੍ਹੇ ਕੀਤੇ ਅਤੇ ਲੋਕ ਹਿੱਤਾਂ ਅਤੇ ਵਿਕਾਸ ਵਿੱਚ ਰੁਕਾਵਟਾਂ ਪਾਈਆਂ।" ਕੇਜਰੀਵਾਲ ਨੇ ਐਤਵਾਰ ਨੂੰ ਕਿਹਾ ਸੀ ਕਿ ਉਹ ਦੋ ਦਿਨਾਂ ਬਾਅਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ ਅਤੇ ਦਿੱਲੀ 'ਚ ਜਲਦੀ ਚੋਣਾਂ ਕਰਵਾਉਣ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਸੀ ਕਿ ਉਹ ਉਦੋਂ ਤੱਕ ਮੁੱਖ ਮੰਤਰੀ ਦੀ ਕੁਰਸੀ 'ਤੇ ਨਹੀਂ ਬੈਠਣਗੇ, ਜਦੋਂ ਤੱਕ ਲੋਕ ਉਨ੍ਹਾਂ ਨੂੰ 'ਇਮਾਨਦਾਰੀ ਦਾ ਸਰਟੀਫਿਕੇਟ' ਨਹੀਂ ਦੇ ਦਿੰਦੇ।

# 21 ਸਤੰਬਰ ਨੂੰ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕੇਗੀ ਆਤਿਸ਼ੀ !

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 18 ਸਤੰਬਰ। ਦਿੱਲੀ ਦੇ ਉਪ ਰਾਜਪਾਲ ਨੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਅਸਤੀਫਾ ਰਾਸਟਰਪਤੀ ਦ੍ਰੌਪਦੀ ਮੁਰਮੂ ਨੂੰ ਭੇਜ ਕੇ ਉਨ੍ਹਾਂ ਦੀ ਥਾਂ 'ਤੇ ਨਾਮਜਦ ਕੀਤੇ ਗਏ ਮੁੱਖ ਮੰਤਰੀ ਆਤਿਸੀ ਦੇ ਸਹੁੰ ਚੁੱਕ ਸਮਾਗਮ ਦੀ ਤਾਰੀਖ 21 ਸਤੰਬਰ ਦੀ ਤਜਵੀਜ ਕੀਤੀ ਹੈ। ਦੱਸ ਦੇਈਏ ਕਿ ਆਤਿਸ਼ੀ ਨੇ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕ ਲਈ ਕੋਈ ਤਾਰੀਖ ਨਹੀਂ ਮੰਗੀ, ਇਸ ਲਈ ਉਪ ਰਾਜਪਾਲ ਨੇ ਨਵੇਂ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਰੋਹ ਦੀ ਤਾਰੀਖ 21 ਸਤੰਬਰ ਤੈਅ ਕੀਤੀ ਹੈ। ਆਤਿਸ਼ੀ ਨੂੰ ਸਰਕਾਰ ਦੇ ਕੰਮਕਾਜ ਵਿਚ ਤੇਜੀ ਲਿਆਉਣ ਲਈ ਜਮੀਨ 'ਤੇ ਉਤਰਨਾ ਹੋਵੇਗਾ ਅਤੇ ਇਹ ਯਕੀਨੀ ਕਰਨਾ ਹੋਵੇਗਾ ਕਿ ਫਰਵਰੀ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਪ੍ਰਮੁੱਖ ਪ੍ਰਾਜੈਕਟ ਪਟੜੀ 'ਤੇ ਆ ਜਾਣ। ਅਰਵਿੰਦ ਕੇਜਰੀਵਾਲ ਦੇ 5 ਮਹੀਨੇ ਜੇਲ੍ਹ ਵਿਚ ਰਹਿਣ ਕਾਰਨ ਆਮ ਆਦਮੀ ਪਾਰਟੀ (ਆਪ) ਸਰਕਾਰ ਦਾ ਕੰਮਕਾਜ ਕਾਫੀ ਪ੍ਰਭਾਵਿਤ



ਹੋਇਆ ਹੈ। ਫੰਡ ਦੀ ਕਮੀ ਕਾਰਨ ਜਰੂਰੀ ਸੇਵਾਵਾਂ ਅਤੇ ਬੁਨਿਆਂਦੀ ਢਾਂਚੇ ਨਾਲ ਸਬੰਧਤ ਕੰਮਾਂ 'ਚ ਰੁਕਾਵਟਾਂ ਪੈਦਾ ਹੋਈਆਂ ਹਨ, ਜਿਨ੍ਹਾਂ ਵਿਚ ਸੜਕ, ਸੀਵਰ, ਪਾਣੀ ਦੀ ਸਪਲਾਈ ਅਤੇ ਹਸਪਤਾਲਾਂ ਵਿਚ ਦਵਾਈਆਂ ਪ੍ਰਮੁੱਖ ਹਨ। ਮੁੱਖ ਮੰਤਰੀ ਦੇ ਰੂਪ ਵਿਚ ਆਤਿਸ਼ੀ ਨੂੰ ਆਪਣੇ ਛੋਟੇ ਜਿਹੇ ਦਫਤਰ ਦੌਰਾਨ ਕਈ ਮੁੱਦਿਆਂ ਅਤੇ ਚੁਣੌਤੀਆਂ ਨਾਲ ਨਜਿੱਠਣਾ ਹੋਵੇਗਾ। ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਮਹਿਲਾ ਸਨਮਾਨ ਯੋਜਨਾ ਨੂੰ ਲਾਗੂ ਕਰਨਾ ਹੈ। ਇਸ ਯੋਜਨਾ ਤਹਿਤ ਦਿੱਲੀ ਵਿਚ 18 ਸਾਲ ਦੇ ਉਪਰ ਦੀਆਂ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦੀ ਰਾਸ਼ੀ ਮਿਲਣੀ ਹੈ। ਆਤਿਸ਼ੀ ਨੇ ਕੇਜਰੀਵਾਲ ਨੂੰ ਆਪਣਾ 'ਸਿਆਸੀ ਗੁਰੂ' ਦੱਸਿਆ ਅਤੇ ਮੁੱਖ ਮੰਤਰੀ ਅਹੁਦੇ ਵਰਗੀਆਂ ਵੱਡੀਆਂ ਜ਼ਿੰਮੇਵਾਰੀਆਂ ਸੌਂਪਣ ਲਈ ਉਨ੍ਹਾਂ ਦਾ ਧੰਨਵਾਦ ਜਤਾਇਆ। ਆਤਿਸ਼ੀ ਨੇ ਕਿਹਾ ਕਿ ਉਹ ਕੇਜਰੀਵਾਲ ਦੇ ਮਾਰਗਦਰਸ਼ਨ ਵਿਚ ਹੀ ਸਰਕਾਰ ਚਲਾਏਗੀ।

## ਕੋਰਟ ਨੇ ਲਾਲੂ ਤੇ ਤੇਜਸਵੀ ਯਾਦਵ ਨੂੰ ਕੀਤਾ ਤਲਬ

ਨਵੀਂ ਦਿੱਲੀ 18 ਸਤੰਬਰ। ਦਿੱਲੀ ਦੀ ਇਕ ਅਦਾਲਤ ਨੇ ਨੌਕਰੀ ਬਦਲੇ ਜਮੀਨ ਨਾਲ ਜੁੜੇ ਮਨੀ ਲਾਂਡਰਿੰਗ ਦੇ ਮਾਮਲੇ 'ਚ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ, ਉਨ੍ਹਾਂ ਦੇ ਬੇਟੇ ਅਤੇ ਬਿਹਾਰ ਦੇ ਸਾਬਕਾ ਉੱਪ ਮੁੱਖ ਮੰਤਰੀ ਤੇਜਸਵੀ ਪ੍ਰਸਾਦ ਅਤੇ ਹੋਰ ਨੂੰ ਬੁੱਧਵਾਰ ਨੂੰ ਤਲਬ ਕੀਤਾ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ



ਦੋਸ਼ੀਆਂ ਨੂੰ 7 ਅਕਤੂਬਰ ਨੂੰ ਅਦਾਲਤ ਦੇ ਸਾਹਮਣੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ। ਜੱਜ ਨੇ ਦੋਸ਼ੀਆਂ ਖ਼ਿਲਾਫ ਦਾਖਲ ਪੂਰਕ ਦੋਸ਼ ਪੱਤਰ 'ਤੇ ਨੋਟਿਸ ਲੈਂਦੇ ਹੋਏ ਇਹ ਆਦੇਸ਼ ਜਾਰੀ ਕੀਤਾ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 6 ਅਗਸਤ ਨੂੰ ਅਦਾਲਤ ਦੇ ਸਾਹਮਣੇ ਅੰਤਿਮ ਰਿਪੋਰਟ ਪੇਸ਼ ਕੀਤੀ ਸੀ। ਈ.ਡੀ. ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵਲੋਂ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਇਹ ਮਾਮਲਾ ਦਰਜ ਕੀਤਾ ਸੀ। ਈ.ਡੀ. ਨੇ ਕਿਹਾ ਕਿ ਮਾਮਲਾ ਮੱਧ ਪ੍ਰਦੇਸ਼ ਦੇ ਜਬਲਪੁਰ ਸਥਿਤ ਰੇਲਵੇ ਦੇ ਪੱਛਮੀ ਮੱਧ ਖੇਤਰ 'ਚ ਗਰੁੱਪ-ਡੀ ਦੀਆਂ ਨਿਯੁਕਤੀਆਂ ਨਾਲ ਸੰਬੰਧਤ ਹੈ। ਇਹ ਨਿਯੁਕਤੀਆਂ ਲਾਲੂ ਪ੍ਰਸਾਦ ਨੇ 2004 ਤੋਂ 2009 ਤੱਕ ਰੇਲ ਮੰਤਰੀ ਰਹਿਣ ਦੌਰਾਨ ਕੀਤੀਆਂ ਗਈਆਂ ਸਨ।

## ਜਥੇਦਾਰ ਤੋਂ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਤੇ ਪਰਨੀਤ ਕੌਰ 'ਤੇ ਕਾਰਵਾਈ ਦੀ ਮੰਗ

ਅੰਮ੍ਰਿਤਸਰ 18 ਸਤੰਬਰ। ਸ੍ਰੀ ਅਕਾਲ ਤਖਤ ਸਾਹਿਬ 'ਤੇ ਸਿੱਖ ਜਥੇਬੰਦੀਆਂ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਮੰਗ-ਪੱਤਰ ਦੇਣ ਪੁੱਜੀਆਂ। ਇਸ ਦੌਰਾਨ ਸਿੱਖ ਜਥੇਬੰਦੀ ਦੇ ਆਗੂ ਗੁਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਹੀ ਸਿੰਘ ਸਾਹਿਬ ਕੋਲ 2008 ਦਾ ਮਾਮਲਾ, ਨਿੱਜੀ ਡੇਰੇਦਾਰ ਬਾਬਾ ਬਲਵੰਤ ਸਿੰਘ ਸਿਹੋੜੇ ਵਾਲਿਆਂ ਦਾ ਲੈ ਕੇ ਆਇਆ ਹਾਂ। ਉਨ੍ਹਾਂ ਕਿਹਾ ਕਿ ਉੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਹੈ। ਇਨ੍ਹਾਂ ਨੇ ਬਲਵੰਤ ਸਿੰਘ ਨਾਭੀ ਡੇਰੇਦਾਰ ਵੱਲੋਂ ਆਪਣੇ ਕਿਸੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ ਕੀਤਾ ਹੋਇਆ ਸੀ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿਲਕ ਲਗਾਇਆ ਗਿਆ ਸੀ ਜੋ ਕਿ ਸਾਡੀ ਮਰਿਆਦਾ ਦੇ ਬਿਲਕੁਲ ਉਲਟ ਅਤੇ ਮਰਿਆਦਾ ਖਿਲਾਫ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਹ ਕੰਮ ਕੀਤਾ ਗਿਆ ਤਾਂ ਉੱਥੇ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਪਰਨੀਤ ਕੌਰ ਤੇ ਸੁਰਜੀਤ ਸਿੰਘ ਰੱਖੜਾ ਮੌਜੂਦ ਸਨ ਅਤੇ ਇਨ੍ਹਾਂ ਤਿੰਨਾਂ ਆਗੂਆਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿਲਕ ਲਗਾਇਆ ਗਿਆ ਸੀ ਪਰ ਇਸ ਸਬੰਧ ਵਿਚ ਅਜੇ ਤੱਕ ਇਨ੍ਹਾਂ 'ਤੇ ਬਿਲਕੁਲ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅੱਜ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਾਡੇ ਵੱਲੋਂ ਮੰਗ ਪੱਤਰ ਦੇ ਕੇ ਇਸ ਪ੍ਰਤੀ ਬਣਦੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਦੋ ਸਾਲ ਪਹਿਲਾਂ ਵੀ ਅਸੀਂ ਅਰਜੀ ਦਿੱਤੀ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਇਸ 'ਤੇ ਕੋਈ ਵੀ ਕਾਰਵਾਈ ਨਹੀਂ ਹੋਈ ਹੈ। ਅਸੀਂ ਅੱਜ ਫਿਰ ਇਸ ਦੀ ਵੀਡੀਓ ਸਮੇਤ ਮੰਗ ਪੱਤਰ ਲੈ ਕੇ ਆਏ ਹਾਂ ਅਤੇ ਆਸ ਕਰਦੇ ਹਾਂ ਕਿ ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਣਦੀ ਕਾਰਵਾਈ ਕੀਤੀ ਜਾਵੇ।

# ਪੰਜਾਬ 'ਚ ਨਵਾਂ ਬਿੱਲ ਪਾਸ; ਰਾਜਪਾਲ ਕਟਾਰੀਆ ਨੇ ਪਹਿਲੇ ਬਿੱਲ 'ਤੇ ਲਾਈ ਮੋਹਰ

**ਏਜੰਸੀਆਂ**

ਚੰਡੀਗੜ੍ਹ 18 ਸਤੰਬਰ। ਪੰਜਾਬ ਦੇ ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ 'ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ, 2024' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸੂਬੇ ਵਿਚ ਪੰਚਾਇਤੀ ਚੋਣਾਂ 'ਚ ਰਾਖਵੇਂਕਰਨ ਦੀ ਪੁਰਾਣੀ ਪ੍ਰਥਾ ਬਹਾਲ ਹੋ ਗਈ ਹੈ। ਇਸ ਸੋਧ ਮਗਰੋਂ ਕੋਈ ਵੀ ਉਮੀਦਵਾਰ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕੇਗਾ। ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਇਸ ਬਿੱਲ ਨੂੰ ਹਰੀ ਝੰਡੀ ਦੇਣਾ ਰਾਜ ਭਵਨ ਦੇ ਸੂਬਾ ਸਰਕਾਰ ਵਿਚਾਲੇ ਸੁਖਾਵੇਂ ਰਿਸ਼ਤੇ ਹੋਣ ਵੱਲ ਵੀ ਇਸ਼ਾਰਾ ਹੈ। ਪੰਜਾਬ ਵਿਧਾਨ ਸਭਾ ਦੇ ਲੰਘੇ ਮੌਨਸੂਨ ਸੈਸ਼ਨ 'ਚ 'ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ, 2024' ਪਾਸ ਕੀਤਾ ਗਿਆ ਸੀ, ਜਿਸ ਨੂੰ ਰਾਜਪਾਲ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਦਨ ਨੇ 'ਪੰਜਾਬ ਪੰਚਾਇਤੀ ਰੂਲਜ਼, 1994' ਵਿਚ ਵੀ ਸੋਧ ਕੀਤੀ ਸੀ। ਇਸ ਸੋਧ ਮਗਰੋਂ ਕੋਈ ਵੀ ਉਮੀਦਵਾਰ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕੇਗਾ। ਇਸ ਦੀ ਪ੍ਰਵਾਨਗੀ ਰਾਜਪਾਲ ਤੋਂ ਲੈਣੀ ਜ਼ਰੂਰੀ ਨਹੀਂ ਹੁੰਦੀ ਹੈ। ਸੋਧ ਬਿੱਲ ਨੂੰ ਪ੍ਰਵਾਨਗੀ ਮਿਲਣ ਨਾਲ ਹੁਣ ਪੰਚਾਇਤੀ ਚੋਣਾਂ ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ। ਪੰਜਾਬ ਸਰਕਾਰ ਅਕਤੂਬਰ ਦੇ ਅੱਧ 'ਚ ਪੰਚਾਇਤੀ ਚੋਣਾਂ ਕਰਾਉਣ ਦੇ ਰੌਅ ਵਿਚ ਹੈ। 'ਪੰਜਾਬ ਪੰਚਾਇਤੀ ਰਾਜ ਐਕਟ, 1994' ਦੀ ਧਾਰਾ 12 (4) 'ਚ ਸੋਧ ਹੋਣ ਨਾਲ ਹੁਣ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨ ਕੇ ਰਾਖਵੇਂਕਰਨ ਦਾ ਨਵਾਂ ਰੋਸਟਰ ਤਿਆਰ ਹੋਵੇਗਾ, ਜਦੋਂ ਕਿ ਪਹਿਲਾਂ ਜ਼ਿਲ੍ਹੇ ਨੂੰ ਇਕਾਈ



ਮੰਨਿਆ ਜਾਂਦਾ ਸੀ। ਰਾਖਵੇਂਕਰਨ ਦੇ ਪੈਟਰਨ 'ਚ ਬਦਲਾਅ ਨਾਲ ਰਾਖਵੇਂਕਰਨ ਲਈ ਰੋਸਟਰ ਨਵੇਂ ਸਿਰਿਓਂ ਤਿਆਰ ਹੋਵੇਗਾ। ਪਹਿਲਾਂ ਜ਼ਿਲ੍ਹੇ ਨੂੰ ਬਤੌਰ ਮੂਲ ਇਕਾਈ ਮੰਨਦੇ ਹੋਏ ਸਮੁੱਚੀ ਕਾਰਵਾਈ ਸਮੇਤ ਰੋਟੇਸ਼ਨ ਕੀਤੀ ਜਾਂਦੀ ਸੀ, ਜਿਸ ਨਾਲ ਬਲਾਕ ਦੀ ਅਸਲ ਆਬਾਦੀ ਨਜ਼ਰਅੰਦਾਜ਼ ਹੋ ਜਾਂਦੀ ਸੀ। ਮੌਜੂਦਾ ਸਰਕਾਰ ਨੇ ਨਵੀਂ ਸੋਧ ਨਾਲ ਸਰਪੰਚਾਂ ਦਾ ਰਾਖਵਾਂਕਰਨ ਆਪਣੀ ਇੱਛਾ ਮੁਤਾਬਕ ਕਰਨ ਦਾ ਮੌਕਾ ਆਪਣੇ ਹੱਥ ਰੱਖ ਲਿਆ ਹੈ। ਰਾਖਵੇਂਕਰਨ ਦਾ ਪੁਰਾਣਾ ਰੋਸਟਰ ਹੁਣ ਆਪਣੇ ਆਪ ਹੀ ਖਤਮ ਹੋ ਗਿਆ ਹੈ। ਦੱਸ ਦਈਏ ਕਿ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਵੇਲੇ ਵੀ ਪੰਚਾਇਤੀ ਚੋਣਾਂ ਮੌਕੇ ਰਾਖਵੇਂਕਰਨ ਲਈ ਮੂਲ ਇਕਾਈ ਬਲਾਕ ਨੂੰ ਹੀ ਮੰਨਿਆ ਜਾਂਦਾ ਸੀ। ਇਸ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਜੁਲਾਈ 2018 ਵਿਚ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨਣ ਵਾਲੀ ਪ੍ਰਥਾ ਖ਼ਤਮ ਕਰਕੇ ਜ਼ਿਲ੍ਹੇ ਨੂੰ ਮੂਲ ਇਕਾਈ ਮੰਨ ਕੇ ਰਾਖਵੇਂਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਮੌਜੂਦਾ ਸਰਕਾਰ ਨੇ ਸੋਧ ਬਿੱਲ ਜ਼ਰੀਏ ਪੁਰਾਣੀ ਪ੍ਰਥਾ ਬਹਾਲ ਕਰ ਦਿੱਤੀ ਹੈ। ਆਉਂਦੇ ਦਿਨਾਂ ਵਿਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪੰਚਾਇਤੀ ਚੋਣਾਂ ਨੂੰ ਲੈ ਕੇ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਆਦਿ ਲਈ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਸੂਬਾ ਸਰਕਾਰ ਪਹਿਲੇ ਪੜਾਅ 'ਚ ਇਕੱਲੀਆਂ ਪੰਚਾਇਤੀ ਚੋਣਾਂ ਕਰਾ ਰਹੀ ਹੈ, ਜਦੋਂ ਕਿ ਪੰਚਾਇਤੀ ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਉਸ ਮਗਰੋਂ ਹੋਣਗੀਆਂ।

# ਮਹਿਲਾ ਡਾਕਟਰਾਂ ਦੀ ਸੁਰੱਖਿਆ ਦੀ ਜਿੰਮੇਵਾਰੀ ਸਰਕਾਰ ਦੀ : ਸੁਪਰੀਮ ਕੋਰਟ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 17 ਸਤੰਬਰ। ਸੁਪਰੀਮ ਕੋਰਟ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਕਥਿਤ ਵਿੱਤੀ ਬੇਨਿਯਮੀਆਂ ਦੀ ਜਾਂਚ ਬਾਰੇ 'ਸਟੇਟਸ ਰਿਪੋਰਟ' ਪੇਸ ਕਰਨ ਦੇ ਨਿਰਦੇਸ ਦਿੱਤੇ ਹਨ। ਇਥੇ ਪਿਛਲੇ ਮਹੀਨੇ ਇਕ ਮਹਿਲਾ ਸਿਖਿਆਰਥੀ ਡਾਕਟਰ ਨਾਲ ਕਥਿਤ ਤੌਰ 'ਤੇ ਜਬਰ-ਜਨਾਹ ਕਰਨ ਪਿੱਛੋਂ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਅਦਾਲਤ ਨੇ ਸੀ. ਬੀ. ਆਈ. ਵੱਲੋਂ ਦਾਇਰ ਕੀਤੀ ਅਸਲ ਸਥਿਤੀ ਦੀ ਰਿਪੋਰਟ ਦਾ ਵੀ ਨੋਟਿਸ ਲਿਆ ਤੇ ਕਿਹਾ ਕਿ ਸਥਿਤੀ ਦਾ ਖੁਲਾਸਾ ਕਰਨ ਨਾਲ ਅਗਲੀ ਜਾਂਚ ਖਤਰੇ 'ਚ ਪੈ ਜਾਏਗੀ। ਇਸ ਘਟਨਾ ਨਾਲ ਸਬੰਧਤ ਸੁਣਵਾਈ ਦੇ ਲਾਈਵ ਟੈਲੀਕਾਸਟ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਅਦਾਲਤ ਨੇ ਕਿਹਾ ਕਿ ਇਹ ਜਨਤਕ ਹਿੱਤ ਦਾ ਮਾਮਲਾ ਹੈ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਦਾਲਤ 'ਚ ਕੀ ਹੋ ਰਿਹਾ ਹੈ। ਚੀਫ ਜਸਟਿਸ ਡੀ. ਵਾਈ.



ਚੰਦਰਚੂੜ, ਜਸਟਿਸ ਜੇ.ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸਰਾ ਦੇ ਬੈਂਚ ਨੇ ਕੇਂਦਰੀ ਜਾਂਚ ਏਜੰਸੀ ਨੂੰ ਹਸਪਤਾਲ ਦੇ ਮੈਡੀਕਲ ਵਿਭਾਗਾਂ 'ਚ ਕਥਿਤ ਵਿੱਤੀ ਬੇਨਿਯਮੀਆਂ ਦੀ ਹੁਣ ਤੱਕ ਦੀ ਜਾਂਚ ਬਾਰੇ ਸਟੇਟਸ ਰਿਪੋਰਟ ਦਾਇਰ ਕਰਨ ਲਈ ਕਿਹਾ। ਅਦਾਲਤ ਨੇ ਬਾਅਦ 'ਚ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਤੇ ਇਕ ਹਫਤੇ ਬਾਅਦ ਸੁਣਵਾਈ ਤੈਅ ਕਰ ਦਿੱਤੀ। ਸੁਪਰੀਮ ਕੋਰਟ ਨੇ ਵਿਕੀਪੀਡੀਆ ਨੂੰ ਉਸ ਸਿਖਿਆਰਥੀ ਮਹਿਲਾ ਡਾਕਟਰ ਦਾ ਨਾਂ ਤੇ ਫੋਟੋ ਹਟਾਉਣ ਦਾ ਨਿਰਦੇਸ ਦਿੱਤਾ, ਜਿਸ ਦੀ ਅਗਸਤ 'ਚ ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ ਕਾਲਜ ਤੇ ਹਸਪਤਾਲ 'ਚ ਕਥਿਤ ਤੌਰ 'ਤੇ ਜਬਰ-ਜਨਾਹ ਪਿੱਛੋਂ ਹੱਤਿਆ ਕਰ ਦਿੱਤੀ ਗਈ ਸੀ। ਚੀਫ ਜਸਟਿਸ ਡੀ. ਵਾਈ. ਚੰਦਰਚੂੜ, ਜਸਟਿਸ ਜੇ. ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸਰਾ ਦੀ ਬੈਂਚ ਨੇ ਸਾਲਿਸਿਟਰ ਜਨਰਲ ਤੁਸਾਰ ਮਹਿਤਾ ਦੀ ਇਸ ਗੱਲ ਦਾ ਨੋਟਿਸ ਲਿਆ ਕਿ ਪੀੜਤ ਦਾ ਨਾਂ ਤੇ ਫੋਟੋ ਅਜੇ ਵੀ ਵਿਕੀਪੀਡੀਆ 'ਤੇ ਉਪਲਬਧ ਹੈ। ਬੈਂਚ ਨੇ ਕਿਹਾ ਕਿ ਕਾਨੂੰਨ ਦੀਆਂ ਵਿਵਸਥਾਵਾਂ ਬਹੁਤ ਸਪੱਸਟ ਹਨ ਕਿ ਜਬਰ-ਜਨਾਹ ਤੇ ਕਤਲ ਦੇ ਮਾਮਲਿਆਂ 'ਚ ਪੀੜਤ ਦੀ ਪਛਾਣ ਨਹੀਂ ਦੱਸੀ ਜਾ ਸਕਦੀ।

## ਪੰਜਾਬ ਵਾਸੀਆਂ ਨੂੰ ਮੁਫਤ ਬਿਜਲੀ ਨੇ ਦਿੱਤੀ ਵੱਡੀ ਰਾਹਤ

ਜਲੰਧਰ 18 ਸਤੰਬਰ। ਪੰਜਾਬ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਲੋਂ ਹਰ ਘਰ ਨੂੰ 600 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਕਾਰਨ ਲੋਕਾਂ ਨੂੰ ਸੁੱਖ ਦਾ ਸਾਹ ਆਇਆ ਹੈ। ਸੂਬੇ ਦੇ ਮੱਧ ਵਰਗੀ ਪਰਿਵਾਰਾਂ ਲਈ ਸੂਬਾ ਸਰਕਾਰ ਨੇ ਇਹ ਇਕ ਵੱਡਾ ਕਦਮ ਚੁੱਕਿਆ ਹੈ। ਇਸ ਦੇ ਨਾਲ ਹੀ ਘਰੇਲੂ ਔਰਤਾਂ ਨੂੰ ਵੀ ਇਸ ਦਾ ਫਾਇਦਾ ਮਿਲਿਆ ਹੈ ਕਿਉਂਕਿ ਪਹਿਲਾਂ ਉਨ੍ਹਾਂ ਦਾ ਹਜਾਰਾਂ ਰੁਪਿਆ ਬਿਜਲੀ ਦੇ ਬਿੱਲਾਂ 'ਚ ਹੀ ਨਿਕਲ ਜਾਂਦਾ ਸੀ। ਲੋਕਾਂ ਦਾ



ਕਹਿਣਾ ਹੈ ਕਿ ਪਹਿਲਾਂ ਬਿਜਲੀ ਵੀ ਨਹੀਂ ਆਉਂਦੀ ਸੀ ਅਤੇ ਬਿੱਲ ਵੀ ਬਹੁਤ ਜ਼ਿਆਦਾ ਭਰਨੇ ਪੈਂਦੇ ਸਨ ਪਰ ਹੁਣ ਬਿਜਲੀ ਤਾਂ ਆ ਰਹੀ ਹੈ ਪਰ ਬਿੱਲ ਜੀਰੋ ਆ ਰਹੇ ਹਨ। ਭਗਵੰਤ ਮਾਨ ਸਰਕਾਰ ਨੇ ਲੋਕਾਂ ਨੂੰ ਵੱਡੀਆਂ-ਵੱਡੀਆਂ ਸਹੂਲਤਾਂ ਦਿੱਤੀਆਂ ਹਨ ਅਤੇ ਲੋਕਾਂ 'ਤੇ ਆਰਥਿਕ ਬੋਝ ਵੀ ਘਟਿਆ ਹੈ। ਲੋਕ ਜਿੱਥੇ ਪਹਿਲਾਂ ਬਿਜਲੀ ਦੇ ਬਿੱਲਾਂ ਲਈ ਹਜਾਰਾਂ ਰੁਪਿਆ ਦਿੰਦੇ ਸਨ, ਉਹ ਹੁਣ ਜੁੜਨਾ ਸ਼ੁਰੂ ਹੋ ਗਿਆ ਹੈ। ਇਸ ਕਾਰਨ ਲੋੜਵੰਦ ਪਰਿਵਾਰਾਂ ਵਲੋਂ ਬਿਜਲੀ ਨਾਲ ਚੱਲਣ ਵਾਲੇ ਜਰੂਰੀ ਉਪਕਰਨਾਂ ਦੀ ਵਰਤੋਂ ਘਰਾਂ 'ਚ ਕੀਤੀ ਜਾਣ ਲੱਗੀ ਹੈ। ਇਨ੍ਹਾਂ ਉਪਰਾਲਿਆਂ ਲਈ ਲੋਕਾਂ ਵਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ।

# ਰਾਹੁਲ 'ਝੂਠ ਦੀ ਮਸ਼ੀਨ' ਹਨ, ਜੋ ਕਿਸੇ ਵੀ ਭਾਸ਼ਾ 'ਚ ਝੂਠ ਬੋਲ ਸਕਦੇ ਹਨ : ਅਮਿਤ ਸ਼ਾਹ

**ਤੇਜਿੰਦਰ ਕੌਰ ਬੱਬਰ**

ਭਿਵਾਨੀ 17 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਬੋਲਦੇ ਹੋਏ ਉਨ੍ਹਾਂ ਨੂੰ 'ਝੂਠ ਦੀ ਮਸ਼ੀਨ' ਦੱਸਿਆ, ਜੋ ਕਿਸੇ ਵੀ ਭਾਸ਼ਾ 'ਚ ਝੂਠ ਬੋਲ ਸਕਦੇ ਹਨ। ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਰਾਹੁਲ ਨੂੰ ਚੁਣੌਤੀ ਦਿੱਤੀ ਕਿ ਉਹ ਇਸ ਗੱਲ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ ਕਿ ਕਸ਼ਮੀਰ 'ਚ ਧਾਰਾ 370 ਨੂੰ ਹਟਾਉਣਾ ਚੰਗਾ ਫੈਸਲਾ ਸੀ ਜਾਂ ਬੁਰਾ। ਅਮਿਤ ਸ਼ਾਹ ਨੇ ਕਿਹਾ,"ਰਾਹੁਲ ਗਾਂਧੀ ਝੂਠ ਦੀ ਮਸ਼ੀਨ ਹਨ ਜੋ ਕਿਸੇ ਵੀ ਭਾਸ਼ਾ 'ਚ ਝੂਠ ਬੋਲ ਸਕਦੇ ਹਨ। ਉਨ੍ਹਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕਸ਼ਮੀਰ ਤੋਂ ਧਾਰਾ 370 ਹਟਾਉਣਾ ਚੰਗਾ ਫੈਸਲਾ ਸੀ ਜਾਂ ਬੁਰਾ। ਸੰਸਦ 'ਚ ਉਹ ਕਹਿੰਦੇ ਹਨ ਕਿ ਅਯੁੱਧਿਆ ਚ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਜਿੱਤੇ। ਹਾਰ-ਜਿੱਤ ਤਾਂ ਚੋਣਾਂ ਦਾ ਹਿੱਸਾ ਹਨ ਪਰ ਉਨ੍ਹਾਂ ਦਾ ਦਾਅਵਾ ਹੈ ਕਿ ਇਸ ਨਾਲ ਅਯੁੱਧਿਆ ਦਾ ਉਦੇਸ਼ ਹੀ ਖਤਮ ਹੋ ਗਿਆ ਹੈ। ਮੋਦੀ ਜੀ ਨੇ ਪ੍ਰਾਣ ਪ੍ਰਤਿਸ਼ਠਾ ਕਰ ਕੇ ਮੰਦਰ 'ਚ ਰਾਮਲੱਲਾ ਨੂੰ ਸਥਾਪਤ ਕੀਤਾ ਹੈ। ਇਹ ਰਾਹੁਲ ਗਾਂਧੀ ਨੂੰ ਚੰਗਾ ਨਹੀਂ ਲੱਗਦਾ।" ਸ਼ਾਹ ਨੇ ਕਾਂਗਰਸ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ 40 ਸਾਲ ਤੋਂ ਫੌਜੀ 'ਵਨ ਰੈਂਕ ਵਨ ਪੈਨਸ਼ਨ' ਦੀ ਮੰਗ ਕਰ ਰਹੇ ਸਨ ਪਰ ਕਾਂਗਰਸ ਨੇ ਕਦੇ ਉਸ ਮੰਗ ਨੂੰ ਪੂਰਾ ਨਹੀਂ ਕੀਤਾ। ਸ਼ਾਹ ਨੇ ਕਿਹਾ,"ਮੈਂ ਹੁੱਡਾ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਰਿਆਣਾ ਅਜਿਹਾ ਰਾਜ ਹੈ, ਜੋ ਫੌਜ



'ਚ ਸਭ ਤੋਂ ਜ਼ਿਆਦਾ ਫੌਜੀ ਭੇਜਦਾ ਹੈ। 40 ਸਾਲ ਤੋਂ ਫੌਜੀ 'ਵਨ ਰੈਂਕ, ਵਨ ਪੈਨਸ਼ਨ' ਦੀ ਮੰਗ ਕਰ ਰਹੇ ਹਨ ਪਰ ਕਾਂਗਰਸ ਨੇ ਇਸ ਨੂੰ ਕਦੇ ਨਹੀਂ ਦਿੱਤਾ। ਫਿਰ ਲੋਕਾਂ ਨੇ 2014 'ਚ ਮੋਦੀ ਜੀ ਨੂੰ ਪ੍ਰਧਾਨ ਮੰਤਰੀ ਚੁਣਿਆ ਅਤੇ 2015 ਤੱਕ ਉਨ੍ਹਾਂ ਨੇ ਇਸ ਹਕੀਕਤ ਬਣਾ ਦਿੱਤਾ। ਅਸੀਂ ਅਗਨੀਵੀਰ ਯੋਜਨਾ ਸ਼ੁਰੂ ਕੀਤੀ ਪਰ ਕਾਂਗਰਸ, ਖਾਸ ਕਰ ਕੇ ਰਾਹੁਲ ਗਾਂਧੀ ਇਸ ਦਾ ਸਿਆਸੀਕਰਨ ਕਰ ਰਹੇ ਹਨ। ਜਦੋਂ ਮੈਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜੀ ਨੂੰ ਕਿਹਾ ਕਿ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਅਤੇ ਦੇਸ਼ ਭਰ ਦੀ ਪੁਲਸ ਨੇ ਅਗਨੀਵੀਰਾਂ ਨੂੰ 20 ਫੀਸਦੀ ਰਾਖਵਾਂਕਰਨ ਦਿੱਤਾ ਹੈ ਤਾਂ ਮੈਂ ਪੁੱਛਿਆ ਕਿ ਉਹ ਵੱਖ ਤੋਂ ਕੀ ਕਰਨਗੇ। ਉਨ੍ਹਾਂ ਕਿਹਾ ਕਿ ਉਹ ਹਰਿਆਣਾ ਦੇ ਸਾਰੇ ਅਗਨੀਵੀਰਾਂ ਨੂੰ ਸਰਕਾਰੀ ਨੌਕਰੀ ਦੇਣਗੇ।" ਸ਼ਾਹ ਨੇ ਅੱਗੇ ਕਿਹਾ,"ਹੁੱਡਾ ਅਤੇ ਉਨ੍ਹਾਂ ਦੇ ਸਾਥੀ, ਜਿਨ੍ਹਾਂ ਦਾ ਇਕਮਾਤਰ ਧਿਆਨ ਝੂਠ ਫੈਲਾਉਣਾ ਹੈ, ਉਨ੍ਹਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਮੈਂ ਜੋ ਵਾਅਦਾ ਕਰਦਾ ਹਾਂ, ਉਸ ਨੂੰ ਪੂਰਾ ਕਰਦਾ ਹਾਂ ਅਤੇ ਮੋਦੀ ਜੀ ਜੋ ਵਾਅਦਾ ਕਰਦੇ ਹਨ, ਉਸ ਨੂੰ ਪੂਰਾ ਕਰਦੇ ਹਨ। ਕੋਈ ਵੀ ਅਗਨੀਵੀਰ ਬੇਰੁਜਗਾਰ ਨਹੀਂ ਰਹੇਗਾ-ਇਹ ਭਾਜਪਾ ਦੀ ਗਾਰੰਟੀ ਹੈ। ਫੌਜ ਨੂੰ ਮਜਬੂਤ ਕਰਨਾ ਮੋਦੀ ਜੀ ਦਾ ਕੰਮ ਹੈ।" ਸ਼ਾਹ ਨੇ ਕਿਹਾ,"ਕਸ਼ਮੀਰ 'ਚ ਚੋਣਾਂ ਹਨ ਅਤੇ ਰਾਹੁਲ ਗਾਂਧੀ ਉੱਥੇ ਜਾ ਕੇ ਉਮਰ ਅਬਦੁੱਲਾ ਨਾਲ ਗਠਜੋੜ ਕਰ ਚੁੱਕੇ ਹਨ। ਉਨ੍ਹਾਂ ਦਾ ਏਜੰਡਾ ਚੋਣਾਂ ਤੋਂ ਬਾਅਦ ਸਾਰੇ ਅੱਤਵਾਦੀਆਂ ਨੂੰ ਰਿਹਾਅ ਕਰਨਾ ਅਤੇ ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਕਰਨਾ ਹੈ। ਜਦੋਂ ਤੱਕ ਭਾਜਪਾ ਸੱਤਾ 'ਚ ਹੈ

## ਇੰਜੀਨੀਅਰ ਰਾਸ਼ਿਦ ਨੂੰ ਰਿਮੋਟ ਨਾਲ ਕੀਤਾ ਜਾ ਰਿਹੈ ਕੰਟਰੋਲ : ਉਮਰ ਅਬਦੁੱਲਾ

ਸ਼੍ਰੀਨਗਰ 17 ਸਤੰਬਰ। ਨੈਸ਼ਨਲ ਕਾਨਫਰੰਸ (ਨੈਕਾਂ) ਦੇ ਉੱਪ ਪ੍ਰਧਾਨ ਉਮਰ ਅਬਦੁੱਲਾ ਨੇ ਦੋਸ਼ ਲਗਾਇਆ ਕਿ ਸੰਸਦ ਮੈਂਬਰ ਅਬਦੁੱਲਾ ਰਾਸ਼ਿਦ ਸ਼ੇਖ (ਇੰਜੀਨੀਅਰ ਰਾਸ਼ਿਦ) ਦੇ ਤਾਰ ਕਿਤੇ ਹੋਰ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਉੱਥੋਂ ਸਿਗਨਲ ਮਿਲਦਾ ਹੈ। ਅਬਦੁੱਲਾ ਨੇ ਇਹ ਗੱਲ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦੇ ਕਈ ਮੈਂਬਰਾਂ ਨੂੰ ਆਜਾਦ ਉਮੀਦਵਾਰ ਵਜੋਂ ਮੈਦਾਨ 'ਚ ਉਤਾਰਨ ਅਤੇ ਸ਼ੇਖ ਦੀ ਅਵਾਮੀ ਇਤੇਹਾਦ ਪਾਰਟੀ (ਏ.ਆਈ.ਪੀ.) ਵਲੋਂ ਜੰਮੂ ਕਸ਼ਮੀਰ 'ਚ



ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਰਣਨੀਤਕ ਗਠਜੋੜ ਕੀਤੇ ਜਾਣ ਦੇ ਇਕ ਦਿਨ ਬਾਅਦ ਕਹੀ। ਉਨ੍ਹਾਂ ਨੇ ਸ਼ੇਖ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਨੇ ਨੈਕਾਂ ਨੂੰ ਨਿਸ਼ਾਨਾ ਬਣਾਉਣ ਲਈ ਉਮੀਦਵਾਰ ਉਤਾਰੇ ਹਨ। ਸਾਬਕਾ ਮੁੱਖ ਮੰਤਰੀ ਨੇ ਸੋਮਵਾਰ ਨੂੰ ਦੱਖਣ ਕਸ਼ਮੀਰ ਦੇ ਪੁਲਵਾਮਾ 'ਚ ਕਿਹਾ,"ਉਨ੍ਹਾਂ ਦੇ ਤਾਰ ਕਿਤੇ ਹੋਰ ਜੁੜੇ ਹਨ। ਉਨ੍ਹਾਂ ਨੂੰ ਕਿਤੇ ਹੋਰ ਤੋਂ ਸੰਕੇਤ ਮਿਲਦੇ ਹਨ। ਉਹ ਉਸੇ ਇਸ਼ਾਰੇ 'ਤੇ ਨੱਚਦੇ ਹਨ। ਇਹ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਨੈਸ਼ਨਲ ਕਾਨਫਰੰਸ ਨੂੰ ਨਿਸ਼ਾਨਾ ਬਣਾਉਣ ਲਈ ਮੈਦਾਨ 'ਚ ਉਤਾਰਿਆ ਗਿਆ ਹੈ। ਕੋਈ ਸਮੱਸਿਆ ਨਹੀਂ ਹੈ, ਅਸੀਂ ਇਸ ਦਾ ਸਾਹਮਣਾ ਕਰ ਸਕਦੇ ਹਨ।" ਅਬਦੁੱਲਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਵੀ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਕੋਲ ਕਸ਼ਮੀਰੀਆਂ ਨੂੰ ਦੇਣ ਲਈ ਕੁਝ ਨਹੀਂ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਕਸ਼ਮੀਰ ਦੀਆਂ ਪਾਰਟੀਆਂ 'ਚ ਵੰਸ਼ਵਾਦ ਬਾਰੇ ਹਮੇਸ਼ਾ ਚੁੱਕੇ ਜਾਣ ਵਾਲੇ ਸਵਾਲਾਂ ਨੂੰ ਵੀ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ,"ਉਨ੍ਹਾਂ ਕੋਲ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਵੇਚਣ ਲਈ ਹੁਣ ਕੁਝ ਨਹੀਂ ਬਚਿਆ ਹੈ।" ਉਨ੍ਹਾਂ ਨੇ ਦੋਸ਼ ਲਗਾਇਆ ਕਿ ਕੇਂਦਰ ਨੇ ਪਿਛਲੇ 5 ਸਾਲਾਂ ਦੌਰਾਨ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਕੁਝ ਵੀ ਨਹੀਂ ਦਿੱਤਾ ਹੈ ਅਤੇ ਉਨ੍ਹਾਂ ਕੋਲ ਵੰਸ਼ਵਾਦ ਦੇ ਸ਼ਾਸਨ ਤੋਂ ਇਲਾਵਾ ਕਹਿਣ ਲਈ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ,"ਜੇਕਰ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਕੁਝ ਵੀ ਦਿੱਤਾ ਹੁੰਦਾ ਤਾਂ ਉਹ ਆਪਣਾ ਰਿਪੋਰਟ ਕਾਰਡ ਜਾਰੀ ਕਰਦੇ।"

# ਬੇਖੌਫ ਲੁਟੇਰਿਆਂ ਨੇ ਨੌਜਵਾਨ ਦੀ ਕੁੱਟਮਾਰ ਕਰਕੇ ਖੋਹੀ ਨਕਦੀ ਤੇ ਮੋਬਾਇਲ

ਸੁਲਤਾਨਪੁਰ ਲੋਧੀ 18 ਸਤੰਬਰ। ਇਤਿਹਾਸਕ ਨਗਰ ਸੁਲਤਾਨਪੁਰ ਲੋਧੀ ਵਿਖੇ ਬੇਖੌਫ ਕਾਰ ਸਵਾਰ 5 ਲੁਟੇਰਿਆਂ ਵੱਲੋਂ ਬੀਤੀ ਸ਼ਾਮ ਇਕ ਨੌਜਵਾਨ ਦੀ ਕੁੱਟਮਾਰ ਕਰਕੇ ਨਕਦੀ ਅਤੇ ਮੋਬਾਇਲ ਖੋਹ ਲਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ 12 ਸਤੰਬਰ ਦੀ ਰਾਤ ਪੌਣੇ ਕੁ 8 ਵਜੇ ਕਾਰ ਸਵਾਰ 5 ਲੁਟੇਰਿਆਂ ਵੱਲੋਂ ਨੌਜਵਾਨ ਰੋਹਿਤ ਕੁਮਾਰ ਪੁੱਤਰ ਓਮ ਪ੍ਰਕਾਸ ਵਾਸੀ ਜੈਲਦਾਰ ਕਾਲੋਨੀ, ਪਿੰਡ ਡੇਰਾ ਸੈਯਦਾ ਕੋਲੋਂ ਮੋਬਾਇਲ ਅਤੇ ਪੈਸੇ ਖੋਹ ਲਏ ਅਤੇ ਧਮਕੀਆਂ ਦਿੰਦੇ ਫਰਾਰ ਹੋ ਗਏ। ਬਹੁਤ ਹੀ ਡਰੇ ਹੋਏ ਰੋਹਿਤ ਕੁਮਾਰ ਨੇ ਦੱਸਿਆ ਕਿ ਉਹ ਪਿੰਡ ਡੇਰਾ ਸੈਦਾ ਤੋਂ ਰਾਤ ਪੌਣੇ 8 ਵਜੇ ਘਰੇਲੂ ਸਾਮਾਨ ਲੈਣ ਲਈ ਸ਼ਹਿਰ ਗਿਆ ਸੀ ਅਤੇ ਸਹਿਰ ਤੋਂ ਵਾਪਸ ਜਦੋਂ ਉਹ ਗੁਰਦੁਆਰਾ ਸ੍ਰੀ ਬੇਰ ਸਾਹਿਬ ,ਗੁਰਦੁਆਰਾ ਸ੍ਰੀ ਹੱਟ ਸਾਹਿਬ ਤੋਂ ਹੁੰਦੇ ਹੋਏ ਮੋਟਰਸਾਈਕਲ 'ਤੇ ਆਪਣੇ ਪਿੰਡ ਨੂੰ ਵਾਪਸ ਜਾ ਰਿਹਾ ਸੀ। ਇਸ ਦੌਰਾਨ ਕਰੀਬ 6 ਕਾਰ ਸਵਾਰ ਨੌਜਵਾਨ ਸਵਿੱਫਟ ਕਾਰ ਵਿੱਚ ਸਵਾਰ ਹੋ ਕੇ ਆਏ ਅਤੇ ਉਹ ਉਸ ਦਾ ਪਿੱਛਾ ਕਰਨ ਲੱਗ ਗਏ। ਜਦੋਂ ਉਹ ਅੰਡਰ ਰੇਲਵੇ ਪੁੱਲ ਡੱਲਾ ਰੋਡ ਨੇੜੇ ਪਹੁੰਚੇ ਤਾਂ ਉਨ੍ਹਾਂ ਨੇ ਮੋਟਰਸਾਈਕਲ ਵਿਚ ਕਾਰ ਮਾਰ ਕੇ ਰੋਕ ਲਿਆ ਅਤੇ ਉਸ ਦੇ ਪੁੱਠਾ ਕਰਕੇ ਟਕੂਆ ਮਾਰਿਆ ਅਤੇ ਉਸ ਦੇ ਕੋਲੋਂ ਮੋਬਾਇਲ ਅਤੇ ਕੁਝ ਪੈਸੇ ਜੋ ਜੇਬ ਸਨ, ਲੈ ਕੇ ਫਰਾਰ ਹੋ ਗਏ। ਨੌਜਵਾਨ ਦਹਿਸਤ ਕਾਰਨ ਕਾਫੀ ਡਰਿਆ ਹੋਇਆ ਸੀ । ਦੱਸਣਯੋਗ ਹੈ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਵਿਚ ਰੋਜਾਨਾ ਵੱਡੀ ਗਿਣਤੀ ਸੰਗਤਾਂ ਗੁਰੂਧਾਮਾਂ ਦੇ ਦਰਸਨ ਕਰਨ ਲਈ




ਦੇਰ ਸਵੇਰ ਹੁੰਦੀਆਂ ਰਹਿੰਦੀਆਂ ਹਨ ਪਰ ਲੁਟੇਰਿਆਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਬੇਖੌਫ ਹੋ ਕੇ ਦਿਨ-ਦਿਹਾੜੇ ਅਤੇ ਰਾਤ ਨੂੰ ਕਾਰਾਂ ਅਤੇ ਸਵਾਰ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਰਾਹੀਗਰਾਂ ਨੂੰ ਲੁੱਟਦੇ ਹਨ। ਇਸ ਘਟਨਾ ਦੀ ਨਿੰਦਾ ਕਰਦੇ ਹੋਏ ਕਾਮਰੇਡ ਬਲਦੇਵ ਸਿੰਘ ਨੇ ਕਿਹਾ ਹੈ ਕਿ ਪੁਲਸ ਨੂੰ ਗਲਤ ਅਨਸਰਾਂ ਖਿ?ਲਾਫ ਸਹਿਰ ਦੇ ਆਲੇ-ਦੁਆਲੇ ਗਸ਼ਤ ਵਿਚ ਵਾਧਾ ਕਰਨਾ ਚਾਹੀਦਾ ਹੈ ਅਤੇ ਵੱਖ-ਵੱਖ ਪੁਆਇੰਟਾਂ 'ਤੇ ਚੈਕਿੰਗ ਹੋਣੀ ਚਾਹੀਦੀ ਹੈ ਤਾਂ ਜੋ ਲੁਟੇਰਿਆਂ ਨੂੰ ਨੱਥ ਪਾਈ ਜਾ ਸਕੇ। ਬਹੁਜਨ ਸਮਾਜ ਪਾਰਟੀ (ਅੰਬੇਡਕਰ ) ਦੇ ਸੀਨੀਅਰ ਨੇਤਾ ਬਲਵੰਤ ਸਿੰਘ ਸੁਲਤਾਨਪੁਰੀ ਨੇ ਕਿਹਾ ਹੈ ਕਿ ਨਸ਼ੇੜੀ ਗਿਰੋਹ ਅਤੇ ਲੁਟੇਰੇ ਜਨਤਾ ਦੀ ਲੁੱਟ ਕਰਕੇ ਨਿਕਲ ਜਾਂਦੇ ਹਨ। ਉਨ੍ਹਾਂ ਪੁਲਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਪਾਸੇ ਵੀ ਧਿਆਨ ਦਿੱਤਾ ਜਾਵੇ। ਦੂਜੇ ਪਾਸੇ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਕੋਈ ਵੀ ਲੁਟੇਰਾ ਗਿਰੋਹ ਬਖਸ਼ਿਆ ਨਹੀਂ ਜਾਵੇਗਾ।

## 40 ਗ੍ਰਾਮ ਹੈਰੋਇਨ ਤੇ 3 ਲੱਖ ਡਰੱਗ ਮਨੀ ਸਮੇਤ ਇਕ ਗ੍ਰਿਫਤਾਰ

ਮੋਗਾ 18 ਸਤੰਬਰ। ਮੋਗਾ ਪੁਲਸ ਵੱਲੋਂ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਥਾਣਾ ਚੜਿੱਕ ਪੁਲਸ ਵੱਲੋਂ ਇਕ ਵਿਅਕਤੀ ਨੂੰ ਕਾਬੂ ਕਰ ਕੇ ਉਸ ਤੋਂ ਹੈਰੋਇਨ ਅਤੇ ਲੱਖਾਂ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਜਦ ਥਾਣਾ ਚੜਿੱਕ ਦੇ ਇੰਚਾਰਜ ਜਗਕ ਰਾਜ ਦੀ ਅਗਵਾਈ ਵਿਚ ਸਹਾਇਕ ਥਾਣੇਦਾਰ ਸਰਤਾਜ ਸਿੰਘ, ਹੌਲਦਾਰ ਜਗਜੀਤ ਸਿੰਘ, ਹੌਲਦਾਰ ਅਮਨਦੀਪ ਸਿੰਘ ਇਲਾਕੇ ਵਿਚ ਗਸ਼ਤ ਕਰਦੇ ਹੋਏ ਪਿੰਡ ਮੰਡੀਰਾਂਵਾਲਾ ਕੋਲ ਜਾ ਰਹੇ ਸੀ। ਇਸ ਦੌਰਾਨ ਸ਼ੱਕ ਦੇ ਆਧਾਰ 'ਤੇ ਨਾਕਾਬੰਦੀ ਦੌਰਾਨ ਸਿਮਰਨਜੀਤ ਸਿੰਘ ਨਿਵਾਸੀ ਪਿੰਡ ਕਾਲੇਕੇ ਨੂੰ ਰੋਕਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ 40 ਗ੍ਰਾਮ ਹੈਰੋਇਨ ਦੇ ਇਲਾਵਾ 3 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ, ਜਿਸ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਜਿਸ ਨੂੰ ਪੁੱਛਗਿੱਛ ਦੇ ਬਾਅਦ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## 12 ਲੱਖ ਦਾ ਕਰਜਾ ਚੁੱਕ ਕੇ ਸ਼ੁਰੂ ਕੀਤਾ ਕਾਰੋਬਾਰ ਪਰ ਕਿਸਮਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ

ਮੱਲਾਂਵਾਲਾ 18 ਸਤੰਬਰ। ਮੱਲਾਂਵਾਲਾ ਦੇ ਮੇਨ ਚੌਂਕ ਦੇ ਨੇੜੇ ਇਕ ਰੈਡੀਮੇਡ ਕੱਪੜਿਆਂ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਦੁਕਾਨ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਮਨਜੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਪਿੰਡ ਕਾਮਲ ਵਾਲਾ ਤਕਰੀਬਨ 12 ਲੱਖ ਦਾ ਕਰਜਾ ਲੈ ਕੇ ਕੰਮ ਸੁਰੂ ਕੀਤਾ ਪਰ ਬੀਤੀ ਅਚਾਨਕ ਰਾਤ 8:15 ਵਜੇ ਦੁਕਾਨ ਨੂੰ ਅੱਗ ਲੱਗ ਗਈ, ਜਿਸ ਕਾਰਨ ਸਾਰਾ ਦੁਕਾਨ ਸੜ ਕੇ ਸੁਆਹ ਹੋ ਗਿਆ ਜਦੋਂ ਆਸ ਪਾਸ ਦੇ ਦੁਕਾਨ ਵਾਲਿਆਂ ਨੇ ਦੁਕਾਨ ਵਿੱਚੋਂ ਧੂੰਆਂ ਨਿਕਲਦਾ ਦੇਖਿਆ ਤਾਂ ਉਨ੍ਹਾਂ ਨੇ



ਦੁਕਾਨ ਦੇ ਤਾਲੇ ਤੋੜ ਕੇ ਸਟਰ ਚੁੱਕਿਆ ਤਾਂ ਅੰਦਰ ਬਹੁਤ ਭਿਆਨਕ ਅੱਗ ਲੱਗੀ ਹੋਈ ਸੀ। ਇਸ 'ਤੇ ਆਸ ਪਾਸ ਦੇ ਘਰਾਂ ਅਤੇ ਦੁਕਾਨ ਵਾਲਿਆਂ ਨੇ ਵੱਡੀ ਮੁਸੱਕਤ ਕਰਕੇ ਅੱਗ 'ਤੇ ਕਾਬੂ ਪਾਇਆ ਪਰ ਉਦੋਂ ਤੱਕ ਦੁਕਾਨ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਚੁੱਕਾ ਸੀ। ਰਾਤ 8:45 ਵਜੇ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਆਈ ਤੇ ਉਨ੍ਹਾਂ ਨੇ ਰਹਿੰਦੀ ਖੂੰਹਦੀ ਅੱਗ ਬੁਝਾਈ। ਅਜੇ ਤੱਕ ਦੁਕਾਨ ਨੂੰ ਅੱਗ ਲੱਗਣ ਦਾ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ ਹੈ।

## ਚੋਰਾਂ ਨੇ ਘਰ ਨੂੰ ਬਣਾਇਆ ਨਿਸ਼ਾਨਾ, ਗਹਿਣੇ ਅਤੇ ਨਕਦੀ ਚੋਰੀ

ਅੰਮ੍ਰਿਤਸਰ 18 ਸਤੰਬਰ। ਪ੍ਰੀਤ ਐਵੇਨਿਊ ਫਤਿਹਗੜ੍ਹ ਚੂੜੀਆ ਰੋਡ ਵਿਖੇ ਸਥਿਤ ਇਕ ਘਰ ਨੂੰ ਅਣਪਛਾਤੇ ਚੋਰਾਂ ਨੇ ਨਿਸ਼ਾਨਾਂ ਬਣਾਉਦਿਆਂ ਵੱਡੀ ਗਿਣਤੀ ਵਿਚ ਗਹਿਣੇ ਅਤੇ ਲੱਖਾਂ ਦੀ ਨਕਦੀ ਚੋਰੀ ਕਰ ਲਈ। ਇਸ ਸਬੰਧੀ ਥਾਣਾ ਸਦਰ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਅਰੁਣ ਕੁਮਾਰ ਪੁੱਤਰ ਪ੍ਰਦੀਪ ਕੁਮਾਰ ਵਾਸੀ ਪ੍ਰੀਤ ਐਵੇਨਿਊ ਫਤਿਹਗੜ੍ਹ ਚੂੜੀਆਂ ਰੋਡ ਨੇ ਦੱਸਿਆ ਕਿ ਬੀਤੀ ਦਿਨ ਉਸ ਦੀ ਪਤਨੀ ਨਵਦੀਪ ਕੌਰ ਦੇ ਘਰ ਦੇ ਮੇਨ ਗੇਟ ਨੂੰ ਤਾਲਾ ਲੱਗਾ ਕੇ ਕੰਮ ਕਾਰ ਵਾਸਤੇ ਬਾਜਾਰ ਅਤੇ ਬੱਚਿਆਂ ਨੂੰ ਸਕੂਲ ਤੋਂ ਲੈਣ ਲਈ ਗਈ ਸੀ, ਜਦ ਉਹ ਘਰ ਵਾਪਸ ਆਈ ਤਾਂ ਘਰ




ਦਾ ਮੇਨ ਗੇਟ ਅਤੇ ਘਰ ਦੇ ਅੰਦਰਲੇ ਦਰਵਾਜੇ ਖੁੱਲ੍ਹੇ ਹੋਏ ਸੀ ਅਤੇ ਸਾਰਾ ਸਾਮਾਨ ਖਿਲਰਿਆ ਹੋਇਆ ਸੀ। ਕਮਰੇ ਵਿਚ ਪਈ ਲੋਹੇ ਦੀ ਅਲਮਾਰੀ ਦਾ ਲਾਕ ਟੁੱਟਾ ਹੋਇਆ ਸੀ, ਜਿਸ ਨੇ ਘਰ ਦਾ ਸਾਰਾ ਸਾਮਾਨ ਖਿਲਰਿਆ ਦੇਖ ਕੇ ਉਸ ਦੀ ਪਤਨੀ ਨੇ ਉਸ ਨੂੰ ਫੋਨ ਕੀਤਾ ਕਿ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਅਤੇ ਘਰ ਵਿਚ ਚੋਰੀ ਹੋ ਗਈ ਹੈ, ਜਦੋਂ ਉਹ ਘਰ ਆਇਆ ਤਾਂ ਦੇਖਿਆ ਕਿ ਅਲਮਾਰੀ ਵਿਚੋਂ 9 ਮੁੰਦਰੀਆਂ ਸੋਨਾ, 6 ਲੇਡੀਸ ਮੁੰਦਰੀਆਂ ਸੋਨਾ, 4 ਝੁੰਮਕੇ ਦੀ ਜੋੜੀਆਂ ਸੋਨਾ, 2 ਚੈਨਾ ਸੋਨਾ, 3 ਮੁੰਦਰੀਆਂ ਸੋਨਾ ਬੱਚਿਆਂ ਦੀਆਂ, 5 ਜੋੜੀਆਂ ਚਾਂਦੀ ਦੀਆਂ ਬੱਚਿਆਂ ਦੇ ਹੱਥਾ ਵਿੱਚ ਪਾਉਣ ਵਾਲੇ ਕੜੇ ਅਤੇ 5 ਜੋੜੀਆਂ ਚਾਂਦੀ ਦੀਆਂ ਬੱਚਿਆਂ ਦੇ ਪੈਰਾ ਵਿਚ ਪਾਉਣ ਵਾਲੇ ਕੜੇ ਅਤੇ ਇਕ ਲੱਖ 70 ਹਜਾਰ ਰੁਪਏ ਕੈਸ਼ ਕੋਈ ਅਣਪਛਾਤੇ ਵਿਅਕਤੀ ਚੋਰੀ ਕਰ ਕੇ ਲੈ ਗਏ ਸਨ। ਪੁਲਸ ਵਲੋਂ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 750 ਲਿਟਰ ਲਾਹਣ ਤੇ 200 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ/ਘੁਮਾਣ 18 ਸਤੰਬਰ। ਐਕਸਾਈਜ ਵਿਭਾਗ, ਆਰਕੇ ਇੰਟਰਪ੍ਰਾਈਜਜ ਤੇ ਪੁਲਸ ਦੀ ਸਾਂਝੀ ਰੇਡ ਟੀਮ ਵੱਲੋਂ ਬਿਆਸ ਦਰਿਆ ਦੇ ਪਿੰਡਾਂ 'ਚ ਰੇਡ ਦੌਰਾਨ ਸਰਾਬ ਦੀ ਭੱਠੀ ਸਮੇਤ 750 ਲਿਟਰ ਲਾਹਣ ਤੇ 200 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਆਰ.ਕੇ. ਇੰਟਰਪ੍ਰਾਈਜਜ ਦੇ ਜੀ.ਐੱਮ. ਗੁਰਪ੍ਰੀਤ ਗੋਪੀ ਉੱਪਲ ਅਤੇ ਐਕਸਾਈਜ ਇੰਸਪੈਕਟਰ ਪੰਕਜ ਸਰਮਾ ਨੇ ਦੱਸਿਆ ਕਿ ਰੇਡ ਪਾਰਟੀ



ਟੀਮ ਵਲੋਂ ਬਿਆਸ ਦਰਿਆ 'ਚ ਪਿੰਡਾਂ ਤਲਵਾੜਾ, ਬਹਾਦੁਰਪੁਰ, ਬੁੱਢਾ ਬਾਲਾ, ਮੌਜਪੁਰ, ਰਜੋਆ, ਭੇਟ ਪਤਨ, ਮਾੜੀ ਬੁੱਚੀਆਂ, ਕਠਾਣਾ 'ਚ ਤਲਾਸੀ ਅਭਿਆਨ ਤੇਜੀ ਨਾਲ ਚਲਾਇਆ ਜਾ ਰਿਹਾ ਸੀ। ਕਿਸੇ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪਿੰਡ ਮਾੜੀ ਪੰਨਵਾਂ ਨੇੜੇ ਦਰਿਆ ਕੰਢੇ ਬਰੇਤੇ 'ਚ ਕੁਝ ਲੋਕਾਂ ਵਲੋਂ ਸਰਾਬ ਲੁਕਾ ਕੇ ਰੱਖੀ ਹੋਈ ਹੈ। ਜਦੋਂ ਰੇਡ ਪਾਰਟੀ ਟੀਮ ਮੌਕੇ 'ਤੇ ਪਹੁੰਚੀ ਤੇ ਤਲਾਸੀ ਦੌਰਾਨ 3 ਤਰਪਾਲਾਂ, 1 ਪਲਾਸਟਿਕ ਡਰੰਮੀ, 2 ਪਲਾਸਟਿਕ ਬਾਲਟੀ, 1 ਲੋਹੇ ਦਾ ਡਰੰਮ 'ਚ 750 ਲਿਟਰ ਲਾਹਣ ਤੇ 2 ਪਲਾਸਟਿਕ ਕੇਨੀਆਂ 'ਚ 200 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਫੜੀ ਗਈ ਲਾਹਣ ਤੇ ਨਾਜਾਇਜ ਸਰਾਬ ਨੂੰ ਬਾਅਦ 'ਚ ਐਕਸਾਈਜ ਵਿਭਾਗ ਵੱਲੋਂ ਨਸਟ ਕੀਤਾ ਗਿਆ। ਇਸ ਮੌਕੇ ਦਲਜੀਤ, ਹਰਜੀਤ, ਬਲਜੀਤ, ਮਾਸਟਰ, ਅਜੇ ਸਿੰਘ, ਅਮਰਜੀਤ ਖੰਡੋ, ਮੇਵਾ, ਅਮਰ, ਰਾਜਬੀਰ, ਗੋਲਡੀ ਆਦਿ ਹਾਜਰ ਸਨ।

## ਸਾਂਝੀ ਰੇਡ ਦੌਰਾਨ ਫਤਹਿਗੜ੍ਹ ਚੂੜੀਆਂ ਦੇ ਪਿੰਡਾਂ ਤੋਂ 100 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ 18 ਸਤੰਬਰ। ਐਕਸਾਈਜ ਵਿਭਾਗ ਤੇ ਆਰਕੇ ਇੰਟਰਪ੍ਰਾਈਜਜ ਵੱਲੋਂ ਸਾਂਝੀ ਰੇਡ ਦੌਰਾਨ ਸਰਕਲ ਫਤਹਿਗੜ੍ਹ ਚੂੜੀਆਂ ਦੇ ਪਿੰਡਾਂ 'ਚੋਂ ਛਾਪੇਮਾਰੀ ਦੌਰਾਨ 100 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਮਿਲੀਆਂ ਹਦਾਇਤਾਂ ਦੇ ਮੱਦੇਨਜਰ ਰੇਡ ਪਾਰਟੀ ਟੀਮ ਵਲੋਂ ਸਰਕਲ ਦੇ ਪਿੰਡਾਂ ਸੁਨਈਆ, ਮੂਲਿਆਂਵਾਲ, ਹਸਨਪੁਰ, ਸੱਕਰੀ, ਮਰੜ, ਸਰਵਾਲੀ, ਰਾਜੂਵਾਲ, ਵੜੈਚ 'ਚ ਸਰਚ ਅਭਿਆਨ ਤੇਜ ਕੀਤਾ ਹੋਇਆ ਸੀ। ਇਸੇ ਦੌਰਾਨ ਕਿਸੇ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪਿੰਡ ਸੱਕਰੀ ਦੀ ਡਰੇਨ ਕੰਡੇ ਝਾੜੀਆਂ 'ਚ ਕਿਸੇ ਵਲੋਂ ਸਰਾਬ ਲੁਕਾ ਕੇ ਰੱਖੀ ਹੋਈ ਹੈ। ਰੇਡ ਪਾਰਟੀ ਟੀਮ ਨੇ ਮੌਕੇ 'ਤੇ ਜਾ ਕੇ 2 ਕੇਨੀਆਂ, 1 ਸਿਲਵਰ ਬਾਲਟਾ, 1 ਸਿਲਵਰ ਕੰਟੇਨਰ, 1 ਪਲਾਸਟਿਕ ਦੀ ਕੇਨੀ ਤੇ 1 ਪਲਾਸਟਿਕ ਬਾਲਟੀ 'ਚ 100 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ । ਨਾਜਾਇਜ ਸਰਾਬ ਨੂੰ ਬਾਅਦ 'ਚ ਐਕਸਾਈਜ ਵਿਭਾਗ ਵੱਲੋਂ ਨਸਟ ਕੀਤਾ ਗਿਆ। ਇਸ ਮੌਕੇ ਕਾਲਾ, ਕਾਕਾ, ਰਾਜਬੀਰ, ਹੈਪੀ, ਮੰਗਾ, ਪੱਪੂ, ਅਮਰਜੀਤ ਖੰਡੋ, ਸੱਤਾ, ਭੋਲਾ ਆਦਿ ਹਾਜਰ ਸਨ।

## ਜੇ ਤੁਸੀਂ ਵੀ ਆਪਣੇ ਬੱਚੇ ਨੂੰ ਦਿੰਦੇ ਹੋ ਫਰੂਟੀ ਤਾਂ ਸਾਵਧਾਨ, ਹੋਸ਼ ਉਡਾਵੇਗੀ ਇਹ ਘਟਨਾ

ਗੁਰਦਾਸਪੁਰ 18 ਸਤੰਬਰ। ਜ਼ਿ?ਲ੍ਹਾ ਗੁਰਦਾਸਪੁਰ ਦੇ ਕਸਬਾ ਫਤਿਹਗੜ੍ਹ ਚੂੜੀਆਂ ਦੇ ਰਹਿਣ ਵਾਲੇ ਅਮਿਤ ਭੰਡਾਰੀ ਨਾਮ ਦੇ ਵਿਅਕਤੀ ਵੱਲੋਂ ਆਪਣੇ ਬੱਚੇ ਦੇ ਪੀਣ ਲਈ ਦੁਕਾਨ ਤੋਂ ਬੰਦ ਪੈਕੇਟ ਫਰੂਟੀ ਲਿਆਂਦੀ ਗਈ। ਜਦ ਬੱਚੇ ਨੇ ਅੱਧੀ ਫਰੂਟੀ ਪੀ ਲਈ ਤਾਂ ਉਸ ਨੂੰ ਖਰਾਬ ਮਹਿਸੂਸ ਕਾਰਨ ਉਲਟੀਆਂ ਸ਼ੁਰੂ ਹੋ ਗਈਆਂ। ਇਸ ਦੌਰਾਨ ਬੱਚੇ ਨੇ ਆਪਣੇ ਪਿਤਾ ਨੂੰ ਦੱਸਿਆ ਤਾਂ ਉਨ੍ਹਾਂ ਨੇ ਜਦ ਫਰੂਟੀ ਦੇ ਡੱਬੇ ਨੂੰ ਖੋਲ੍ਹਿਆ ਤਾਂ ਪਰਿਵਾਰ ਦੇ ਹੋਸ਼ ਉੱਡ ਗਏ। ਦਰਅਸਲ ਫਰੂਟੀ 'ਚ ਕੁਝ ਕਾਲਾ ਕਾਲਾ ਜਾਲਾ ਜੰਮਿਆ ਹੋਇਆ ਸੀ ਅਤੇ ਬੱਚੇ ਦੇ ਪੀਣ ਤੋਂ ਬਾਅਦ ਉਸ ਨੂੰ ਉਲਟੀਆਂ ਸ਼ੁਰੂ ਹੋ ਗਈਆਂ ਅਤੇ ਇਸ 'ਤੇ ਅਮਿਤ ਭੰਡਾਰੀ ਨੇ ਸਾਰੇ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਜਦ ਵੀ ਉਹ ਦੁਕਾਨ ਤੋਂ ਇਸ ਤਰ੍ਹਾਂ ਦੇ ਬੰਦ ਪੈਕੇਟ ਜੂਸ ਆਦਿ ਖਰੀਦਨ ਤਾਂ ਉਸਦਾ ਧਿਆਨ ਜਰੂਰ ਰੱਖਣ ਤਾਂ ਜੋ ਉਨ੍ਹਾਂ ਦੀ ਸਿਹਤ ਨਾਲ ਕੋਈ ਖਿਲਵਾੜ ਨਾ ਹੋ ਸਕੇ। ਇਸ ਸੰਬੰਧੀ ਅਮਿਤ ਭੰਡਾਰੀ ਵੱਲੋਂ ਸ਼ਕਾਇਤ ਵੀ ਦਰਜ ਕਰਵਾਈ ਗਈ ਹੈ।

## ਢੋਲ-ਢਮੱਕਿਆਂ ਵਿਚਾਲੇ ਮੱਚ ਗਿਆ ਚੀਕ-ਚਿਹਾੜਾ ! ਪੈ ਗਈਆਂ ਭਾਜੜਾਂ

ਲੁਧਿਆਣਾ 18 ਸਤੰਬਰ। ਸਤਲੁਜ ਦਰਿਆ 'ਤੇ ਇੰਨ੍ਹੀਂ ਦਿਨੀਂ ਗਣਪਤੀ ਵਿਸਰਜਨ ਦੀ ਧੂਮ ਹੈ ਤੇ ਦਰਿਆ ਕੰਢੇ ਸ਼ਰਧਾਲੂਆਂ ਦੀਆਂ ਰੌਣਕਾਂ ਲੱਗੀਆਂ ਹੋਈਆਂ ਹਨ, ਪਰ ਬੀਤੀ ਰਾਤ ਇਸ ਵਿਚਾਲੇ ਵਾਪਰੇ ਹਾਦਸੇ ਮਗਰੋਂ ਚੀਕ-ਚਿਹਾੜਾ ਮੱਚ ਗਿਆ। ਮੂਰਤੀ ਵਿਸਰਜਨ ਕਰਨ ਆਏ ਵਿਅਕਤੀ ਦੀ ਦਰਿਆ ਵਿਚ ਡੁੱਬਣ ਕਾਰਨ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਥਾਣੇਦਾਰ ਜੀਵਨ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਨੂੰ ਲੁਧਿਆਣਾ ਦੇ ਕਿਲਾ ਮੁਹੱਲਾ ਦੇ ਰਹਿਣ ਵਾਲੇ ਕੁਝ ਲੋਕ ਗਣਪਤੀ ਜੀ ਦੀ ਮੂਰਤੀ ਵਿਸਰਜਨ ਕਰਨ ਲਈ ਸਤਲੁਜ ਦਰਿਆ 'ਤੇ ਆਏ ਸਨ। ਮੂਰਤੀ ਵਿਸਰਜਨ ਦੌਰਾਨ ਜਦੋਂ ਕੁਝ ਲੋਕ ਪਾਣੀ ਵਿਚ ਗਏ ਤਾਂ ਉਨ੍ਹਾਂ ਵਿਚੋਂ ਇਕ ਡੂੰਘੇ ਪਾਣੀ ਵਿਚ ਡੁੱਬ



ਗਿਆ। ਇਸ ਮਗਰੋਂ ਪੁਲਸ ਨੇ ਗੋਤਾਖੋਰਾਂ ਦੀ ਟੀਮ ਨੂੰ ਸੂਚਿਤ ਕੀਤਾ। ਰਾਤ ਦੇ ਹਨੇਰੇ ਵਿਚ ਉਸ ਨੂੰ ਨਹੀਂ ਲੱਭਿਆ ਜਾ ਸਕਿਆ। ਅੱਜ ਸਵੇਰੇ ਮੁੜ ਉਸ ਦੀ ਭਾਲ ਸ਼ੁਰੂ ਕੀਤੀ ਗਈ ਤੇ ਸਵੇਰੇ ਗੋਤਾਖੋਰ ਰਿੰਕੂ ਮਹਿਰਾ ਦੀ ਟੀਮ ਨੂੰ ਨੌਜਵਾਨ ਦੀ ਲਾਸ਼ ਪਾਣੀ ਵਿਚੋਂ ਮਿਲੀ। ਮ੍ਰਿਤਕ ਦੀ ਪਛਾਣ 27 ਸਾਲਾ ਹਰਸ਼ ਮਹਿਰਾ ਪੁੱਤਰ ਸੰਜੀਵ ਕੁਮਾਰ ਵਾਸੀ ਕਿਲਾ ਮੁਹੱਲਾ ਹੋਈ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜੇ ਵਿਚ ਲੈ ਕੇ ਸਿਵਲ ਹਸਪਤਾਲ ਲਿਜਾਇਆ ਜਾ ਰਿਹਾ ਹੈ, ਜਿੱਥੇ ਪੋਸਟਮਾਰਟਮ ਮਗਰੋਂ ਲਾਸ਼ ਵਾਰਿਸਾਂ ਦੇ ਹਵਾਲੇ ਕੀਤੀ ਜਾਵੇਗੀ। ਫ਼ਿ?ਲਹਾਲ ਪੁਲਸ ਨੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਵਾਸੀ ਧਿਆਨ ਦਿਓ ! ਛੇਤੀ ਕਰ ਲਓ ਇਹ ਕੰਮ ਨਹੀਂ ਤਾਂ ਪੈ ਸਕਦੈ ਪਛਤਾਉਣਾ

ਅੰਮ੍ਰਿਤਸਰ 18 ਸਤੰਬਰ। ਭਾਰਤ ਸਰਕਾਰ ਵੱਲੋਂ ਸਮੂਹ ਰਾਸ਼ਨ ਕਾਰਡ ਧਾਰਕਾਂ ਨੂੰ - ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਅਜਿਹਾ ਨਾ ਕਰਵਾਉਣ ਵਾਲੇ ਲਾਭਪਾਤਰੀਆਂ ਦੇ ਨਾਂ ਰਾਸ਼ਨ ਕਾਰਡ ਵਿਚੋਂ ਕੱਟ ਦਿੱਤੇ ਜਾਣਗੇ ਤੇ ਉਨ੍ਹਾਂ ਨੂੰ ਸਰਕਾਰੀ ਰਾਸ਼ਨ ਮਿਲਣਾ ਬੰਦ ਹੋ ਜਾਵੇਗਾ। ਫੂਡ ਐਂਡ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰ ਆਕਾਸ ਭਾਟੀਆ ਨੇ ਸਮੂਹ ਸਰਕਾਰੀ ਰਾਸਨ ਕਾਰਡ ਲਾਭਪਾਤਰੀਆਂ ਨੂੰ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਜਿਸ ਵਿਅਕਤੀ ਦਾ ਵੀ ਸਰਕਾਰੀ ਰਾਸਨ ਕਾਰਡ ਬਣਿਆ ਹੋਇਆ ਹੈ, ਉਹ ਆਪਣੇ ਸਮੂਹ ਪਰਿਵਾਰਿਕ ਮੈਂਬਰ ਜਿਨ੍ਹਾਂ ਦੇ ਰਾਸਨ ਕਾਰਡ ਵਿਚ ਨਾਂ ਹਨ। ਉਹ ਆਪਣੇ ਨੇੜਲੇ ਡੀਪੂ ਹੋਲਡਰ ਕੋਲ ਜਾ ਕੇ ਆਪਣੀ - ਕਰਵਾ ਸਕਦੇ ਹਨ। ਉਹਨਾਂ ਨੇ ਕਿਹਾ ਕਿ ਜੇਕਰ ਕੋਈ ਲਾਭਪਾਤਰੀ ਪੰਜਾਬ ਦੇ ਕਿਸੇ ਹੋਰ ਜ਼ਿ?ਲ੍ਹੇ ਜਾਂ ਕਿਸੇ ਬਾਹਰਲੀ ਸਟੇਟ ਵਿਚ ਕੰਮ-ਕਾਰ ਕਰਦਾ ਹੈ ਤਾ ਉਹ ਆਪਣਾ ਉਸ ਇਲਾਕੇ ਦੇ ਨੇੜੇ ਦੇ ਡੀਪੂ ਹੋਲਡਰ ਕੋਲ ਜਾ ਕੇ - ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਬਜੁਰਗਾਂ ਅਤੇ ਬੱਚਿਆਂ ਦੇ ਮਸੀਨ ਵਿਚ ਅੰਗੂਠੇ ਨਹੀਂ ਲੱਗਦੇ ਹਨ, ਉਹ ਆਪਣੇ



ਨਜਦੀਕੀ ਸੁਵਿਧਾ ਸੈਂਟਰ ਵਿਖੇ ਜਾ ਕੇ ਆਪਣਾ ਅਧਾਰ ਕਾਰਡ ਅਪਡੇਟ ਕਰਵਾ ਕੇ - ਕਰਵਾ ਲੈਣ ਤਾਂ ਜੋ ਭਵਿੱਖ ਵਿਚ ਰਾਸਨ ਲੈਣ ਸਮੇਂ ਕੋਈ ਪਰੇਸਾਨੀ ਨਾ ਆ ਸਕੇ। ਉਨ੍ਹਾਂ ਨੇ ਕਿਹਾ ਕਿ ਈ. ਕੇ. ਵਾਈ. ਸੀ. ਨਾਂ ਕਰਵਾਉਣ ਵਾਲੇ ਵਿਅਕਤੀ ਦਾ ਨਾਮ ਰਾਸ਼ਨ ਕਾਰਡ 'ਚੋਂ ਕੱਟ ਦਿੱਤਾ ਜਾਵੇਗਾ ਅਤੇ ਨਾਲ ਹੀ ਉਸ ਦਾ ਰਾਸ਼ਨ ਵੀ ਬੰਦ ਹੋ ਜਾਵੇਗਾ। ਇਸ ਮੌਕੇ ਡੀਪੂ ਹੋਲਡਰ ਪਰਦੀਪ ਖੋਸਲਾ, ਸੁਧੀਰ ਦੇਵਗਨ , ਸੁਧੀਰ ਕਪਾਈ, ਰਵਿੰਦਰ ਮਿੰਟਾ ਹਾਜਰ ਸਨ।

## ਚੰਡੀਗੜ੍ਹ ਗ੍ਰਨੇਡ ਹਮਲੇ ਵਿਚ ਵੱਡਾ ਖੁਲਾਸਾ

ਚੰਡੀਗੜ੍ਹ/ਅੰਮ੍ਰਿਤਸਰ 18 ਸਤੰਬਰ। ਪੰਜਾਬ ਪੁਲਸ ਨੇ ਕੇਂਦਰੀ ਏਜੰਸੀ ਨਾਲ ਸਾਂਝੀ ਕਾਰਵਾਈ ਕਰਦਿਆਂ ਚੰਡੀਗੜ੍ਹ ਗ੍ਰਨੇਡ ਧਮਾਕੇ ਦੇ ਮੁੱਖ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਾਂਜੀ ਕੀਤੀ ਹੈ। ਡੀ. ਜੀ. ਪੀ. ਨੇ ਆਖਿਆ ਹੈ ਕਿ ਰੋਹਨ ਮਸੀਹ ਵਾਸੀ ਪਿੰਡ ਪਾਸੀਆ, ਥਾਣਾ ਰਾਮਦਾਸ, ਅੰਮ੍ਰਿਤਸਰ ਦਿਹਾਤੀ ਨੂੰ ਗ੍ਰਿਫਤਾਰ ਕਰਕੇ ਹੋਏ ਬਾਕੀ ਮੁਲਜਮਾਂ ਦੀ ਸਨਾਖਤ ਨਾਲ ਇਸ ਮਾਮਲੇ ਨੂੰ ਸੁਲਝਾ ਲਿਆ ਗਿਆ ਹੈ। ਪੁਲਸ ਨੇ ਮੁਲਜਮ ਦੇ ਕਬਜੇ ਵਿਚੋਂ ਇਕ 9 ਐੱਮਐੱਮ ਗਲਾਕ ਪਿਸਤੌਲ ਬਰਾਮਦ ਕੀਤੀ ਹੈ। ਇਸ ਸਾਰੀ ਸਾਜ਼ਿ?ਸ ਦਾ ਪਰਦਾਫਾਸ ਕਰਨ ਲਈ ਅਗਲੇਰੀ ਜਾਂਚ ਚੰਡੀਗੜ੍ਹ ਪੁਲਸ ਨਾਲ ਮਿਲ ਕੇ ਕੀਤੀ ਜਾ ਰਹੀ ਹੈ। ਡੀ. ਜੀ. ਪੀ. ਨੇ ਕਿਹਾ ਕਿ ਮੁਲਜਮ ਫਿਲਹਾਲ ਸਟੇਟ ਸਪੈਸਲ ਆਪ੍ਰੇਸਨ ਸੈੱਲ () ਅੰਮ੍ਰਿਤਸਰ ਦੀ ਹਿਰਾਸਤ ਵਿਚ ਹੈ। ਮੁੱਢਲੇ ਖੁਲਾਸੇ ਵਿਚ ਇਹ ਸਾਹਮਣੇ ਆਇਆ ਹੈ ਕਿ ਰੋਹਨ ਨੇ 11.09.2024 ਨੂੰ ਚੰਡੀਗੜ੍ਹ ਵਿਚ ਹੋਏ ਗ੍ਰਨੇਡ ਧਮਾਕੇ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਨੂੰ ਉਸ ਨੇ ਸਵੀਕਾਰ ਕਰ ਲਿਆ ਹੈ।

## ਖਤਰਨਾਕ ਗੈਂਗਸਟਰਾਂ ਦੇ ਸੰਪਰਕ ਵਾਲੇ 7 ਬਦਮਾਸ਼ ਗ੍ਰਿਫਤਾਰ, ਪੁਲਸ ਮੁਲਾਜਮ ਵੀ ਸ਼ਾਮਲ

ਜਲੰਧਰ 18 ਸਤੰਬਰ। ਪੰਜਾਬ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਕ੍ਰਿਮੀਨਲ ਗੈਂਗ ਦੇ 7 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਲੰਧਰ ਦਿਹਾਤੀ ਪੁਲਸ ਨੇ ਏ-ਕੈਟਾਗਿਰੀ ਕ੍ਰਿਮੀਨਲ ਗੈਂਗ ਦੇ 7 ਗੁਰਗਿਆਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜਮਾਂ ਵਿਚ ਇਕ ਪੁਲਸ ਮੁਲਾਜਮ ਵੀ ਸ਼ਾਮਲ ਹੈ। ਪੁਲਸ ਮੁਲਾਜਮ 'ਤੇ ਉਕਤ ਦੋਸ਼ੀਆਂ ਨੂੰ ਕ੍ਰਾਈਮ ਕਰਨ ਤੋਂ ਬਾਅਦ ਮਦਦ ਕਰਨ ਦੇ ਦੋਸ਼ ਲੱਗੇ ਹਨ। ਦੋਸ਼ੀਆਂ ਕੋਲੋਂ ਪੁਲਸ ਨੇ ਹਥਿਆਰ, ਲਗਜਰੀ ਗੱਡੀਆਂ ਅਤੇ ਨਸ਼ਾ ਬਰਾਮਦ ਕੀਤਾ ਹੈ। ਸਾਰੇ ਦੋਸ਼ੀ ਕਿਸੇ ਏ-ਕੈਟਾਗਿਰੀ ਗੈਂਗਸਟਰ ਦੇ ਸੰਪਰਕ ਵਿਚ ਸਨ। ਗ੍ਰਿਫਤਾਰ 7 ਗੁਰਗਿਆਂ ਵਿਚ ਸਰਗਨਾ ਅੰਕੁਸ਼ ਸਭਰਵਾਲ ਵੀ ਸ਼ਾਮਲ ਹੈ, ਜਿਸ ਤੋਂ ਯੂ. ਐੱਸ. ਏ. ਸੰਗਠਿਤ ਅਪਰਾਧੀ ਗੋਲਡੀ ਬਰਾੜ, ਵਿਕਰਮ ਬਰਾੜ ਅਤੇ ਰਵੀ ਬਲਾਚੋਰੀਆ ਦੇ ਸੰਬੰਧਾਂ ਦਾ



ਖੁਲਾਸਾ ਹੋਇਆ ਹੈ। ਜਲਦੀ ਹੀ ਇਸ ਨੂੰ ਲੈ ਕੇ ਜਲੰਧਰ ਦਿਹਾਤੀ ਪੁਲਸ ਦੇ ਐੱਸ. ਐੱਸ. ਪੀ. ਹਰਕਮਲਪ੍ਰੀਤ ਸਿੰਘ ਖੱਖ ਪ੍ਰੈੱਸ ਵਾਰਤਾ ਕਰਕੇ ਜਾਣਕਾਰੀ ਸਾਂਝੀ ਕਰਨਗੇ। ਸੂਤਰਾਂ ਮੁਤਾਬਕ ਗ੍ਰਿਫਤਾਰ ਕੀਤਾ ਗਿਆ ਪੁਲਸ ਮੁਲਾਜਮ ਨਕੋਦਰ ਦਾ ਦੱਸਿਆ ਜਾ ਰਿਹਾ ਹੈ, ਜੋ ਸਾਰੇ ਗੈਂਗਸਟਰਾਂ ਨੂੰ ਲਾਜਿਸਟਿਕ ਸਪੋਰਟ ਦਿੰਦਾ ਸੀ। ਜਾਂਚ ਵਿਚ ਪੁਲਸ ਮੁਲਾਜਮ ਦੇ ਸ਼ਾਮਲ ਹੋਣ ਦੀ ਜਾਣਕਾਰੀ ਪਾਈ ਗਈ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜਮਾਂ ਕੋਲੋਂ 4 ਗੈਰ-ਕਾਨੂੰਨੀ ਪਿਸਤੌਲਾਂ, 7 ਜ਼ਿ?ਦਾ ਕਾਰਤੂਸ, 1000 ਅਲਪਰਾਜੋਲਮ ਗੋਲੀਆਂ ਅਤੇ ਇਕ ਲਗਜਰੀ ਕਾਰ ਬਰਾਮਦ ਕੀਤੀ ਗਈ ਹੈ।

## ਹਵਾਲਾਤ 'ਚੋਂ ਭੱਜਣ ਦੀ ਕੋਸ਼ਿਸ਼ 'ਚ ਕਸੂਤਾ ਫੱਸਿਆ ਮੁਲਜਮ ! ਚੁਗਾਠ 'ਚੋਂ ਲਾਹ ਰਿਹਾ ਸੀ ਸਿਮੰਟ

ਭਵਾਨੀਗੜ੍ਹ 18 ਸਤੰਬਰ। ਥਾਣਾ ਭਵਾਨੀਗੜ੍ਹ 'ਚ ਬੰਦ ਇਕ ਹਵਾਲਾਤੀ ਭੱਜਣ ਦੀ ਕੋਸ?ਿਸ ਵਿਚ ਸੀ ਪਰੰਤੂ ਪੁਲਸ ਦੀ ਚੌਕਸੀ ਕਾਰਨ ਉਹ ਸਫਲ ਨਹੀਂ ਹੋ ਸਕਿਆ। ਮਾਮਲੇ ਸਬੰਧੀ ਥਾਣੇ ਦੇ ਏ.ਐੱਸ.ਆਈ. ਦੇ ਬਿਆਨਾਂ 'ਤੇ ਪੁਲਸ ਨੇ ਮੁਲਜਮ ਖਿ?ਲਾਫ ਕੇਸ ਦਰਜ ਕਰਕੇ ਕਾਰਵਾਈ ਸੂਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਭਵਾਨੀਗੜ੍ਹ ਥਾਣੇ ਦੇ ਏ.ਐੱਸ.ਆਈ ਰਣਜੀਤ ਸਿੰਘ ਨੇ ਬਿਆਨਾਂ ਵਿੱਚ ਦੱਸਿਆ ਕਿ ਉਹ



ਬੀਤੀ 12 ਸਤੰਬਰ ਨੂੰ ਨਾਈਟ ਮੁਨਸ਼ੀ ਸੀ। ਇੱਕ ਮਾਮਲੇ ਵਿੱਚ ਮੁਲਜਮ ਸੋਨੀ ਸਿੰਘ ਉਰਫ ਜੌਹਰੀ ਵਾਸੀ ਪਿੰਡ ਬਾਸੀਅਰਖ ਪੁਲਸ ਰਿਮਾਂਡ ਦੇ ਤਹਿਤ ਥਾਣੇ ਦੀ ਹਵਾਲਾਤ 'ਚ ਬੰਦ ਸੀ। ਇਸ ਦੌਰਾਨ ਜਦੋਂ ਹੋਮਗਾਰਡ ਜਰਨੈਲ ਸਿੰਘ ਥਾਣੇ ਦੀ ਹਵਾਲਾਤ ਵੱਲ ਗੇੜਾ ਮਾਰਨ ਗਿਆ ਤਾਂ ਦੇਖਿਆ ਕਿ ਹਵਾਲਾਤੀ ਸੋਨੀ ਸਿੰਘ ਨੇ ਹਵਾਲਾਤ 'ਚੋਂ ਭੱਜਣ ਦੀ ਕੋਸ਼ਿਸ਼ ਕਰਦਿਆਂ ਹਵਾਲਾਤ ਦੀ ਲੋਹੇ ਦੀ ਚੁਗਾਠ ਤੇ ਹਵਾਲਾਤ ਦੇ ਲਾਕਰ ਦੀ ਦੀਵਾਰ ਦੇ ਅੰਦਰ-ਬਾਹਰੋਂ ਸੀਮਿੰਟ ਲਾਹ ਰੱਖਿਆ ਸੀ। ਮਾਮਲੇ ਸਬੰਧੀ ਪੁਲਸ ਨੇ ਉਕਤ ਸੋਨੀ ਸਿੰਘ ਖਿ?ਲਾਫ ਮਾਮਲਾ ਦਰਜ ਕਰਕੇ ਕਾਰਵਾਈ ਸੂਰੂ ਕਰ ਦਿੱਤੀ ਹੈ।

## ਖੂਨ ਹੋਇਆ ਚਿੱਟਾ, ਕਲਯੁੱਗੀ ਪੁੱਤ ਨੇ ਪਿਓ ਨੂੰ ਬੇਰਹਿਮੀ ਨਾਲ ਉੱਤਾਰਿਆ ਮੌਤ ਦੇ ਘਾਟ

ਲਹਿਰਾਗਾਗਾ 18 ਸਤੰਬਰ। ਪਿਛਲੇ ਦਿਨੀਂ ਹਲਕਾ ਲਹਿਰਾ ਦੇ ਪਿੰਡ ਭੁਟਾਲ ਕਲਾਂ ਦੇ ਇੱਕ ਵਿਅਕਤੀ ਦੇ ਗੁੰਮ ਹੋਣ ਸਬੰਧੀ ਸੋਸਲ ਮੀਡੀਆ 'ਤੇ ਵਾਇਰਲ ਪੋਸਟ ਤੋਂ ਬਾਅਦ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਜਿਸ ਨੇ ਸਭ ਦੇ ਰੋਂਗਟੇ ਖੜ੍ਹੇ ਕਰ ਦਿੱਤੇ। ਦਰਅਸਲ ਲਾਪਤਾ ਮ੍ਰਿਤਕ ਪਾਏ ਗਏ ਵਿਅਕਤੀ ਭੂਰਾ ਸਿੰਘ ਦੀ ਲਾਸ ਭਾਖੜਾ ਨਹਿਰ ਵਿੱਚੋਂ ਬਰਾਮਦ ਹੋਈ। ਜਿਸ ਤੋਂ ਬਾਅਦ ਉਸਦੇ ਭਰਾ ਮੇਜਰ ਸਿੰਘ ਪੁੱਤਰ ਕਿਰਪਾਲ ਸਿੰਘ ਨੇ ਪੁਲਸ ਨੂੰ ਲਿਖਤੀ ਬਿਆਨ 'ਚ ਦੱਸਿਆ ਕਿ ਮੇਰੇ ਭਰਾ ਮ੍ਰਿਤਕ ਭੂਰਾ ਸਿੰਘ ਦੇ ਦੋ ਬੱਚੇ ਵੱਡੀ ਕੁੜੀ ਹਰਜਿੰਦਰ ਕੌਰ ਅਤੇ ਛੋਟਾ ਮੁੰਡਾ ਤਰਸੇਮ ਸਿੰਘ ਹਨ, ਜੋ ਦੋਵੇਂ ਵਿਆਹੁਤਾ ਹਨ। ਉਨ੍ਹਾਂ ਦੱਸਿਆ ਕਿ ਭੂਰਾ ਸਿੰਘ ਦੇ ਪਰਿਵਾਰ ਦਾ ਆਪਸੀ ਝਗੜਾ ਚੱਲਦਾ ਰਹਿੰਦਾ ਸੀ ਅਤੇ ਕਈ ਵਾਰੀ ਸਮਝੌਤਾ ਵੀ ਹੋਇਆ। ਪਿਛਲੇ ਦਿਨੀਂ ਘਰ 'ਚ ਝਗੜਾ ਹੋਣ ਤੋਂ ਬਾਅਦ ਮੈਨੂੰ ਮੇਰੇ ਭਰਾ ਭੂਰਾ ਸਿੰਘ ਨੇ ਦੱਸਿਆ ਕਿ ਮੇਰਾ ਪਰਿਵਾਰ ਸਮੇਤ ਮੇਰੇ ਮੁੰਡੇ ਤਰਸੇਮ ਸਿੰਘ ਦਾ ਸਹੁਰਾ ਪਰਿਵਾਰ ਰਲ ਕੇ ਮੈਨੂੰ ਮਾਰ ਸਕਦੇ ਹਨ। ਉਸ ਦਿਨ ਤੋਂ ਹੀ ਮੇਰਾ ਭਰਾ ਭੂਰਾ ਸਿੰਘ ਉਕਤ ਆਪਣੇ ਘਰੋਂ ਲਾਪਤਾ ਸੀ, ਜਿਸ ਦੀ ਲਾਸ ਪਿਛਲੇ ਦਿਨੀਂ ਟੋਹਾਣਾ ਨਹਿਰ ਵਿੱਚੋਂ ਮਿਲੀ ਹੈ, ਮੇਰੇ ਭਰਾ ਦੇ ਸਰੀਰ 'ਤੇ ਕੁੱਟ ਮਾਰ ਦੇ ਨਿਸਾਨ ਸਨ, ਜਿਸ ਦੀ ਸਨਾਖਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਭੂਰਾ ਸਿੰਘ ਨੂੰ ਉਸ ਦੇ ਮੁੰਡੇ ਤਰਸੇਮ ਸਿੰਘ ਉਰਫ ਸੇਮੀ, ਇਸ ਦੀ ਲੜਕੀ ਹਰਜਿੰਦਰ ਕੌਰ, ਘਰਵਾਲੀ ਸਿੰਦਰ ਕੌਰ, ਨੂੰਹ ਬੇਅੰਤ ਕੌਰ ਨਿਵਾਸੀ ਭੁਟਾਲ ਕਲਾਂ ਜ਼ਿ?ਲ੍ਹਾ ਸੰਗਰੂਰ ਅਤੇ ਤਰਸੇਮ ਸਿੰਘ ਸੇਮੀ ਦੀ ਸੱਸ ਪਾਲੋ ਕੌਰ ਅਤੇ ਸੋਹਰਾ ਪਾਲ ਸਿੰਘ ਵਾਸੀਅਨ ਹਰਿਆਊ ਜ਼ਿ?ਲ੍ਹਾ ਪਟਿਆਲਾ ਨੇ ਰਾਏ ਮਾਮਸਵਰ ਨੇ ਮਾਰ ਦੇਣ ਦੀ ਨੀਅਤ ਨਾਲ ਮਾਰੂ ਹਥਿਆਰਾਂ ਨਾਲ ਕੁੱਟਮਾਰ



ਕਰਕੇ ਹੱਥ ਪੈਰ ਬੰਨ੍ਹ ਭੂਰਾ ਸਿੰਘ ਨੂੰ ਨਹਿਰ 'ਚ ਸੁੱਟਿਆ ਸੀ। ਇਸ ਤੋਂ ਬਾਅਦ ਭੂਰਾ ਸਿੰਘ ਦੀ ਸਾਡੇ ਵੱਲੋਂ ਤਲਾਸ਼ ਜਾਰੀ ਸੀ ਜਿਸ ਤੋਂ ਲਾਸ ਭਾਖੜਾ ਨਹਿਰ 'ਚ ਤੈਰਦੀ ਹੋਈ ਟੋਹਾਣਾ ਵਿਖੇ ਮਿਲੀ ਹੈ। ਪੁਲਸ ਨੇ ਮ੍ਰਿਤਕ ਭੂਰਾ ਸਿੰਘ ਦੇ ਭਰਾ ਮੇਜਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਦੋਸੀਆਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ।

## ਐਕਟਿਵਾ 'ਚ ਰੱਖਿਆ 6 ਲੱਖ ਰੁਪਿਆ ਸਣੇ ਐਕਟਿਵਾ ਲੈ ਗਿਆ ਚੋਰ

ਮੋਗਾ 18 ਸਤੰਬਰ। ਮੋਗਾ ਦੇ ਲਾਲ ਸਿੰਘ ਰੋਡ 'ਤੇ ਦਿਨ-ਦਿਹਾੜੇ ਇਕ ਦੁਕਾਨ ਦੇ ਬਾਹਰ ਖੜ੍ਹੀ ਐਕਟਿਵਾ ਵਿਚ ਰੱਖੇ 6 ਲੱਖ ਰੁਪਏ ਦੀ ਨਕਦੀ ਅਤੇ ਐਕਟਿਵਾ ਲੈ ਕੇ ਚੋਰ ਰਫੂ ਚੱਕਰ ਹੋ ਗਿਆ। ਚੋਰੀ ਦੀ ਸਾਰੀ ਘਟਨਾ ਉਥੇ 'ਤੇ ਲੱਗੇ ਸੀ. ਸੀ. ਟੀ. ਵੀ. 'ਚ ਕੈਦ ਹੋ ਗਈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਇਸ ਮਾਮਲੇ ਸਬੰਧੀ ਐਕਟਿਵਾ ਦੇ ਮਾਲਕ ਰਾਜਨ ਗੋਇਲ ਨੇ ਦੱਸਿਆ ਕਿ ਮੋਗਾ ਦੇ ਲਾਲ ਸਿੰਘ ਰੋਡ 'ਤੇ ਉਸਦਾ ਇਕ ਚਿਪਸ ਅਤੇ ਕੁਰਕੁਰੇ ਦਾ ਗੋਦਾਮ ਬਣਾਇਆ ਹੋਇਆ ਹੈ ਅਤੇ 12 ਤਾਰੀਖ ਨੂੰ ਸਵੇਰੇ 11 ਵਜੇ ਦੇ ਕਰੀਬ ਬੈਂਕ ਜਾਣ ਲਈ 6 ਲੱਖ ਰੁਪਏ ਐਕਟਿਵਾ ਵਿਚ ਰੱਖ ਕੇ ਕਿਸੇ ਕੰਮ ਲਈ ਗੋਦਾਮ ਦੇ ਅੰਦਰ ਚਲਾ ਗਿਆ। ਇਸ ਦੌਰਾਨ ਜਦੋਂ ਉਸ ਨੇ ਬਾਹਰ ਆ ਕੇ ਦੇਖਿਆ ਤਾਂ ਉਸ ਦੀ ਐਕਟਿਵਾ ਬਾਹਰ ਨਹੀਂ ਸੀ। ਉਥੇ ਲੱਗੇ ਸੀਸੀਟੀਵੀ ਤੋਂ ਪਤਾ ਲੱਗਾ ਕਿ ਇਕ ਵਿਅਕਤੀ ਪੈਦਲ ਆਇਆ ਅਤੇ ਐਕਟਿਵਾ ਲੈ ਕੇ ਫਰਾਰ ਹੋ ਗਿਆ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਚੰਡੀਗੜ੍ਹ ਗ੍ਰਨੇਡ ਧਮਾਕੇ ਨਾਲ ਜੁੜੀ ਵੱਡੀ ਖਬਰ, ਦੂਜੇ ਦੋਸ਼ੀ ਨੂੰ ਵੀ ਕੀਤਾ ਗਿਆ ਗ੍ਰਿਫਤਾਰ

ਚੰਡੀਗੜ੍ਹ 18 ਸਤੰਬਰ। ਚੰਡੀਗੜ੍ਹ 'ਚ ਗ੍ਰਨੇਡ ਹਮਲੇ 'ਚ ਸ਼ਾਮਲ ਦੂਜੇ ਦੋਸ਼ੀ ਨੂੰ ਵੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਵਿਸ਼ਾਲ ਮਸੀਹ ਪੁੱਤਰ ਸਾਬੀ ਮਸੀਹ ਪਿੰਡ ਰਾਇਮਲ ਨੇੜੇ ਧਿਆਨਪੁਰ, ਬਟਾਲਾ, ਗੁਰਦਾਸਪੁਰ ਵਜੋਂ ਹੋਈ ਹੈ, ਜਿਸ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ।



ਇਸ ਬਾਰੇ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਟਵੀਟ ਕਰਦਿਆਂ ਕਿਹਾ ਕਿ ਚੰਡੀਗੜ੍ਹ ਗ੍ਰਨੇਡ ਧਮਾਕੇ ਦੇ 72 ਘੰਟਿਆਂ ਅੰਦਰ ਪੰਜਾਬ ਪੁਲਸ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਧਮਾਕੇ ਦੇ ਦੂਜੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਦੱਸਣਯੋਗ ਹੈ ਕਿ 11 ਸਤੰਬਰ ਨੂੰ 2 ਸ਼ੱਕੀਆਂ ਨੇ ਸੈਕਟਰ-10 ਚੰਡੀਗੜ੍ਹ 'ਚ ਗ੍ਰਨੇਡ ਧਮਾਕਾ ਕੀਤਾ ਸੀ। ਪੰਜਾਬ ਪੁਲਸ ਨੇ ਤੇਜੀ ਨਾਲ ਕਾਰਵਾਈ ਕਰਦੇ ਹੋਏ 13 ਸਤੰਬਰ ਨੂੰ ਇਕ ਦੋਸ਼ੀ ਰੋਹਨ ਮਸੀਹ ਨੂੰ ਕਾਬੂ ਕਰ ਲਿਆ ਸੀ। ਵੱਖ-ਵੱਖ ਸਰੋਤਾਂ ਤੋਂ ਮਿਲੇ ਸੁਰਾਗਾਂ ਦੇ ਆਧਾਰ 'ਤੇ ਦੂਜੇ ਦੋਸ਼ੀ ਵਿਸ਼ਾਲ ਨੂੰ ਵੀ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਡੀ. ਜੀ. ਪੀ. ਨੇ ਕਿਹਾ ਕਿ ਸਾਰੀ ਸਾਜਿਸ਼ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਜਿਲਾ ਸੰਗਰੂਰ 'ਚ 16 ਮੁਕੱਦਮੇ ਦਰਜ

ਸੰਗਰੂਰ, 18 ਸਤੰਬਰ। ਪੰਜਾਬ ਅਤੇ ਹਰਿਆਣਾ ਸਟੇਟ 'ਚ ਕੋਰੀਅਰ ਕੰਪਨੀਆਂ ਦੇ ਸਟੋਰਾਂ 'ਤੇ ਸ਼ਟਰ ਤੋੜ ਕੇ ਲੱਖਾਂ ਰੁਪਏ ਦੀ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰ ਕੇ ਗਿਰੋਹ ਦੇ ਸਰਗਨੇ ਸਮੇਤ 3 ਵਿਆਕਤੀਆਂ ਨੂੰ ਕਾਬੂ ਕਰ ਕੇ ਚੋਰੀ ਕਰਨ ਸਮੇਂ ਵਰਤਿਆ ਪਲਸਰ ਮੋਟਰਸਾਈਕਲ, ਸਟਰ ਤੋੜਨ ਵਾਲੇ ਔਜਾਰ ਅਤੇ ਚੋਰੀਸ਼ੁਦਾ 01 ਲੱਖ ਰੁਪਏ ਬਰਾਮਦ ਕਰਵਾਏ ਗਏ। ਸਿਵਲ ਹਸਪਤਾਲ ਸੰਗਰੂਰ ਵਿਖੇ ਹੋਈ ਇਰਾਦਾ ਕਤਲ ਦੀ ਵਾਰਦਾਤ ਨੂੰ 12 ਘੰਟਿਆਂ ਅੰਦਰ ਟਰੇਸ ਕਰ ਕੇ 6 ਵਿਆਕਤੀਆਂ ਨੂੰ ਕਾਬੂ ਕੀਤਾ ਗਿਆ। ਐੱਸ. ਐੱਸ. ਪੀ. ਚਾਹਲ ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿ਼ਲਾ ਪੁਲਸ ਸੰਗਰੂਰ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਡਰੱਗ ਦੇ 8 ਮੁਕੱਦਮੇ ਦਰਜ ਕਰ ਕੇ 08 ਵਿਅਕਤੀ ਕਾਬੂ ਕਰ ਕੇ 26 ਗ੍ਰਾਮ ਹੈਰੋਇਨ, 04 ਕਿਲੋ ਚੂਰਾ ਪੋਸਤ ਅਤੇ 500 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਕੀਤੀਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 8 ਮੁਕੱਦਮੇ ਦਰਜ ਕਰ ਕੇ 06 ਵਿਆਕਤੀਆਂ ਨੂੰ ਕਾਬੂ ਕਰ ਕੇ 94.500 ਲਿਟਰ ਸ਼ਰਾਬ ਠੇਕਾ ਦੇਸੀ, 175.500 ਲਿਟਰ ਸ਼ਰਾਬ ਨਾਜਾਇਜ ਅਤੇ 100



ਲਿਟਰ ਲਾਹਣ ਬਰਾਮਦ ਕਰਵਾਇਆ ਗਿਆ। ਇਸ ਤੋਂ ਇਲਾਵਾ ਇਸ ਅਰਸੇ ਦੌਰਾਨ ਪੰਜਾਬ ਅਤੇ ਹਰਿਆਣਾ ਸਟੇਟ 'ਚ ਕੋਰੀਅਰ ਕੰਪਨੀਆਂ ਦੇ ਸਟੋਰਾਂ 'ਤੇ ਸ਼ਟਰ ਤੋੜ ਕੇ ਲੱਖਾਂ ਰੁਪਏ ਦੀ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰ ਕੇ ਗਿਰੋਹ ਦੇ ਸਰਗਨੇ ਸਮੇਤ 3 ਵਿਆਕਤੀਆਂ ਨੂੰ ਕਾਬੂ ਕਰ ਕੇ ਚੋਰੀ ਕਰਨ ਸਮੇਂ ਵਰਤਿਆ ਪਲਸਰ ਮੋਟਰਸਾਈਕਲ, ਸਟਰ ਤੋੜਨ ਵਾਲੇ ਔਜਾਰ ਅਤੇ ਚੋਰੀਸ਼ੁਦਾ 01 ਲੱਖ ਰੁਪਏ ਬਰਾਮਦ ਕਰਵਾਏ ਗਏ ਅਤੇ ਸਿਵਲ ਹਸਪਤਾਲ ਸੰਗਰੂਰ ਵਿਖੇ ਹੋਈ ਇਰਾਦਾ ਕਤਲ ਦੀ ਵਾਰਦਾਤ ਨੂੰ 12 ਘੰਟਿਆਂ ਅੰਦਰ ਟਰੇਸ ਕਰ ਕੇ 6 ਮੁਲਜਮਾਂ ਨੂੰ ਕਾਬੂ ਕੀਤਾ ਗਿਆ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ 'ਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ ਕਰ ਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਹਫਤੇ ਵੱਖ-ਵੱਖ ਗਜਟਿਡ ਅਫਸਰਾਂ ਵੱਲੋਂ 09 ਪਿੰਡਾਂ/ਕਸਬਿਆਂ 'ਚ ਆਮ ਪਬਲਿਕ ਨਾਲ ਮੀਟਿੰਗਾਂ ਕਰ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ

## ਭੀੜ-ਭੜਾਕੇ ਵਾਲੇ ਇਲਾਕੇ 'ਚੋਂ ਕਰਦੇ ਸੀ ਵਾਹਨ ਚੋਰੀ, ਫਿਰ ਸਸਤੇ 'ਚ ਵੇਚ ਕੇ ਕਰਦੇ ਸੀ ਨਸ਼ਾ, ਪੁਲਸ ਨੇ ਕੀਤੇ ਕਾਬੂ

ਲੁਧਿਆਣਾ 18 ਸਤੰਬਰ। ਨਸ਼ਾ ਪੂਰਤੀ ਲਈ ਵਾਹਨ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਦੋਸ਼ 'ਚ ਥਾਣਾ ਦਰੇਸੀ ਦੀ ਪੁਲਸ ਨੇ 2 ਲੋਕਾਂ ਨੂੰ ਕਾਬੂ ਕੀਤਾ ਹੈ। ਪੁਲਸ ਨੇ ਵੱਖ-ਵੱਖ ਸਥਾਨਾਂ 'ਤੋਂ ਚੋਰੀ ਕੀਤੇ ਗਏ 5 ਦੋਪਹੀਆਂ ਵਾਹਨ ਬਰਾਮਦ ਕਰ ਲਏ ਹਨ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਪ੍ਰੀਤਮ ਨਗਰ ਪਾਰਕ ਦੇ ਰਹਿਣ ਵਾਲੇ ਚੰਦ ਅਤੇ ਮਹਾਵੀਰ ਐਨਕਲੇਵ ਜੱਸੀਆਂ ਰੋਡ ਦੇ ਰਹਿਣ ਵਾਲੇ ਪ੍ਰਕਾਸ਼ ਵਜੋਂ ਕੀਤੀ ਹੈ। ਏ.ਸੀ.ਪੀ. ਦਵਿੰਦਰ ਕੁਮਾਰ ਚੌਧਰੀ ਨੇ ਦੱਸਿਆ ਕਿ ਥਾਣਾ ਦਰੇਸੀ ਦੇ ਇੰਸਪੈਕਟਰ ਅਵਤਾਰ ਸਿੰਘ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਉਕਤ ਮੁਲਜ਼ਮ ਇਲਾਕੇ 'ਚ ਵਾਹਨ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਚੋਰੀ ਕੀਤੇ ਹੋਏ ਵਾਹਨਾਂ ਨੂੰ ਸਸਤੇ ਭਾਅ 'ਚ ਵੇਚ ਕੇ ਨਸ਼ਾ ਖਰੀਦਦੇ ਹਨ। ਸੂਚਨਾ ਦੇ ਆਧਾਰ 'ਤੇ ਪੁਲਸ ਟੀਮ ਨੇ ਰੇਡ ਮਾਰ ਕੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਮੁਲਜ਼ਮਾਂ ਨੇ ਸ਼ੁਰੂਆਤੀ ਜਾਂਚ ਦੌਰਾਨ ਦੱਸਿਆ ਕਿ ਉਹ ਭੀੜ-ਭੜੱਕੇ ਵਾਲੇ ਇਲਾਕੇ 'ਚੋਂ ਵਾਹਨ ਚੋਰੀ ਕਰਦੇ ਸਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਹੋਰਨਾਂ ਵਾਰਦਾਤਾਂ ਨੂੰ ਲੈ ਕੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਦੇ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਚਾਂਦ ਖਿਲਾਫ ਪਹਿਲਾਂ ਵੀ ਚੋਰੀ ਦੇ ਮਾਮਲੇ ਦਰਜ ਹਨ ਅਤੇ ਮੁਲਜ਼ਮ ਪ੍ਰਕਾਸ਼ ਅਪਰਾਧਿਕ ਮਾਮਲਿਆਂ 'ਚ ਕੋਰਟ ਵੱਲੋਂ ਭਗੌੜਾ ਐਲਾਨਿਆ ਹੈ।

# 90 ਹਜਾਰ ਤੋਂ ਪਾਰ ਪਹੁੰਚੀ ਚਾਂਦੀ, ਸੋਨੇ ਦੀ ਕੀਮਤ ਵੀ ਚੜ੍ਹੀ, ਜਾਣੋ ਅੱਜ ਕਿੰਨੇ ਰਹੇ ਭਾਅ

ਨਵੀਂ ਦਿੱਲੀ 18 ਸਤੰਬਰ। ਹਫਤੇ ਦੇ ਪਹਿਲੇ ਕਾਰੋਬਾਰੀ ਦਿਨ ਸੋਮਵਾਰ (18 ਸਤੰਬਰ) ਨੂੰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿਚ ਵਾਧਾ ਜਾਰੀ ਰਿਹਾ। ਦੋਵਾਂ ਦੀਆਂ ਫਿਊਚਰਜ ਕੀਮਤਾਂ ਅੱਜ ਤੇਜੀ ਨਾਲ ਵਧੀਆਂ ਅਤੇ ਦੋ ਮਹੀਨਿਆਂ ਦੇ ਉੱਚੇ ਪੱਧਰ 'ਤੇ ਪਹੁੰਚ ਗਈਆਂ। ਚਾਂਦੀ 90,000 ਰੁਪਏ ਦੇ ਪਾਰ ਪਹੁੰਚ ਗਈ ਹੈ। ਖਬਰ ਲਿਖੇ ਜਾਣ ਤੱਕ ਮਲਟੀ ਕਮੋਡਿਟੀ ਐਕਸਚੇਂਜ () 'ਤੇ ਸੋਨੇ ਦੀ ਭਵਿੱਖੀ ਕੀਮਤ 0.15 ਫੀਸਦੀ ਵਧ ਕੇ 73,628 ਰੁਪਏ 'ਤੇ ਹੈ ਜਦਕਿ ਚਾਂਦੀ 0.93 ਫੀਸਦੀ ਵਧ ਕੇ 90,009 ਰੁਪਏ 'ਤੇ ਹੈ। ਕੌਮਾਂਤਰੀ ਬਾਜਾਰ 'ਚ ਅੱਜ ਸੋਨੇ ਦੀਆਂ ਕੀਮਤਾਂ ਦੀ ਸ਼ੁਰੂਆਤ ਗਿਰਾਵਟ ਨਾਲ ਹੋਈ ਹੈ। ਹਾਲਾਂਕਿ ਬਾਅਦ 'ਚ ਇਸ ਦੀਆਂ ਕੀਮਤਾਂ 'ਚ ਸੁਧਾਰ ਹੋਇਆ। ਚਾਂਦੀ ਦੇ ਫਿਊਚਰਜ ਪਿਛਲੇ ਬੰਦ ਮੁੱਲ 'ਤੇ ਹੀ ਖੁੱਲ੍ਹੇ। ਕਾਮੈਕਸ 'ਤੇ ਸੋਨਾ 2,608 ਡਾਲਰ ਪ੍ਰਤੀ ਔਂਸ 'ਤੇ ਖੁੱਲ੍ਹਿਆ। ਪਿਛਲੀ ਬੰਦ ਕੀਮਤ 2,610.70 ਡਾਲਰ ਪ੍ਰਤੀ ਔਂਸ ਸੀ ਖਬਰ ਲਿਖੇ ਜਾਣ ਤੱਕ ਇਹ 2.70 ਡਾਲਰ ਦੇ ਵਾਧੇ ਨਾਲ 2,613.40 ਡਾਲਰ ਪ੍ਰਤੀ ਔਂਸ 'ਤੇ ਕਾਰੋਬਾਰ ਕਰ ਰਿਹਾ ਸੀ। ਕਾਮੈਕਸ 'ਤੇ ਚਾਂਦੀ ਦੇ ਫਿਊਚਰਜ 31.07 ਡਾਲਰ 'ਤੇ ਖੁੱਲ੍ਹੇ, ਪਿਛਲੀ ਬੰਦ ਕੀਮਤ 31.07 ਡਾਲਰ ਸੀ। ਲਿਖਣ ਦੇ ਸਮੇਂ, ਇਹ 0.25 ਡਾਲਰ ਦੇ ਵਾਧੇ ਨਾਲ



31.32 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ। ਸ਼ੁੱਕਰਵਾਰ ਨੂੰ ਰਾਸਟਰੀ ਰਾਜਧਾਨੀ 'ਚ ਸੋਨੇ ਦੀ ਕੀਮਤ 1,200 ਰੁਪਏ ਵਧ ਕੇ 75,550 ਰੁਪਏ ਪ੍ਰਤੀ 10 ਗ੍ਰਾਮ 'ਤੇ ਦੋ ਮਹੀਨਿਆਂ ਦੇ ਉੱਚ ਪੱਧਰ 'ਤੇ ਪਹੁੰਚ ਗਈ। ਇਸ ਤੋਂ ਪਹਿਲਾਂ ਵੀਰਵਾਰ ਨੂੰ ਸੋਨਾ 74,350 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ। ਅਖਿਲ ਭਾਰਤੀ ਸਰਾਫਾ ਸੰਘ ਨੇ ਕਿਹਾ ਕਿ ਚਾਂਦੀ ਦੀ ਕੀਮਤ 'ਚ ਲਗਾਤਾਰ ਚੌਥੇ ਕਾਰੋਬਾਰੀ ਸੈਸਨ 'ਚ ਵੀ ਤੇਜੀ ਰਹੀ ਅਤੇ ਇਸ ਦੀ ਕੀਮਤ 2,000 ਰੁਪਏ ਵਧ ਕੇ 89,000 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈ। ਇਸ ਵਾਧੇ ਦਾ ਕਾਰਨ ਉਦਯੋਗਿਕ ਇਕਾਈਆਂ ਅਤੇ ਸਿੱਕਾ ਨਿਰਮਾਤਾਵਾਂ ਦੁਆਰਾ ਖਰੀਦਦਾਰੀ ਵਿੱਚ ਵਾਧਾ ਸੀ। ਪਿਛਲੇ ਸੈਸਨ 'ਚ ਚਾਂਦੀ 87,000 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ। ਆਈਬੀਜੇਏ ਮੁਤਾਬਕ ਇਸ ਸਾਲ ਹੁਣ ਤੱਕ ਸੋਨੇ ਦੀ ਕੀਮਤ 9,692 ਰੁਪਏ ਵਧ ਚੁੱਕੀ ਹੈ। 1 ਜਨਵਰੀ ਨੂੰ ਸੋਨਾ 63,352 ਰੁਪਏ 'ਤੇ ਸੀ, ਜੋ ਹੁਣ 73,044 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਇਕ ਕਿਲੋ ਚਾਂਦੀ ਦੀ ਕੀਮਤ 73,395 ਰੁਪਏ ਤੋਂ ਵਧ ਕੇ 86,100 ਰੁਪਏ ਹੋ ਗਈ ਹੈ। ਵਿਘਨਹਾਰਤਾ ਗੋਲਡ ਦੇ ਚੇਅਰਮੈਨ ਮਹਿੰਦਰ ਲੂਨੀਆ ਮੁਤਾਬਕ 2030 ਤੱਕ ਸੋਨੇ ਦੀ ਕੀਮਤ 1.68 ਲੱਖ ਰੁਪਏ ਪ੍ਰਤੀ 10 ਗ੍ਰਾਮ ਤੱਕ ਪਹੁੰਚ ਸਕਦੀ ਹੈ। ਭੂ-ਰਾਜਨੀਤਿਕ ਕਾਰਕ ਸੋਨੇ ਦੀਆਂ ਕੀਮਤਾਂ ਵਿੱਚ ਵਾਧੇ ਦਾ ਕਾਰਨ ਹਨ।

## ਗੁਰਦੁਆਰਾ ਸਾਹਿਬ ਤੋਂ ਪਰਤਦਿਆਂ ਨੌਜਵਾਨਾਂ ਨਾਲ ਵਾਪਰਿਆ ਭਾਣਾ, ਦੋ ਭੈਣਾਂ ਦੇ ਇਕਲੌਤੇ ਭਰਾ ਦੀ ਦਰਦਨਾਕ ਮੌਤ

ਫਿਰੋਜਪੁਰ 18 ਸਤੰਬਰ। ਫਿਰੋਜਪੁਰ ਦੇ ਕਸਬਾ ਮਮਦੋਟ ਵਿਚ ਅੱਜ ਸਵੇਰੇ ਤੜਕੇ ਕਰੀਬ ਸਾਢੇ 4 ਵਜੇ ਨਜਦੀਕੀ ਪਿੰਡ ਤਰ੍ਹਾਂ ਵਾਲਾ ਵਿਖੇ ਭਿਆਨਕ ਹਾਦਸਾ ਵਾਪਰ ਗਿਆ। ਦਰਅਸਲ ਇਥੇ ਮੋਟਰਸਾਈਕਲ ਸਵਾਰਾਂ ਦੇ ਸਾਹਮਣੇ ਰੇਤਾ ਨਾਲ ਭਰੀ ਟਰੈਕਟਰ ਟਰਾਲੀ ਦੀ ਭਿਆਨਕ ਟੱਕਰ ਹੋ ਜਾਣ ਨਾਲ ਮੋਟਰਸਾਈਕਲ 'ਤੇ ਸਵਾਰ ਇਕ ਨੌਜਵਾਨ ਦੀ ਮੌਤ ਹੋ ਗਈ ਜਦਕਿ ਦੂਜੇ ਨੌਜਵਾਨ ਦੇ ਗੰਭੀਰ ਸੱਟਾਂ ਲੱਗੀਆਂ ਹਨ। ਜਾਣਕਾਰੀ ਮੁਤਾਬਕ ਕਰਨਦੀਪ ਸਿੰਘ ਪੁੱਤਰ ਸੁੱਖਾ ਸਿੰਘ ਆਪਣੇ ਦੋਸਤ ਕਰਮਜੀਤ ਪੁੱਤਰ ਲਖਵਿੰਦਰ ਸਿੰਘ ਨਾਲ ਸਵੇਰੇ ਤੜਕੇ ਨੇੜਲੇ ਪਿੰਡ ਛਾਂਗਾ ਖੁਰਦ ਵਿਖੇ ਗੁ. ਨਾਨਕਸਰ ਠਾਠ ਤੋਂ ਸੰਪਟ ਪਾਠ 'ਚ ਹਾਜਰੀ ਭਰ ਕੇ ਘਰ ਵਾਪਸ ਆ ਰਿਹਾ ਸੀ ਕਿ ਸਾਹਮਣਿਓਂ ਆਉਂਦੀ ਹੋਈ ਰੇਤਾ ਦੀ ਟਰਾਲੀ ਨਾਲ ਇਨ੍ਹਾਂ ਦੇ ਮੋਟਰਸਾਈਕਲ ਦੀ ਜੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿਚ ਕਰਨਦੀਪ (19) ਪੁੱਤਰ ਸੁੱਖਾ ਸਿੰਘ ਦੀ ਮੌਕੇ ਉਤੇ ਮੌਤ ਹੋ ਗਈ ਜਦਕਿ ਇਸ ਦਾ ਦੂਜਾ ਸਾਥੀ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ। ਲੋਕਾਂ ਦੀ ਸਹਾਇਤਾ ਨਾਲ ਜਖਮੀ ਦੂਜੇ ਨੌਜਵਾਨ ਨੂੰ ਮਮਦੋਟ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ। ਇਥੇ ਦੱਸਣਯੋਗ ਹੋਵੇਗਾ ਕਿ ਮ੍ਰਿਤਕ 19 ਸਾਲਾ ਨੌਜਵਾਨ ਕਰਨਦੀਪ ਸਿੰਘ ਦੋ ਭੈਣਾਂ ਦਾ ਇਕਲੌਤਾ ਅਤੇ ਛੋਟਾ ਭਰਾ ਸੀ। ਪਿੰਡ ਵਾਸੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਇਲਾਕੇ ਦੇ ਅੰਦਰ ਅਕਸਰ ਹੀ ਤੜਕੇ ਰੇਤਾ ਦੀ ਨਾਜਾਇਜ ਢੁਆਈ ਹੁੰਦੀ ਹੈ, ਜਿਸ ਦੇ ਚਲਦਿਆਂ ਅੱਜ ਇਕ ਨੌਜਵਾਨ ਸਦਾ ਲਈ ਮੌਤ ਦੇ ਮੂੰਹ ਵਿੱਚ ਚਲਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਾਜਾਇਜ ਰੇਤਾ ਦੀ ਖੁਦਾਈ ਕਰਨ ਵਾਲਿਆਂ ਨੇ ਟਰੈਕਟਰ-ਟਰਾਲੀ ਦੀਆਂ ਲਾਈਟਾਂ ਨਹੀਂ ਜਗਾਈਆਂ ਹੋਈਆਂ ਸਨ, ਜਿਸ ਕਾਰਨ ਸਾਹਮਣੇ ਆਉਂਦੇ ਟਰੈਕਟਰ-ਟਰਾਲੀ ਨਹੀਂ ਦਿਸੀ ਅਤੇ ਭਿਆਨਕ ਹਾਦਸਾ ਹੋ ਗਿਆ। ਲੋਕਾਂ ਨੇ ਨਾਜਾਇਜ ਰੂਪ ਵਿੱਚ ਰੇਤਾ ਦੀ ਖੁਦਾਈ ਕਰਨ ਵਾਲੇ ਟਰੈਕਟਰ-ਟਰਾਲੀਆਂ ਚਾਲਕਾਂ ਖਿ਼ਲਾਫ ਸਖਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ ਹੈ।

### ਡਿਊਟੀ ਤੋਂ ਵਾਪਸ ਪਰਤ ਰਿਹਾ ਸਿਹਤ ਮੁਲਾਜਮ ਹਾਦਸੇ 'ਚ ਜ਼ਖਮੀ

ਫਿਰੋਜ਼ਪੁਰ 18 ਸਤੰਬਰ। ਸਿਹਤ ਵਿਭਾਗ 'ਚ ਤਾਇਨਾਤ ਮੁਲਾਜਮ ਘਰ ਵਾਪਸੀ ਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਿਆ। ਹਾਦਸਾ ਪਿੰਡ ਕਟੋਰਾ ਦੇ ਕੋਲ ਵਾਪਰਿਆ। ਥਾਣਾ ਆਰਫਕੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਪੀੜਤ ਸੁਖਵਿੰਦਰ ਸਿੰਘ ਪਿੰਡ ਲੱਧੂਵਾਲੀ ਨੇ ਦੱਸਿਆ ਕਿ ਉਹ ਜਿ਼ਲ੍ਹਾ ਜਲੰਧਰ ਦੇ ਪਿੰਡ ਸੰਮੀਵਾਲਾ ਵਿਚ ਸਿਵਲ ਵੈਟਨਰੀ ਡਿਸਪੈਂਸਰੀ ਵਿਚ ਤਾਇਨਾਤ ਹੈ। 11 ਸਤੰਬਰ ਨੂੰ ਉਹ ਡਿਊਟੀ ਤੋਂ ਬਾਅਦ ਮੋਟਰਸਾਈਕਲ 'ਤੇ ਘਰ ਵਾਪਸ ਆ ਰਿਹਾ ਸੀ ਤਾਂ ਪਿੰਡ ਕਟੋਰਾ ਦੇ ਨੇੜੇ ਡਰੇਨ ਦੇ ਪੁਲ 'ਤੇ ਇੱਕ ਮੋਟਰਸਾਈਕਲ ਰੇਹੜਾ ਚਾਲਕ ਨੇ ਉਸ ਨੂੰ ਟੱਕਰ ਮਾਰ ਕੇ ਡਿਗਾ ਦਿੱਤਾ। ਹਾਦਸੇ ਵਿਚ ਉਸਦੀ ਸੱਜੀ ਲੱਤ ਅਤੇ ਸਰੀਰ ਦੇ ਹੋਰਨਾਂ ਅੰਗਾਂ 'ਤੇ ਕਾਫੀ ਸੱਟਾਂ ਵੱਜੀਆਂ। ਏ. ਐੱਸ. ਆਈ. ਕੁਲਬੀਰ ਸਿੰਘ ਦੇ ਅਨੁਸਾਰ ਬਿਆਨਾਂ ਦੇ ਆਧਾਰ ਤੇ ਅਣਪਛਾਤੇ ਰੇਹੜਾ ਚਾਲਕ ਦੇ ਖਿ਼ਲਾਫ ਪਰਚਾ ਦਰਜ ਕਰਨ ਤੋਂ ਬਾਅਦ ਉਸਦੀ ਭਾਲ ਕੀਤੀ ਜਾ ਰਹੀ ਹੈ।

## ਨੌਜਵਾਨ ਨੂੰ ਪਤਨੀ ਤੇ ਬੱਚਿਆਂ ਦੇ ਸਾਹਮਣੇ ਆਟੋ 'ਚੋਂ ਘੜੀਸ ਕੇ ਕੱਢਿਆ ਬਾਹਰ, ਕੀਤੀ ਕੁੱਟਮਾਰ

ਜਲੰਧਰ 18 ਸਤੰਬਰ। ਨਿਊ ਗੁਰੂ ਅਮਰ ਦਾਸ ਨਗਰ ਵਿਚ ਰੰਜਿਸ਼ਨ ਇਕ ਨੌਜਵਾਨ ਨੇ ਆਪਣੇ ਸਾਥੀ ਬੁਲਾ ਕੇ ਆਟੋ ਚਾਲਕ ਨੂੰ ਬਾਹਰ ਘੜੀਸ ਕੇ ਉਸ ਨਾਲ ਕੁੱਟਮਾਰ ਕੀਤੀ ਅਤੇ ਬਾਅਦ ਵਿਚ ਉਸ ਦੇ ਹੱਥ ਦੀ ਉਂਗਲ ਦਾ ਕੁਝ ਹਿੱਸਾ ਵੱਢ ਦਿੱਤਾ। ਨੌਜਵਾਨ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੀੜਤ ਪੰਕਜ ਪੁੱਤਰ ਦੀਨਾਨਾਥ ਨਿਵਾਸੀ ਨਿਊ ਗੁਰੂ ਅਮਰ ਦਾਸ ਨਗਰ ਨੇ ਦੱਸਿਆ ਕਿ ਬੁੱਧਵਾਰ ਸ਼ਾਮੀਂ ਉਹ ਆਪਣੀ ਪਤਨੀ ਅਤੇ ਭਤੀਜਿਆਂ ਨੂੰ ਨਾਲ ਲੈ ਕੇ ਆਟੋ ਵਿਚ ਜਾ



ਰਿਹਾ ਸੀ। ਜਿਉਂ ਹੀ ਉਹ ਘਰ ਤੋਂ ਕੁਝ ਦੂਰੀ 'ਤੇ ਪੁੱਜਾ ਤਾਂ ਉਸ ਨਾਲ ਰੰਜਿਸ਼ ਰੱਖਣ ਵਾਲੇ ਨੌਜਵਾਨ ਨੇ ਉਸ ਦਾ ਰਸਤਾ ਰੋਕ ਲਿਆ। ਪੰਕਜ ਨੇ ਉਸਨੂੰ ਸਾਈਡ 'ਤੇ ਹੋਣ ਨੂੰ ਕਿਹਾ ਤਾਂ ਉਸ ਨੇ ਗਾਲੀ-ਗਲੋਚ ਸ਼ੁਰੂ ਕਰ ਦਿੱਤਾ ਅਤੇ ਆਪਣੇ ਸਾਥੀਆਂ ਨੂੰ ਬੁਲਾ ਲਿਆ। ਪੰਕਜ ਦਾ ਦੋਸ਼ ਹੈ ਕਿ ਉਨ੍ਹਾਂ ਨੌਜਵਾਨਾਂ ਨੇ ਉਸ ਨੂੰ ਉਸਦੀ ਪਤ ਨੀ ਅਤੇ ਬੱਚਿਆਂ ਦੇ ਸਾਹਮਣੇ ਆਟੋ ਵਿਚੋਂ ਜਬਰਦਸਤੀ ਬਾਹਰ ਘੜੀਸਿਆ ਅਤੇ ਕੁੱਟਮਾਰ ਕੀਤੀ। ਇਕ ਨੌਜਵਾਨ ਨੇ ਕਿਸੇ ਹਥਿਆਰ ਨਾਲ ਉਸ ਦੀ ਉਂਗਲ ਦਾ ਕੁਝ ਹਿੱਸਾ ਵੱਢ ਕੇ ਹੱਥ ਤੋਂ ਹੀ ਵੱਖ ਕਰ ਦਿੱਤਾ। ਪੰਕਜ ਦਾ ਕਹਿਣਾ ਹੈ ਕਿ ਪਹਿਲਾਂ ਵੀ ਉਸ ਨੌਜਵਾਨ ਨਾਲ ਉਸਦਾ ਝਗੜਾ ਹੋਇਆ ਸੀ ਕਿਉਂਕਿ ਉਸ ਨੇ ਉਸ ਕੋਲੋਂ ਪੈਸੇ ਲੈਣੇ ਸਨ। ਉਦੋਂ ਉਸ ਦਾ ਰਾਜੀਨਾਮਾ ਹੋ ਗਿਆ ਸੀ ਪਰ ਉਹ ਉਸ ਨਾਲ ਰੰਜਿਸ਼ ਰੱਖਦਾ ਸੀ ਅਤੇ ਇਸੇ ਕਾਰਨ ਉਸ ਨੇ ਉਸ 'ਤੇ ਹਮਲਾ ਕਰ ਦਿੱਤਾ।

### ਮੁੜ ਚਰਚਾ 'ਚ ਮਸ਼ਹੂਰ ਕੁੱਲ੍ਹੜ ਪਿੱਜਾ ਕੱਪਲ, ਪੁੱਤਰ 'ਵਾਰਿਸ' ਦੇ ਪਹਿਲੇ ਜਨਮ ਦਿਨ ਮੌਕੇ ਵੀਡੀਓ ਕੀਤੀ ਸਾਂਝੀ

ਜਲੰਧਰ 18 ਸਤੰਬਰ। ਜਲੰਧਰ ਦਾ ਮਸ਼ਹੂਰ ਕੱਪਲ ਕੁੱਲ੍ਹੜ ਪਿੱਜਾ ਕੱਪਲ ਇਕ ਵਾਰ ਫਿਰ ਤੋਂ ਸੁਰਖੀਆਂ ਵਿਚ ਹੈ। ਦਰਅਸਲ ਕੁੱਲ੍ਹੜ ਪਿੱਜਾ ਕੱਪਲ ਨੇ ਆਪਣੇ ਪੁੱਤਰ ਦੇ ਪਹਿਲੇ ਜਨਮ ਦਿਨ ਮੌਕੇ ਇਕ ਵਿਸ਼ੇਸ਼ ਉਪਰਾਲਾ ਕਰਦੇ ਹੋਏ ਜਨਮ ਦਿਨ ਨੂੰ ਖਾਸ ਢੰਗ ਨਾਲ ਮਨਾਇਆ ਹੈ।



ਕੁੱਲ੍ਹੜ ਪਿੱਜਾ ਕੱਪਲ ਸਹਿਜਪ੍ਰੀਤ ਸਿੰਘ ਅਤੇ ਗੁਰਪ੍ਰੀਤ ਕੌਰੇ ਨੇ ਆਪਣੇ ਪੁੱਤਰ ਵਾਰਿਸ ਦੇ ਪਹਿਲੇ ਜਨਮ ਦਿਨ ਮੌਕੇ ਲੰਗਰ ਲਗਾਇਆ, ਜਿਸ ਦੀ ਵੀਡੀਓ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਲੰਗਰ ਦੀ ਸੇਵਾ ਕਰਦੇ ਹੋਏ ਦੀ ਵੀ ਵੀਡੀਓ ਸਾਂਝੀ ਕੀਤੀ ਗਈ ਹੈ। ਜਨਮ ਦਿਨ ਤੋਂ ਪਹਿਲਾਂ ਇਕ ਵੀਡੀਓ ਸ਼ੇਅਰ ਕਰਦੇ ਹੋਏ ਕੱਪਲ ਨੇ ਕਿਹਾ ਕਿ ਵਾਰਿਸ ਦੇ ਜਨਮ ਦਿਨ ਮੌਕੇ ਸਾਡੇ ਵੱਲੋਂ ਲੰਗਰ ਦੀ ਸੇਵਾ ਕੁੱਲ੍ਹੜ ਪਿੱਜਾ ਵਾਲੀ ਦੁਕਾਨ ਦੇ ਬਾਹਰ ਹੀ ਲੰਗਰ ਦੀ ਛੋਟੀ ਜਿਹੀ ਸੇਵਾ ਲਗਾਈ ਗਈ ਹੈ, ਜਿਸ ਵਿਚ ਦੂਰੋਂ ਅਤੇ ਨੇੜਿਓਂ ਲੋਕ ਪਹੁੰਚ ਕੇ ਵਾਰਿਸ ਨੂੰ ਬਲੈਸਿੰਗਸ ਜਰੂਰ ਦੇਣ। ਇਸ ਦੇ ਬਾਅਦ ਫਿਰ ਉਨ੍ਹਾਂ ਵੱਲੋਂ ਲਗਾਏ ਗਏ ਲੰਗਰ ਦੀ ਵੀਡੀਓ ਨੂੰ ਵੀ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਗਿਆ, ਜਿਸ ਵਿਚ ਕੱਪਲ ਲੰਗਰ ਦੀ ਸੇਵਾ ਕਰਦਾ ਹੋਇਆ ਨਜਰ ਆ ਰਿਹਾ ਹੈ।

# ਪੇਠਾ ਖਾਣ ਦੇ ਸ਼ੌਕੀਨ ਹੋ ਜਾਣ ਸਾਵਧਾਨ, ਪੰਜਾਬ ਦੇ ਮਸ਼ਹੂਰ ਹਲਵਾਈਆਂ ਦਾ ਵੀਡੀਓ 'ਚ ਵੇਖ ਲਵੋ ਹਾਲ

ਹੁਸਿ਼ਆਰਪੁਰ 18 ਸਤੰਬਰ। ਜੇਕਰ ਤੁਸੀਂ ਵੀ ਪੇਠਾ ਖਾਣ ਦੇ ਸ਼ੌਕੀਨ ਹੋ ਤਾਂ ਤੁਹਾਡੀ ਸਿਹਤ ਗੰਭੀਰ ਖਤਰੇ ਵਿੱਚ ਪੈ ਸਕਦੀ ਹੈ ਕਿਉਂਕਿ ਹੁਸ਼ਿਆਰਪੁਰ ਸ਼ਹਿਰ ਵਿੱਚ ਵਿਕਣ ਵਾਲਾ ਪੇਠਾ ਕਿਨਾ ਕੁ ਮਾੜੇ ਅਤੇ ਅਨਹਾਈਜੀਨਕ ਹਾਲਾਤ ਵਿੱਚ ਬਣਦਾ ਹੈ ਇਸ ਬਾਰੇ ਤੁਸੀਂ ਸੋਚ ਵੀ ਨਹੀਂ ਸਕਦੇ। ਭੀੜੀਆਂ ਗੰਦੀਆਂ ਥਾਂਵਾਂ 'ਤੇ ਬਣਨ ਵਾਲਾ ਇਹ ਪੇਠਾ ਕਿੰਨੀ ਕੁ ਗੰਦਗੀ ਨਾਲ ਭਰਿਆ ਹੋਇਆ ਹੈ, ਇਸ ਦਾ ਅੰਦਾਜਾ ਇਸ ਗੱਲ ਤੋਂ ਲੱਗਦਾ ਹੈ ਕਿ ਕੋਠੜੀ ਨੁਮਾ ਫੈਕਟਰੀ ਵਿੱਚ ਤਿਆਰ ਪੇਠੇ 'ਤੇ ਮੱਖੀਆਂ ਦੀ ਭਰਮਾਰ ਵੇਖੀ ਜਾ ਸਕਦੀ ਹੈ। ਹਾਲਾਤ ਇੰਨੇ ਮਾੜੇ ਹਨ ਕਿ ਜੇਕਰ ਕੋਈ ਪੇਠਾ ਖਾਣ ਵਾਲਾ ਪੇਠਾ ਬਣਦਾ ਵੇਖ ਲਵੇ, ਉਹ ਵੀ ਬੀਮਾਰ ਹੋ ਜਾਵੇ। ਪੱਤਰਕਾਰਾਂ ਵੱਲੋ ਜਦੋਂ ਅੱਜ ਹੁਸ਼ਿਆਰਪੁਰ ਦੀਆਂ ਕੁਝ ਪੇਠਾ ਫੈਕਟਰੀਆਂ ਦਾ ਦੌਰਾ ਕੀਤਾ ਗਿਆ ਤਾਂ ਹਾਲਾਤ ਪਹਿਲਾਂ ਨਾਲੋ ਹੋਰ ਵੀ ਮਾੜੇ ਨਜਰ ਆਏ। ਉਥੇ ਹੀ ਹੁਸ਼ਿਆਰਪੁਰ ਜਿ਼ਲ੍ਹਾ ਸਿਹਤ ਅਫਸਰ ਨੇ ਵੱਖ-ਵੱਖ ਪੇਠਾ ਫੈਕਟਰੀਆਂ ਦਾ ਵੀ ਦੌਰਾ ਕੀਤਾ। ਕਮਿਸਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸਨ ਪੰਜਾਬ ਡਾ. ਅਭਿਨਵ ਤ੍ਰਿਖਾ ਅਤੇ ਸਿਵਲ ਸਰਜਨ ਹੁਸਿ਼ਆਰਪੁਰ ਡਾ. ਪਵਨ ਕੁਮਾਰ ਸਗੋਤਰਾ ਦੇ ਦਿਸਾ-



ਨਿਰਦੇਸਾਂ ਅਨੁਸਾਰ ਜਿ਼ਲ੍ਹਾ ਸਿਹਤ ਅਫਸਰ ਡਾ. ਜਤਿੰਦਰ ਭਾਟੀਆ ਦੀ ਅਗਵਾਈ ਵਿਚ ਫੂਡ ਸੇਫਟੀ ਅਫਸਰ ਵਿਵੇਕ ਕੁਮਾਰ ਨੇ ਟੀਮ ਮੈਂਬਰਾਂ ਨਾਲ ਹੁਸਿ਼ਆਰਪੁਰ ਦੀਆਂ ਵੱਖ-ਵੱਖ ਪੇਠਾ ਫੈਕਟਰੀਆਂ ਦਾ ਦੌਰਾ ਕਰਕੇ ਨਿਰੀਖਣ ਕੀਤਾ। ਇਸ ਦੌਰਾਨ 30 ਕਿੱਲੋ ਕੱਚਾ ਪੇਠਾ, ਜੋ ਖਰਾਬ ਹੋਇਆ ਸੀ, ਨੂੰ ਨਸਟ ਕਰ ਦਿੱਤਾ ਗਿਆ। ਇਸ ਬਾਰੇ ਜਾਣਕਾਰੀ ਸਾਂਝੀ ਕਰਦੇ ਜਿ਼ਲ੍ਹਾ ਸਿਹਤ ਅਫਸਰ ਨੇ ਦੱਸਿਆ ਕਿ ਬੀਤੀ ਸ਼ਾਮ ਪੇਠਾ ਬਣਾਉਣ ਵਾਲੀਆਂ ਵੱਖ-ਵੱਖ ਫੈਕਟਰੀਆਂ ਦਾ ਨਿਰੀਖਣ ਕਰਕੇ ਖਰਾਬ ਪੇਠਾ ਨਸ਼ਟ ਕਰਵਾਇਆ ਗਿਆ ਸੀ। ਇਸ ਦੌਰਾਨ ਫੂਡ ਸੇਫਟੀ ਦੇ ਲਾਇਸੈਂਸ ਚੈੱਕ ਕੀਤੇ ਗਏ। ਖਾਧ ਪਦਾਰਥਾਂ ਦੇ ਸਾਮਾਨ ਦੀ ਐਕਰਸਪਾਇਰੀ ਮਿਤੀ ਚੈੱਕ ਕੀਤੀ ਗਈ। ਐੱਫ. ਐੱਸ. ਐੱਸ. ਏ. ਆਈ. ਦੇ ਮਾਪਦੰਡਾਂ ਅਨੁਸਾਰ ਸਾਫ-ਸਫਾਈ ਦਾ ਵੀ ਜਾਇਜ਼ਾ ਲਿਆ ਗਿਆ। ਫੈਕਟਰੀਆਂ ਦੀ ਇਮਾਰਤ ਦੀ ਸਫਾਈ ਲਈ ਸੁਧਾਰ ਨੋਟਿਸ ਜਾਰੀ ਕੀਤਾ ਗਿਆ ਅਤੇ ਪੇਠੇ ਦਾ ਸੈਂਪਲ ਲੈ ਕੇ ਫੂਡ ਲੈਬ ਖਰੜ ਨੂੰ ਭੇਜਿਆ ਗਿਆ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਸੀ ਪਾਈਟ ਵਿਖੇ ਨੌਜਵਾਨਾਂ ਲਈ ਅਰਧ ਸੈਨਿਕ ਬਲਾਂ ਵਿੱਚ ਭਰਤੀ ਸਿਖਲਾਈ ਕੈਂਪ ਸ਼ੁਰੂ

**ਪਟਿਆਲਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਪਾਈਟ ਕੈਂਪ, ਨਾਭਾ ਦੇ ਟਰੇਨਿੰਗ ਅਫ਼ਸਰ ਸੂਬੇਦਾਰ ਮੇਜਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਅਰਧ ਸੈਨਿਕ ਬਲਾਂ ਵਿੱਚ ਨੌਜਵਾਨਾਂ ਦੀ ਭਰਤੀ ਸਬੰਧੀ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ।

ਚਾਹਵਾਨ ਨੌਜਵਾਨ 5 ਸਤੰਬਰ 2024 ਤੋਂ 14 ਅਕਤੂਬਰ 2024 ਤੱਕ ਆਨ ਲਾਈਨ ਅਪਲਾਈ ਕਰ ਸਕਦੇ ਹਨ। ਸੀ.ਪਾਈਟ ਕੈਂਪ ਨਾਭਾ ਜੋ ਕਿ ਪੰਜਾਬ ਸਰਕਾਰ ਦਾ ਅਦਾਰਾ ਹੈ ਜਿਸ ਵਿੱਚ ਪਟਿਆਲਾ, ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਜ਼ਿਲ੍ਹੇ ਦੇ ਨੌਜਵਾਨਾਂ ਲਈ ਪੰਜਾਬ ਸਰਕਾਰ ਦੁਆਰਾ ਅਰਧ ਸੈਨਿਕ ਬਲਾਂ ਵਿੱਚ ਭਰਤੀ ਹੋਣ ਲਈ ਲਿਖਤੀ ਪੇਪਰ ਅਤੇ ਫਿਜ਼ੀਕਲ ਟਰੇਨਿੰਗ ਦੀ ਮੁਫ਼ਤ ਤਿਆਰੀ ਕਰਵਾਈ ਜਾਂਦੀ ਹੈ।

ਟਰੇਨਿੰਗ ਅਫ਼ਸਰ ਨੇ ਦੱਸਿਆ ਕਿ ਨਾਭਾ ਕੈਂਪ ਵਿਖੇ ਇਸ ਭਰਤੀ ਸਬੰਧੀ ਲਿਖਤੀ ਅਤੇ ਫਿਜ਼ੀਕਲ ਟਰੇਨਿੰਗ ਸ਼ੁਰੂ ਹੋ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ ਰਹਿਣ, ਖਾਣਾ, ਪੜਾਈ ਅਤੇ ਫਿਜ਼ੀਕਲ ਟੈਸਟ ਦੀ ਤਿਆਰੀ ਬਿਲਕੁਲ ਮੁਫ਼ਤ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ 93575-19738, 81988-00853, 98725-51547 ਅਤੇ 82838-80131 'ਤੇ ਰਾਬਤਾ ਕੀਤਾ ਜਾ ਸਕਦਾ ਹੈ।

# ਮਨਪ੍ਰੀਤ ਸਿੰਘ ਧਾਲੀਵਾਲ ਦੀ ਅੰਤਿਮ ਅਰਦਾਸ ਦੇ ਭੋਗ ਅੱਜ

**ਸਾਹਨੇਵਾਲ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਜ਼ੀ ਬੀ ਅਰਲੀ ਲਰਨਿੰਗ ਸੈਂਟਰ ਮਾਡਲ ਟਾਊਨ ਡੇਹਲੋਂ ਰੋਡ ਸਾਹਨੇਵਾਲ ਦੇ ਡਾਇਰੈਕਟਰ ਗੁਰਪ੍ਰੀਤ ਕੌਰ ਅਤੇ ਜਸਪ੍ਰੀਤ ਕੌਰ ਵਾਸੀ ਕਨੇਡਾ ਦੇ ਇਕਲੌਤੇ ਵੱਡੇ ਭਰਾ ਮਨਪ੍ਰੀਤ ਸਿੰਘ ਧਾਲੀਵਾਲ ਦਾ ਬੀਤੇਂ ਦਿਨੀ 5 ਸਤੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦੇਹਾਂਤ ਹੋ ਗਿਆ ਸੀ।ਮਨਪ੍ਰੀਤ ਸਿੰਘ ਧਾਲੀਵਾਲ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਦਿਨ ਮੰਗਲਵਾਰ 17 ਸਤੰਬਰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਇਤਿਹਾਸਕ ਗੁਰਦੁਆਰਾ ਸ੍ਰੀ ਰੇਰੂ ਸਾਹਿਬ ਨੰਦਪੁਰ ਸਾਹਨੇਵਾਲ ਵਿਖੇ ਹੋਵੇਗੀ।

# ਈਟੀਟੀ 2364 ਭਰਤੀ ਸੰਬੰਧੀ ਨੋਟੀਫੀਕੇਸ਼ਨ ਜਾਰੀ ਹੋਣ ਮਗਰੋਂ ਸੰਘਰਸ਼ੀ ਸਾਥੀਆਂ ਨੂੰ ਕੀਤਾ ਗਿਆ ਸਨਮਾਣਿਤ

**ਬਠਿੰਡਾ 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਈਟੀਟੀ 2364 ਭਰਤੀ ਜੋ ਕੇ ਮਾਰਚ 2020 ਵਿੱਚ ਆਈ ਸੀ ਤੇ ਲੰਬੇ ਸੰਘਰਸ਼ ਤੋਂ ਬਾਅਦ ਜਲਦ ਹੀ ਪੂਰੀ ਹੋਣ ਜਾ ਰਹੀ ਹੈ ਆਪਾਂ ਜੇ ਇਸਦੇ ਸੰਘਰਸ਼ ਦੀ ਗੱਲ ਕਰੀਏ ਤਾਂ ਬਹੁਤ ਸਮਾਂ ਕਾਨੂੰਨੀ ਲੜਾਈ ਵੀ ਇਸ ਭਰਤੀ ਦੇ ਲਈ ਲੜਨੀ ਪਈ ਉਸਦੇ ਨਾਲ ਹੀ ਮੈਦਾਨੀ ਸੰਘਰਸ਼ ਵੀ ਸਾਥੀਆਂ ਨੇ ਖੂਬ ਲੜਿਆ ਪਿੱਛੇ ਜੇ ਆਪਾਂ ਸੰਘਰਸ਼ ਦੀ ਗੱਲ ਕਰੀਏ ਤਾਂ ਸਾਰੇ ਸੰਘਰਸ਼ ਲੜਨ ਤੋਂ ਬਾਅਦ ਇਸਦੀਆਂ ਫਾਈਨਲ ਲਿਸਟਾਂ ਵਿਭਾਗ ਵੱਲੋਂ ਪਾ ਦਿੱਤੀਆਂ ਗਈਆਂ ਸਨ ਪਰ ਉਸ ਤੋਂ ਬਾਅਦ ਵੀ ਭਰਤੀ ਦਾ ਕੰਮ ਠੰਡਾ ਜਾ ਧੀਮਾ ਹੋਣ ਕਾਰਨ 2364 ਯੂਨੀਅਨ ਨੇ ਦੁਬਾਰਾ ਇੱਕ ਵਾਰ ਫਿਰ ਮੈਦਾਨ ਵਿੱਚ ਉਤਰਨ ਦਾ ਫੈਸਲਾ ਕੀਤਾ ਅਤੇ ਪਿਛਲੀ 20 ਅਗਸਤ 2024 ਨੂੰ ਡੀ ਪੀ ਆਈ ਦਫਤਰ ਦੇ ਬਾਹਰ ਪੱਕਾ ਧਰਨਾ ਲਗਾ ਦਿੱਤਾ ਗਿਆ ਸੀ ਤੇ ਇਸ ਸੰਘਰਸ਼ ਨੂੰ ਹੋਰ ਤੇਜ ਕਰਨ ਲਈ ਦੋ ਸਾਥੀ ਭਾਵੁਕ ਹੋ ਕੇ ਡੀਪੀਆਈ ਦੀ ਸੱਤਵੀਂ ਮੰਜਿਲ ਤੇ ਚਲੇ ਗਏ ਸਨ ਤੇ ਇਸ ਦੌਰਾਨ ਸਰਕਾਰ ਨਾਲ ਮੀਟਿੰਗਾਂ ਹੁੰਦੀਆਂ ਰਹੀਆਂ ਪਰ ਉਹਨਾਂ ਮੀਟਿੰਗ ਦੇ ਬਾਵਜੂਦ ਵੀ ਪ੍ਰੋਸੈਸ ਮੱਠਾ ਹੀ ਰਿਹਾ ਇਸਤੋਂ ਬਾਅਦ ਜਿੱਥੇ ਦੋ ਸਾਥੀ ਭਾਵਕ ਹੋ ਕੇ ਸੱਤਵੀਂ ਮੰਜਿਲ ਤੇ ਚਲੇ ਗਏ ਸਨ ਤੇ ਥੱਲੇ ਬੈਠੇ ਸਾਥੀਆਂ ਵਿੱਚੋਂ ਭੁੱਖ ਹੜਤਾਲ ਦੋ ਸਤੰਬਰ ਤੋਂ ਸ਼ੁਰੂ ਕਰ ਦਿੱਤੀ ਗਈ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਉਹ ਛੇਤੀ ਸਾਡਾ ਕੰਮ ਨਹੀਂ ਕਰਦੇ ਤਾਂ ਇਹ ਭੁੱਖ ਹੜਤਾਲ ਨੂੰ ਮਰਨ ਵਰਤ ਵਿੱਚ ਵੀ ਤਬਦੀਲ ਕਰ ਦਿੱਤਾ ਜਾਵੇਗਾ, ਅਖੀਰ ਵਿਭਾਗ ਵਲੋਂ ਇਸ ਭਰਤੀ ਦੇ ਸੰਬੰਧੀ ਸਟੇਸ਼ਨ ਚੋਇਸ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ ਜਿਸ ਮਗਰੋਂ 13 ਸਤੰਬਰ ਨੂੰ ਸੰਘਰਸ਼ੀ ਸਾਥੀਆਂ ਨੂੰ ਸੱਤਵੀਂ ਮੰਜਿਲ ਤੋਂ ਥੱਲੇ ਉਤਾਰ ਲਿਆ ਗਿਆ ਅਤੇ ਸ਼ੁਕਰਵਾਰ 8 ਵਜੇ ਧਰਨਾ ਸਮਾਪਤ ਕਰ ਦਿੱਤਾ ਗਿਆ ਫਿਰ ਇਸ ਸੰਘਰਸ਼ ਵਿੱਚ ਮੋਢੀ ਰਹਿਣ ਵਾਲੇ ਜੋ ਅੱਗੇ ਹੋ ਕੇ ਸੰਘਰਸ਼ ਕਰ ਰਹੇ ਸਨ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਪੂਰੇ ਆਦਰ ਮਾਣ ਨਾਲ ਉਹਨਾਂ ਨੂੰ ਉਹਨਾਂ ਦੇ ਗ੍ਰਹਿ ਵਿਖੇ ਪਹੁੰਚਾਇਆ ਗਿਆ ਜਿੱਥੇ ਕਿ ਪਰਿਵਾਰ ਤੇ ਪਿੰਡ ਵਾਸੀਆਂ ਅਤੇ ਟੀਮ ਨੇ ਸੰਘਰਸ਼ੀ ਯੋਧਿਆਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਇਸ ਮੌਕੇ ਗੁਰਵੇਸ ਸੰਗਰੂਰ ਅਤੇ ਰਾਜਵਿੰਦਰ ਜਲਾਲਾਬਾਦ ਨੂੰ ਸੱਤਵੀਂ ਮੰਜਿਲ ਤੋਂ ਹੇਠਾਂ ਉਤਾਰਿਆ ਗਿਆ ਅਤੇ ਇਸ ਮਗਰੋਂ ਓਹਨਾ ਦਾ ਵਿਸ਼ੇਸ ਸਨਮਾਨ ਕੀਤਾ ਗਿਆ, ਇਸ ਮੌਕੇ ਤੇ ਮਨਪ੍ਰੀਤ ਮਾਨਸਾ, ਹਰਜੀਤ ਗੁਰਨੇ, ਨਵੀ ਜੋਸ਼ਨ, ਗੁਰਜੀਵਨ, ਹੀਰਾ ਲਾਧੂਕਾ, ਗੁਰਸੰਗਤ ਬੁਢਲਾਡਾ , ਮੈਡਮ ਸ਼ੀਤਲ ਫਾਜ਼ਿਲਕਾ , ਵਿਪਨ ਕਪੂਰਥਲਾ, ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ

# ਜ਼ੀਰਕਪੁਰ ਫਲਾਈਓਵਰ ਪਰਵਾਸੀਆਂ ਲਈ ਮੁੜ ਤੋਂ ਬਣਿਆ ਬਸੇਰਾ, ਸਥਾਨਕ ਲੋਕ ਹਟਾਉਣ ਬਾਰੇ ਚਿੰਤਤ

**ਜ਼ੀਰਕਪੁਰ, 18 ਸਤੰਬਰ**
**-ਸੰਜੀਵ ਭੰਡਾਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ-ਅੰਬਾਲਾ ਮੁੱਖ ਮਾਰਗ 'ਤੇ ਸਥਿਤ ਜ਼ੀਰਕਪੁਰ ਫਲਾਈਓਵਰ ਮੁੜ ਪ੍ਰਵਾਸੀਆਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ, ਜਿੱਥੇ ਪ੍ਰਵਾਸੀਆਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਇਸ ਨਾਲ ਸਥਾਨਕ ਲੋਕਾਂ ਵਿਚ ਚਿੰਤਾ ਪੈਦਾ ਹੋ ਗਈ ਹੈ, ਜਿਨ੍ਹਾਂ ਨੂੰ ਡਰ ਹੈ ਕਿ ਜੇਕਰ ਮੌਜੂਦਾ ਸਥਿਤੀ ਇਸੇ ਤਰ੍ਹਾਂ ਰਹੀ ਤਾਂ ਭਵਿੱਖ ਵਿਚ ਇਨ੍ਹਾਂ ਪ੍ਰਵਾਸੀਆਂ ਨੂੰ ਹਟਾਉਣਾ ਮੁਸ਼ਕਲ ਹੋ ਜਾਵੇਗਾ। ਇਹ ਮਾਮਲਾ ਪਹਿਲਾਂ ਵੀ ਐਸਡੀਐਮ ਡੇਰਾਬੱਸੀ ਦੇ ਹੁਕਮਾਂ 'ਤੇ ਸਾਹਮਣੇ ਆ ਚੁੱਕਾ ਹੈ ਜਦੋਂ ਉਨ੍ਹਾਂ ਦੇ ਹੁਕਮਾਂ ਤੇ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਇਨ੍ਹਾਂ ਪਰਵਾਸੀਆਂ ਨੂੰ ਹਟਾਇਆ ਗਿਆ ਸੀ, ਪਰ ਉਸ ਤੋਂ ਬਾਅਦ ਇਸ ਸਮੱਸਿਆ ਵੱਲ ਨਗਰ ਕੌਂਸਲ ਵੱਲੋਂ ਧਿਆਨ ਨਾ ਦੇਣ ਕਾਰਨ ਸਥਿਤੀ ਵਿਗੜਦੀ ਨਜ਼ਰ ਆ ਰਹੀ ਹੈ। ਜ਼ੀਰਕਪੁਰ ਫਲਾਈਓਵਰ ਦੇ ਹੇਠਾਂ ਪਰਵਾਸੀਆਂ ਦੀ ਖਿੱਚ ਜ਼ੀਰਕਪੁਰ ਦੀ ਦਿੱਖ ਵਿੱਚ ਗ੍ਰਹਿਣ ਵਾਂਗ ਚਮਕਣ ਲੱਗੀ ਹੈ। ਜੋ ਪਹਿਲਾਂ ਇੱਕ ਛੋਟਾ ਜਿਹਾ ਇਕੱਠ ਹੁੰਦਾ ਸੀ ਉਹ ਹੁਣ ਇਨ੍ਹਾਂ ਦੀ ਗਿਣਤੀ ਵਿੱਚ ਵਾਧੇ ਵਾਲੇ ਹੱਬ ਵਿੱਚ ਬਦਲ ਗਿਆ ਹੈ।

ਪਰਵਾਸੀ, ਜ਼ਿਆਦਾਤਰ ਗੁਆਂਢੀ ਸੂਬਿਆਂ ਤੋਂ ਆਏ ਹਨ ਤੋਂ ਆਏ ਹੋਏ ਹਨ ਜਿਨ੍ਹਾਂ ਵੱਲੋਂ ਭੀਖ ਮੰਜ ਕੇ ਅਤੇ ਚੋਰੀ ਚਕਾਰੀ ਕਰਕੇ ਗੁਜਾਰਾ ਕੀਤਾ ਜਾਂਦਾ ਹੈ। ਜਿਨ੍ਹਾਂ ਦੀ ਵਧਦੀ ਗਿਣਤੀ ਨੇ ਸਥਾਨਕ ਲੋਕਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਜਿਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਦੀ ਮੌਜੂਦਗੀ ਦਾ ਖੇਤਰ 'ਤੇ ਮਾੜਾ ਪ੍ਰਭਾਵ ਪਵੇਗਾ। ਸਥਾਨਕ ਲੋਕਾਂ ਲਈ ਸਥਿਤੀ ਵੱਡੀ ਚਿੰਤਾ ਦਾ ਕਾਰਨ ਬਣ ਗਈ ਹੈ, ਜਿਨ੍ਹਾਂ ਨੇ ਪ੍ਰਵਾਸੀਆਂ ਨੂੰ ਹੋਰ ਢੁਕਵੀਂ ਥਾਂ 'ਤੇ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਇਸ ਮੁੱਦੇ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਮਾਹੌਲ ਹੋਰ ਵਿਗੜ ਜਾਵੇਗਾ ਅਤੇ ਭਵਿੱਖ ਵਿੱਚ ਹੱਲ ਕਰਨਾ ਮੁਸ਼ਕਲ ਹੋ ਜਾਵੇਗਾ। ਵਸਨੀਕਾਂ ਵੱਲੋਂ ਐਸ.ਡੀ.ਐਮ ਡੇਰਾਬੱਸੀ ਨੂੰ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਹਾਲਾਂਕਿ, ਸਥਾਨਕ ਲੋਕਾਂ ਨੇ ਸਥਿਤੀ ਦੇ ਕਾਬੂ ਤੋਂ ਬਾਹਰ ਹੋਣ ਤੋਂ ਪਹਿਲਾਂ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

# ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮਨਾਇਆ ਗਿਆ

**ਪਟਿਆਲਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ ਦੇ ਐਨਸੀਸੀ ਕੈਡਿਟਾਂ ਨੇ 15 ਸਤੰਬਰ ਨੂੰ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮਨਾਇਆ। ਛੁੱਟੀ ਦੇ ਮੱਦੇਨਜ਼ਰ ਕੈਡਿਟਾਂ ਨੇ ਗੂਗਲ ਮੀਟ ਦਾ ਆਯੋਜਨ ਕੀਤਾ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਗਿਆਰ੍ਹਵੀਂ ਸਾਇੰਸ ਜਮਾਤ ਦੇ ਜਤਿਨ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਦਿਨ ਨੂੰ ਸੰਯੁਕਤ ਰਾਸ਼ਟਰ ਵੱਲੋਂ ਇਸ ਵਿਸ਼ਵਾਸ ਨਾਲ ਮਾਨਤਾ ਦਿੱਤੀ ਜਾਂਦੀ ਹੈ ਕਿ ਲੋਕਤਾਂਤਰਿਕ ਸਮਾਜਾਂ ਵਿੱਚ ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੇ ਰਾਜ ਦੀ ਹਮੇਸ਼ਾ ਰਾਖੀ ਹੁੰਦੀ ਹੈ। ਬਾਰ੍ਹਵੀਂ ਆਰਟਸ ਜਮਾਤ ਦੀ ਰੀਆ ਨੇ ਕਿਹਾ ਕਿ ਲੋਕਤੰਤਰ ਇੱਕ ਮਜ਼ਬੂਤ, ਸਰਗਰਮ ਅਤੇ ਵੱਕਲ ਸੱਭਿਅਕ ਸਮਾਜ ਪ੍ਰਦਾਨ ਕਰਦਾ ਹੈ। ਲੈਕਚਰਾਰ ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਲੋਕਤੰਤਰ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਗਗਨਦੀਪ ਸਿੰਘ ਅਤੇ ਸਕੂਲ ਦੇ ਹੋਰ ਅਧਿਆਪਕ ਮੌਜੂਦ ਸਨ।

# ਜ਼ੀਰਕਪੁਰ ਦੇ ਵੱਖ-ਵੱਖ ਪਿੰਡਾਂ ਦੇ ਕੁਲੈਕਟਰ ਰੇਟ 'ਚ 14 ਤੋਂ 50 ਫ਼ੀਸਦੀ ਤੱਕ ਵਾਧਾ



**ਜ਼ੀਰਕਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਜ਼ੀਰਕਪੁਰ ਸਬ ਤਹਿਸੀਲ ਆਉਂਦੇ ਪਿੰਡਾਂ 'ਚ ਅੱਜ ਤੋਂ ਜ਼ਮੀਨਾਂ ਦੇ ਕੁਲੈਕਟਰ ਰੇਟ ਵਧਾ ਦਿੱਤੇ ਹਨ। ਇਸ ਵਾਧੇ ਨੂੰ ਕੋਈ ਨਵਾਂ ਬੋਝ ਦੱਸ ਰਿਹਾ ਹੈ ਜਦੋਂ ਕਿ ਉਹ ਕਿਸਾਨ ਖ਼ੁਸ਼ ਹਨ ਜਿੱਥੇ ਜ਼ਮੀਨਾਂ ਐਕੁਆਇਰ ਹੋ ਰਹੀਆਂ ਹਨ। ਪ੍ਰਾਪਰਟੀ ਦਾ ਕੰਮ ਕਰਨ ਵਾਲੇ ਇਸ ਵਾਧੇ ਤੋਂ ਨਾਖ਼ੁਸ਼ ਹਨ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਵੇਚ-ਵੱਟਤ ਘਟੇਗੀ।

ਇਸ ਤੋਂ ਇਲਾਵਾ ਖ਼ਰੀਦਦਾਰਾਂ ਲਈ ਹੁਣ ਨਵੇਂ ਘਰ, ਪਲਾਟ ਅਤੇ ਜ਼ਮੀਨਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨੀ ਮਹਿੰਗਾ ਸੌਦਾ ਬਣ ਜਾਵੇਗਾ। 'ਆਪ' ਸਰਕਾਰ ਨੇ ਖ਼ਜ਼ਾਨੇ ਲਈ ਵਸੀਲੇ ਜੁਟਾਉਣ ਵਜੋਂ ਜ਼ੀਰਕਪੁਰ ਸਬ ਤਹਿਸੀਲ 'ਚ ਪ੍ਰਾਪਰਟੀ ਦੇ ਸਰਕਾਰੀ ਭਾਅ ਵਧਾ ਦਿੱਤੇ ਹਨ। ਜ਼ਿਲ੍ਹਾ ਕੁਲੈਕਟਰ ਵੱਲੋਂ ਜੂਨ ਦੇ ਆਖ਼ਰੀ ਹਫ਼ਤੇ ਤੋਂ ਹੀ ਪ੍ਰਾਪਰਟੀ ਦੇ ਨਵੇਂ ਸਰਕਾਰੀ ਭਾਅ ਤੈਅ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ।

ਕਈ ਜ਼ਿਲ੍ਹਿਆਂ ਵਿਚ ਕੁੱਝ ਦਿਨ ਪਹਿਲਾਂ ਨਵੇਂ ਭਾਅ ਲਾਗੂ ਕੀਤੇ ਗਏ ਹਨ ਜਦੋਂ ਕਿ ਜ਼ੀਰਕਪੁਰ 'ਚ ਅੱਜ ਤੋਂ ਵਧੀਆਂ ਕੀਮਤਾਂ 'ਤੇ ਨਵੀਆਂ ਰਜਿਸਟਰੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਔਸਤਨ ਦੇਖੀਏ ਤਾਂ ਕੁਲੈਕਟਰ ਰੇਟ 'ਚ 14 ਤੋਂ 50 ਫ਼ੀਸਦੀ ਵਾਧਾ ਕੀਤਾ ਗਿਆ ਹੈ। ਸ਼ਹਿਰੀ ਖ਼ਿੱਤੇ ਵਿਚ 50 ਫ਼ੀਸਦ ਜ਼ਿਆਦਾ ਭਾਅ ਨਿਸ਼ਚਿਤ ਕੀਤੇ ਗਏ ਹਨ ਜਦੋਂ ਕਿ ਪੇਂਡੂ ਖੇਤਰ ਵਿਚ 14 ਤੋਂ 33 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ।

# ਡੇਰਾਬੱਸੀ ਦੇ ਪਿੰਡ ਮੁਕੰਦਪੁਰ ਵਿੱਚ ਕਾਂਗਰਸ ਨੂੰ ਵੱਡਾ ਝਟਕਾ, ਸੈਂਕੜੇ ਨੌਜਵਾਨ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ



**ਡੇਰਾ ਬਸੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਦੇ ਪਿੰਡ ਮੁਕੰਦਪੁਰ ਵਿੱਚ ਕਾਂਗਰਸ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਡੇਰਾਬੱਸੀ ਯੂਥ ਵਿੰਗ ਦੇ ਪ੍ਰਧਾਨ ਪਾਲੀ ਸਿੱਧੂ, ਬਲਾਕ ਪ੍ਰਧਾਨ ਕੁਲਦੀਪ ਮੀਆਂਪੁਰ ਅਤੇ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਸੈਂਕੜੇ ਨੌਜਵਾਨ ਅਤੇ ਉਨ੍ਹਾਂ ਦੇ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਨੇ ਕਿਹਾ ਕਿ ਉਹ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਕੀਤੇ ਜਾ ਰਹੇ ਵਿਕਾਸ ਤੋਂ ਪ੍ਰੇਰਿਤ ਹਨ ਅਤੇ ਇਸ ਅਹਿਮ ਸਮੇਂ 'ਤੇ 'ਆਪ' ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਇਹ ਪ੍ਰੋਗਰਾਮ 'ਆਪ' ਆਗੂਆਂ ਅਤੇ ਸਮਰਥਕਾਂ ਦੀ ਮੌਜੂਦਗੀ ਵਿੱਚ ਹੋਇਆ, ਜਿਨ੍ਹਾਂ ਨੇ ਨਵੇਂ ਮੈਂਬਰਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ। ਡੇਰਾਬੱਸੀ ਯੂਥ ਵਿੰਗ ਦੇ ਪ੍ਰਧਾਨ ਪਾਲੀ ਸਿੱਧੂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਨੌਜਵਾਨਾਂ ਅਤੇ ਉਤਸ਼ਾਹੀ ਵਿਅਕਤੀਆਂ ਨੂੰ ਸਾਡੀ ਪਾਰਟੀ ਵਿੱਚ ਸ਼ਾਮਲ ਕਰਕੇ ਖੁਸ਼ੀ ਹੋ ਰਹੀ ਹੈ।

ਉਨ੍ਹਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਇਸ ਗੱਲ ਦਾ ਸਬੂਤ ਹੈ ਕਿ ਡੇਰਾਬੱਸੀ ਦੇ ਨੌਜਵਾਨ ਅਤੇ ਲੋਕ ਬਦਲਾਅ ਦੀ ਤਲਾਸ਼ ਕਰ ਰਹੇ ਹਨ ਅਤੇ ਆਮ ਆਦਮੀ ਪਾਰਟੀ ਦੇ ਵਿਜ਼ਨ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਮੌਕੇ ਬਲਾਕ ਪ੍ਰਧਾਨ ਕੁਲਦੀਪ ਮੀਆਂਪੁਰ ਨੇ ਆਮ ਆਦਮੀ ਪਾਰਟੀ ਦੀਆਂ ਵਿਕਾਸ ਯੋਜਨਾਵਾਂ ਬਾਰੇ ਦੱਸਦਿਆਂ ਦੱਸਿਆ ਕਿ ਕਿਸ ਤਰ੍ਹਾਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਸੋਚ ਨੌਜਵਾਨਾਂ ਦੀਆਂ ਆਸਾਂ ਨਾਲ ਜੁੜਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਹਮੇਸ਼ਾ ਨੌਜਵਾਨਾਂ ਦੇ ਵਿਕਾਸ ਅਤੇ ਉਨ੍ਹਾਂ ਦੇ ਭਵਿੱਖ ਨੂੰ ਤਰਜੀਹ ਦਿੱਤੀ ਹੈ, ਅਸੀਂ ਆਮ ਆਦਮੀ ਪਾਰਟੀ ਦੇ ਹੋਰ ਵਿਕਾਸ ਨੂੰ ਦੇਖਿਆ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪਾਲੀ ਸਿੱਧੂ ਦੀ ਅਗਵਾਈ 'ਚ ਡੇਰਾਬੱਸੀ 'ਚ ਵੀ ਅਜਿਹਾ ਹੀ ਦੇਖਣ ਨੂੰ ਮਿਲੇਗਾ।÷ ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਰਣਜੀਤ ਸਿੰਘ ਚੌਧਰੀ, ਜਗਤਾਰ ਸਿੰਘ ਤਾਰਾ, ਪ੍ਰੀਤ ਜ਼ੈਲਦਾਰ, ਪ੍ਰਿੰਸ, ਗੌਰਵ, ਪਰਮਿੰਦਰ, ਮਨੀਸ਼, ਮੀਤ, ਰਵੀ ਬਾਜਵਾ, ਬੱਬਰ ਆਦਿ ਨੇ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦਾ ਹਿੱਸਾ ਬਣਨ ਲਈ ਤਿਆਰ ਹਾਂ। ਆਮ ਆਦਮੀ ਪਾਰਟੀ ਅਤੇ ਸਾਡਾ ਪਿੰਡ ਅਤੇ ਪੰਜਾਬ ਦੀ ਮਦਦ ਦਾ ਸਵਾਗਤ ਕਰਦੇ ਹੋਏ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਇਹਨਾਂ ਨੌਜਵਾਨ ਅਤੇ ਗਤੀਸ਼ੀਲ ਸ਼ਖਸੀਅਤਾਂ ਦੇ 'ਆਪ' ਵਿੱਚ ਸ਼ਾਮਲ ਹੋਣ ਨਾਲ ਡੇਰਾਬੱਸੀ ਵਿੱਚ ਪਾਰਟੀ ਦੀ ਹੋਂਦ ਵਿੱਚ ਭਾਰੀ ਵਾਧਾ ਹੋਇਆ ਹੈ। ਨੌਜਵਾਨਾਂ ਦੇ ਸਹਿਯੋਗ ਨਾਲ ਆਮ ਆਦਮੀ ਪਾਰਟੀ ਪਿੰਡਾਂ ਅਤੇ ਸੂਬੇ ਵਿੱਚ ਸਕਾਰਾਤਮਕ ਤਬਦੀਲੀ ਅਤੇ ਵਿਕਾਸ ਲਿਆਉਣ ਲਈ ਵਚਨਬੱਧ ਹੈ।

# ਬਾਰ-ਬਾਰ ਲਗਦੇ ਬਿਜਲੀ ਕੱਟਾਂ ਅਤੇ ਪਾਣੀ ਦੀ ਨਿਕਸੀ ਦੀ ਸਮੱਸਿਆ ਤੋਂ ਅੱਕੇ ਗੁਲਮੋਹਰ ਐਕਸਟੈਨਸ਼ਨ ਵਾਸੀਆਂ ਨੇ ਕੀਤਾ ਰੋਸ਼ ਪ੍ਰਦਰਸ਼ਨ



**ਡੇਰਾ ਬਸੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਖੇਤਰ ਦੀ ਗੁਲਮੋਹਰ ਐਕਸਟੈਨਸ਼ਨ ਦੇ ਵਸਨੀਕਾਂ ਨੇ ਪਾਣੀ ਦੀ ਨਿਕਸੀ ਅਤੇ ਬਿਜਲੀ ਦੀ ਸਮੱਸਿਆ ਤੋਂ ਅੱਕੇ ਵਸਨੀਕਾਂ ਨੇ ਐਤਵਾਰ ਨੂੰ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ।

ਮੁਜ਼ਹਰਾਕਾਰੀਆਂ ਮੋਨਿਕਾ ਕਪੂਰ, ਆਰਯਨ ਭੱਲਾ, ਪ੍ਰਤੀਕ, ਵੀ ਕੇ ਸੂਦ, ਦੀਪਕ ਦੱਤਾ, ਅਰੁਣ ਵਾਲੀਆ, ਰੇਖਾ, ਰੋਹਿਣੀ, ਦਿਨੇਸ਼, ਸੁਨੀਲ ਖੰਨਾ, ਰਾਕੇਸ਼ ਗੁਪਤਾ, ਅਫਰੋਜ਼ ਆਲਮ , ਸੰਜੀਵ ਚਾਵਲਾ, ਸਨੇਹਾ, ਸ਼ਾਲੂ, ਅਸ਼ੀਸ਼, ਵਰਿੰਦਰ ਸੂਦ ਆਦਿ ਨੇ ਦੱਸਿਆ ਕਿ ਉਨ੍ਹਾਂ ਦੀ ਸੋਸਾਇਟੀ ਵਿੱਚ ਪਾਣੀ ਦੀ ਨਿਕਾਸੀ ਅਤੇ ਬਿਜਲੀ ਦੇ ਬੇਲੋੜੇ ਕੱਟਾਂ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਜੁਲਾਈ 2023 'ਚ ਆਏ ਹੜ੍ਹ ਕਾਰਨ ਉਨ੍ਹਾਂ ਦੀ ਸੁਸਾਇਟੀ 'ਚ 15 ਤੋਂ 20 ਫੁੱਟ ਤੱਕ ਪਾਣੀ ਭਰ ਗਿਆ ਸੀ, ਜਿਸ ਕਾਰਨ ਲੋਕਾਂ ਦੇ ਵਾਹਨ ਅਤੇ ਹੋਰ ਸਮਾਨ ਪਾਣੀ 'ਚ ਡੁੱਬ ਗਿਆ ਸੀ ਅਤੇ ਲੋਕ 2 ਦਿਨਾਂ ਤੋਂ ਆਪਣੇ ਫਲੈਟਾਂ 'ਚ ਫਸੇ ਹੋਏ ਸਨ। ਸੁਸਾਇਟੀ ਵਿੱਚ ਲਗਾਤਾਰ ਬਿਜਲੀ ਦੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ ਹੋ ਗਏ ਹਨ। ਬਿਜਲੀ ਬੰਦ ਹੋਣ ਦੀ ਸਮੱਸਿਆ ਕਾਰਨ ਸਮਾਜ ਦਾ ਇੱਕ ਵਰਗ ਅਜਿਹਾ ਹੈ ਜੋ ਜਨਰੇਟਰਾਂ ਤੋਂ ਪੈਦਾ ਹੋਣ ਵਾਲੀ ਬਿਜਲੀ 'ਤੇ ਨਿਰਭਰ ਹੈ, ਜਦੋਂਕਿ ਸੋਸਾਇਟੀ ਦੀ ਬਿਜਲੀ ਮਾਮੂਲੀ ਹਵਾ ਚੱਲਣ 'ਤੇ ਵੀ ਕੱਟ ਦਿੱਤੀ ਜਾਂਦੀ ਹੈ। ਬਹੁਮੰਜ਼ਿਲਾ ਇਮਾਰਤਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ 24 ਘੰਟੇ ਬਿਜਲੀ ਦੀ ਲੋੜ ਹੁੰਦੀ ਹੈ। ਅਜਿਹੇ 'ਚ ਪਾਵਰ ਬੈਕਅਪ ਫੇਲ ਹੋ ਰਿਹਾ ਹੈ। ਲਗਾਤਾਰ ਕਈ ਘੰਟੇ ਲੱਗੇ ਬਿਜਲੀ ਦੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ ਹੋ ਗਏ ਹਨ। ਕਈ ਵਾਰ ਬਿਜਲੀ ਬੰਦ ਹੋਣ ਕਾਰਨ ਲੋਕਾਂ ਨੂੰ ਪੂਰਾ ਪਾਣੀ ਨਹੀਂ ਮਿਲ ਪਾਉਂਦਾ।

ਫਰਿੱਜ 'ਚ ਰੱਖੇ ਖਾਣ-ਪੀਣ ਦਾ ਸਮਾਨ ਖਰਾਬ ਹੋ ਰਿਹਾ ਹੈ। ਲੋਕਾਂ ਦਾ ਰੋਜ਼ਾਨਾ ਦਾ ਕੰਮ ਪੂਰੀ ਤਰ੍ਹਾਂ ਵਿਘਨ ਹੋ ਗਿਆ ਹੈ। ਲਗਾਤਾਰ ਬਿਜਲੀ ਕੱਟਾਂ ਕਾਰਨ ਲੋਕ ਪ੍ਰੇਸ਼ਾਨ ਹਨ। ਵੋਲਟੇਜ ਦਾ ਉਤਰਾਅ-ਚੜ੍ਹਾਅ ਵੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਸੁਸਾਇਟੀ ਵਿੱਚ ਪਿਛਲੇ ਕਾਫੀ ਸਮੇਂ ਤੋਂ ਪਾਣੀ ਦੀ ਨਿਕਾਸੀ ਦੀ ਵੀ ਗੰਭੀਰ ਸਮੱਸਿਆ ਹੈ। ਨਿਕਾਸੀ ਨਾ ਹੋਣ ਕਾਰਨ ਫਲੈਟਾਂ ਦੀਆਂ ਪਾਰਕਿੰਗਾਂ ਵਿੱਚ ਬਰਸਾਤੀ ਪਾਣੀ ਭਰ ਜਾਂਦਾ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਨੁਕਸਾਨ ਚੁੱਕਣਾ ਪੈਂਦਾ ਹੈ। ਐਨਾ ਹੀ ਨਹੀਂ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸੁਸਾਇਟੀ ਦੀਆਂ ਸੜਕਾਂ ਵੀ ਪਾਣੀ ਨਾਲ ਭਰ ਜਾਂਦੀਆਂ ਹਨ। ਇਹ ਸਮੱਸਿਆ ਪਿਛਲੇ 5 ਸਾਲਾਂ ਤੋਂ ਬਰਕਰਾਰ ਹੈ ਪਰ ਇਸ ਲਈ ਜ਼ਿੰਮੇਵਾਰ ਲੋਕ ਪੂਰੀ ਤਰ੍ਹਾਂ ਅੰਨ੍ਹੇ ਹਨ। ਸੁਸਾਇਟੀ ਦੇ ਵਸਨੀਕ ਕਈ ਵਾਰ ਉੱਚ ਅਧਿਕਾਰੀਆਂ ਨੂੰ ਇਸ ਸਮੱਸਿਆ ਦੇ ਹੱਲ ਲਈ ਅਪੀਲ ਕਰ ਚੁੱਕੇ ਹਨ ਪਰ ਅੱਜ ਤੱਕ ਕਿਸੇ ਨੇ ਵੀ ਸਮੱਸਿਆ ਦਾ ਹੱਲ ਨਹੀਂ ਕੀਤਾ। ਸੋਸਾਇਟੀ ਵਾਸੀਆਂ ਨੇ ਡੇਰਾਬੱਸੀ ਪ੍ਰਸ਼ਾਸਨ ਤੋਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਦੀ ਮੰਗ ਕੀਤੀ ਹੈ।

# ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦੇਣੀ ਜਰੂਰੀ : ਮਾਸਟਰ ਰਣ ਸਿੰਘ

**ਜ਼ੀਰਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਮਾਪਿਆਂ ਅਤੇ ਅਧਿਆਪਕਾ ਨੂੰ ਯਤਨ ਕਰਨ ਦੇ ਨਾਲ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਅਜੋਕੇ ਸਮੇਂ ਵਿੱਚ ਧਾਰਮਿਕ ਅਤੇ ਨੈਤਿਕ ਸਿੱਖਿਆ ਦੇਣੀ ਬੇਹੱਦ ਜਰੂਰੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਾਬਾ ਜੱਸ ਪਬਲਿਕ ਸਕੂਲ ਵਰਪਾਲ ( ਫਿਰੋਜ਼ਪੁਰ ) ਦੇ ਚੇਅਰਮੈਨ ਮਾਸਟਰ ਰਣ ਸਿੰਘ ਨੇ ਜ਼ੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ । ਉਹਨਾਂ ਕਿਹਾ ਕਿ ਘਰ ਵਿੱਚ ਮਾਪਿਆਂ ਅਤੇ ਸਕੂਲ ਵਿੱਚ ਅਧਿਆਪਕਾਂ ਵੱਲੋਂ ਪੜ੍ਹਨ ਵਾਲੇ ਬੱਚਿਆਂ ਨੂੰ ਦਿੱਤੇ ਗਏ ਚੰਗੇ ਸੰਸਕਾਰ ਹੀ ਉਹਨਾਂ ਦਾ ਭਵਿੱਖ ਚੰਗਾ ਬਣਾਉਂਦੇ ਹਨ। ਉਹਨਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਦੀ ਨੀਂਹ ਮਜ਼ਬੂਤ ਕੀਤੀ ਜਾਵੇ ਤਾਂ ਉਹ ਦੇਸ਼ ਦੇ ਚੰਗੇ ਨਾਗਰਿਕ ਬਣਨ ਦੇ ਨਾਲ- ਨਾਲ ਆਪਣੇ ਮਾਪਿਆਂ ਤੇ ਆਪਣੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਗੇ । ਮਾਸਟਰ ਰਣ ਸਿੰਘ ਨੇ ਕਿਹਾ ਕਿ ਅੱਜ ਟੈਕਨੋਲਜੀ ਦਾ ਯੁੱਗ ਹੋਣ ਕਰਕੇ ਅਤੇ ਸੋਸ਼ਲ ਮੀਡੀਆ ਦੇ ਆ ਜਾਣ ਕਾਰਨ ਮੋਬਾਇਲ ਹਰ ਇੱਕ ਵਿਅਕਤੀ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣ ਗਿਆ ਹੈ, ਇਸ ਮੋਬਾਇਲ ਤੋਂ ਬੱਚੇ ਵੀ ਬਚੇ ਹੋਏ ਨਹੀਂ ਹਨ, ਪਰ ਬੱਚਿਆਂ ਦੀ ਪੜਾਈ ਵਿੱਚ ਮੋਬਾਇਲ ਵੱਡੀ ਰੁਕਾਵਟ ਬਣਦੇ ਹਨ । ਇਸ ਲਈ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰੱਖਣਾ ਹੀ ਬਿਹਤਰ ਹੈ । ਮਾਸਟਰ ਰਣ ਸਿੰਘ ਨੇ ਅੱਗੇ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਉਹਨਾਂ ਨੂੰ ਤਕਨੀਕੀ ਸਿੱਖਿਆ ਨਾਲ ਜੋੜਨਾ ਵੀ ਜਰੂਰੀ ਹੈ । ਉਹਨਾਂ ਕਿਹਾ ਕਿ ਅਧਿਆਪਕਾਂ ਦਾ ਪਹਿਲਾ ਫਰਜ਼ ਹੈ ਕਿ ਉਹ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਨਾਲ ਉਹਨਾਂ ਵਿੱਚ ਚੰਗੇ ਸੰਸਕਾਰ ਵੀ ਪੈਦਾ ਕਰਨ । ਉਹਨਾਂ ਕਿਹਾ ਕਿ ਬਾਬਾ ਜੱਸ ਪਬਲਿਕ ਸਕੂਲ ਵਰਪਾਲ ਵਿਖੇ ਪੜ੍ਹਨ ਵਾਲੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਗਤੀਵਿਧੀਆਂ ਦੇ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸਦੇ ਤਹਿਤ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਵੀ ਦਿੱਤੀ ਜਾ ਰਹੀ ਹੈ।

# ਜਨਮ ਦਿਨ ਤੇ ਸ਼ੁਰੂ ਕੀਤੀ ਜਾਵੇਗੀ ਨਵ ਜੰਮੀਆਂ ਬੱਚੀਆਂ ਨੂੰ ਸ਼ਗਨ ਦੇਣ ਦੀ ਰਸਮ : ਕਥੂਰੀਆ

**ਜ਼ੀਰਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਰੋੜਾ ਮਹਾਂ ਸਭਾ ਜੀਰਾ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸ੍ਰੀ ਅਸ਼ੋਕ ਕਥੂਰੀਆ ਨੇ ਜੀਰਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਰੋੜਾ ਮਹਾਂ ਸਭਾ ਜੀਰਾ ਵੱਲੋਂ ਉਹਨਾਂ ਦੇ ਜਨਮ ਦਿਨ 23 ਸਤੰਬਰ ਨੂੰ ਸਿਵਲ ਹਸਪਤਾਲ ਜੀਰਾ ਵਿਖੇ ਨਵ ਜਨਮੀਆਂ ਬੱਚੀਆਂ ਨੂੰ 1100 ਰੁਪਏ ਨਕਦ ਅਤੇ ਪੰਜੀਰੀ ਦੇਣ ਦੀ ਰਸਮ ਮੁੜ ਸ਼ੁਰੂ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਅਰੋੜਾ ਮਹਾ ਸਭਾ ਵੱਲੋਂ ਇਹ ਰਸਮ ਨਿਰੰਤਰ ਚੱਲਦੀ ਰਹੀ ਹੈ ਅਤੇ ਹੁਣ ਕੁਝ ਕਾਰਨਾਂ ਕਰਕੇ ਬੰਦ ਕਰ ਦਿੱਤੀ ਗਈ ਸੀ ਜਿਸ ਨੂੰ 23 ਸਤੰਬਰ ਤੋਂ ਦੁਬਾਰਾ ਸ਼ੁਰੂ ਕੀਤਾ ਜਾ ਰਿਹਾ ਹੈ । ਅਸ਼ੋਕ ਕਥੂਰੀਆ ਨੇ ਅੱਗੇ ਕਿਹਾ ਕਿ ਅਰੋੜਾ ਮਹਾਂ ਸਭਾ ਵੱਲੋਂ ਜਿੱਥੇ ਅਰੋੜਾ ਬਰਾਦਰੀ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ, ਉੱਥੇ ਸਮਾਜਿਕ ਕੰਮਾਂ ਵਿੱਚ ਵੱਧ ਚੜ ਕੇ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ ਜਾ ਰਿਹਾ ਹੈ। ਉਹਨਾਂ ਅੱਗੇ ਦੱਸਿਆ ਕਿ ਅਰੋੜਾ ਮਹਾਸਾਭਾ ਵੱਲੋਂ ਗਰੀਬ ਲੜਕੀਆਂ ਦੇ ਵਿਆਹ ਵੀ ਕਰਵਾਏ ਜਾਂਦੇ ਹਨ ਅਤੇ ਉਹਨਾਂ ਨੂੰ ਵਰਤਣ ਲਈ ਲੋੜੀਂਦਾ ਸਮਾਨ ਦਹੇਜ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਅਰੋੜਾ ਮਹਾ ਸਭਾ ਵੱਲੋਂ ਸ਼ਹਿਰ ਵਾਸੀਆਂ ਦੀ ਮਦਦ ਦੇ ਨਾਲ ਅਵਾਰਾ ਫਿਰਦੇ ਪਸ਼ੂ ਜਿਵੇਂ ਗਾਵਾਂ ਅਤੇ ਗਊ ਵੰਸ਼ ਦੀ ਸਾਂਭ ਸੰਭਾਲ ਵੀ ਕੀਤੀ ਜਾਂਦੀ ਹੈ । ਸ਼੍ਰੀ ਕਥੂਰੀਆ ਨੇ ਇਹ ਵੀ ਦੱਸਿਆ ਕਿ ਕਾਲੀ ਮਾਤਾ ਮੰਦਰ ਜੀਰਾ ਵਿਖੇ ਮਿੱਤੀ 5 ਅਕਤੂਬਰ ਨੂੰ ਵੱਡੀ ਮੂਰਤੀ ਸਥਾਪਿਤ ਕਰਨ ਸਮੇਂ ਵਿਸ਼ਾਲ ਜਾਗਰਣ ਵੀ ਕਰਵਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਨੂੰ ਸਵੱਛ ਰੱਖਣ ਲਈ ਉਹਨਾਂ ਵੱਲੋਂ ਹਮੇਸ਼ਾ ਨਗਰ ਕੌਂਸਲ ਜੀਰਾ ਦਾ ਸਹਿਯੋਗ ਦਿੱਤਾ ਜਾਂਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸ੍ਰੀ ਪਵਨ ਅਨੇਜਾ ਸਾਬਕਾ ਐੱਮ ਸੀ, ਅਨਿਲ ਬਜਾਜ ਸਕੱਤਰ ਅਰੋੜਾ ਮਹਾ ਸਭਾ ਪੰਜਾਬ, ਰਣਜੀਤ ਬਜਾਜ, ਜਸਵਿੰਦਰ ਭਾਟੀਆ, ਹਰੀਸ਼ ਤਾਗੜਾ, ਮਹਿੰਦਰ ਸਿੰਘ ਫਰਨੀਚਰ ਵਾਲੇ, ਆਸ਼ੂ ਸਚਦੇਵਾ, ਸੋਮ ਪ੍ਰਕਾਸ਼ ਬਜਾਜ, ਪਵਨ ਕੁਮਾਰ ਲੱਲੀ, ਪ੍ਰਿੰਸ ਘੁਰਕੀ, ਅਮਰੀਕ ਸਿੰਘ, ਨਰਿੰਦਰ ਨਾਰੰਗ ਆਦਿ ਹਾਜ਼ਰ ਸਨ ।

# ਭਾਸ਼ਾ ਵਿਭਾਗ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ

**ਪਟਿਆਲਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਸਰਪ੍ਰਸਤੀ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਫਰੀਦਕੋਟ ਨਾਲ ਮਿਲਕੇ ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ ਰਾਜ ਪੱਧਰੀ ਸਮਾਗਮ ਦੇ ਰੂਪ 'ਚ ਮਨਾਇਆ ਜਾਵੇਗਾ। ਇਸ ਪੰਜ ਦਿਨਾ ਸਮਾਗਮ ਦੌਰਾਨ 19 ਤੋਂ 23 ਸਤੰਬਰ ਤੱਕ ਗੋਸ਼ਟੀਆਂ, ਨਾਟਕ, ਕਵੀ ਦਰਬਾਰ, ਰੂਬਰੂ ਤੇ ਪੁਸਤਕ ਮੇਲੇ ਦਾ ਆਯੋਜਨ ਕੀਤਾ ਜਾਵੇਗਾ। ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ ਇਸ ਸਮਾਗਮ ਦਾ ਉਦਘਾਟਨ ਸਵੇਰੇ 9.30 ਵਜੇ ਫਰੀਦਕੋਟ ਤੋਂ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਕਰਨਗੇ। ਸਮਾਗਮ ਦੌਰਾਨ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਤੇ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀ ਵਿਨੀਤ ਕੁਮਾਰ ਆਈ.ਏ.ਐਸ. ਵਿਸ਼ੇਸ਼ ਮਹਿਮਾਨ ਹੋਣਗੇ।

ਸਮਾਗਮ ਦੇ ਪਹਿਲੇ ਦਿਨ ਬਾਅਦ ਦੁਪਹਿਰ ਬ੍ਰਿਜਿੰਦਰਾ ਕਾਲਜ ਵਿਖੇ ਉੱਘੇ ਰੰਗਕਰਮੀ ਤੇ ਫਿਲਮ ਅਦਾਕਾਰ ਪ੍ਰਿੰਸ ਕੰਵਲਜੀਤ ਸਿੰਘ ਨਾਲ 3.30 ਵਜੇ 'ਰੰਗਮੰਚ ਤੋਂ ਫਿਲਮਾਂ ਤੱਕ' ਵਿਸ਼ੇ 'ਤੇ ਕੁਮਾਰ ਜਗਦੇਵ ਸੰਵਾਦ ਰਚਾਉਣਗੇ। ਇਸ ਉਪਰੰਤ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਖੇ ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਸ਼ਾਮ 6 ਵਜੇ 'ਭਾਸ਼ਾ ਵਹਿੰਦਾ ਦਰਿਆ' ਅਤੇ ਸਾਰਥਕ ਰੰਗਮੰਚ ਪਟਿਆਲਾ ਵੱਲੋਂ 7.30 ਵਜੇ 'ਕਰ ਲਓ ਘਿਓ ਨੂੰ ਭਾਂਡਾ' ਨਾਟਕ ਦਾ ਮੰਚਨ ਕੀਤਾ ਜਾਵੇਗਾ। ਅਗਲੇ ਦਿਨ 20 ਸਤੰਬਰ ਨੂੰ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਸਵੇਰ ਦੇ ਸ਼ੈਸ਼ਨ ਵਿੱਚ (11 ਵਜੇ) ਡਾ. ਦੇਵਿੰਦਰ ਸੈਫ਼ੀ ਉੱਘੇ ਚਿੰਤਕ ਡਾ. ਮਨਮੋਹਨ ਨਾਲ ਸੰਵਾਦ ਰਚਾਉਣਗੇ। ਬਾਅਦ ਦੁਪਹਿਰ ਦੇ ਸ਼ੈਸ਼ਨ ਵਿੱਚ (3.30 ਵਜੇ) ਫਿਲਮ ਨਿਰਦੇਸ਼ਕ, ਲੇਖਕ, ਕਾਲਮ ਨਵੀਸ ਤੇ ਖੋਜ ਕਰਤਾ ਜਤਿੰਦਰ ਮੌਹਰ ਨਾਲ ਗੁਰਮੀਤ ਕੜਿਆਲਵੀ 'ਸਿਨੇਮਾ ਤੇ ਸਮਾਜ' ਵਿਸ਼ੇ 'ਤੇ ਸੰਵਾਦ ਰਚਾਉਣਗੇ। ਸ਼ਾਮ ਦੇ ਸ਼ੈਸ਼ਨ ਵਿੱਚ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਖੇ ਨਾਦ ਰੰਗਮੰਚ ਪਟਿਆਲਾ ਵੱਲੋਂ ਨਾਟਕ 'ਮਿਰਜ਼ਾ' (6 ਵਜੇ) ਅਤੇ ਉੱਘੇ ਰੰਗਕਰਮੀ ਤੇ ਫਿਲਮਸਾਜ਼ ਗੁਰਚੇਤ ਚਿੱਤਰਕਾਰ ਵੱਲੋਂ 'ਟੈਨਸ਼ਨ ਫਰੀ' ਨਾਟਕ (7.30 ਵਜੇ) ਦਾ ਮੰਚਨ ਕੀਤਾ ਜਾਵੇਗਾ।

21 ਸਤੰਬਰ ਨੂੰ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਸਵੇਰ ਦੇ ਸ਼ੈਸ਼ਨ ਵਿੱਚ ਨਾਮਵਰ ਪੱਤਰਕਾਰ ਯਾਦਵਿੰਦਰ ਕਰਫ਼ਿਊ ਨਾਲ 'ਚੌਥਾ ਥੰਮ' ਵਿਸ਼ੇ 'ਤੇ ਸ਼ਿਵਜੀਤ ਸਿੰਘ ਸੰਘਾ 11 ਵਜੇ ਸੰਵਾਦ ਰਚਾਉਣਗੇ। ਸ਼ਾਮ ਦੇ ਸ਼ੈਸ਼ਨ 'ਚ 3.30 ਵਜੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਵੀ ਸਵਰਨਜੀਤ ਸਵੀ ਨਾਲ ਗੁਰਪ੍ਰੀਤ 'ਕਵਿਤਾ ਤੇ ਸਮਕਾਲ' ਵਿਸ਼ੇ 'ਤੇ ਸੰਵਾਦ ਰਚਾਉਣਗੇ।

22 ਸਤੰਬਰ ਨੂੰ ਸਵੇਰੇ 11 ਵਜੇ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ 'ਸੁਰਜੀਤ ਪਾਤਰ ਦਾ ਸਾਹਿਤਕ ਗੌਰਵ' ਵਿਸ਼ੇ 'ਤੇ ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਨਾਲ ਗੁਰਤੇਜ ਕੋਹਾਰਵਾਲਾ ਵਿਚਾਰ ਚਰਚਾ ਕਰਨਗੇ। ਇਸੇ ਦਿਨ ਸਮਾਪਤੀ ਸਮਾਰੋਹ ਦੌਰਾਨ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿਖੇ ਸਪੀਕਰ ਵਿਧਾਨ ਸਭਾ ਪੰਜਾਬ ਸ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਫਰੀਦਕੋਟ ਤੋਂ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਅਤੇ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਵਿਨੀਤ ਕੁਮਾਰ ਆਈ.ਏ.ਐਸ. ਵਿਸ਼ੇਸ਼ ਮਹਿਮਾਨ ਹੋਣਗੇ। ਸਮਾਗਮ ਦੀ ਪ੍ਰਧਾਨਗੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਕਰਨਗੇ। ਇਸ ਮੌਕੇ ਹੋਣ ਵਾਲੇ ਕਵੀ ਦਰਬਾਰ 'ਚ ਨਾਮਵਰ ਕਵੀ ਸਤਪਾਲ ਭੀਖੀ, ਸੁਸ਼ੀਲ ਦੁਸਾਂਝ, ਸ਼ਮਸ਼ੇਰ ਮੋਹੀ, ਹਰਮੀਤ ਵਿਦਿਆਰਥੀ, ਗੁਰਸੇਵਕ ਲੰਬੀ, ਜਗਵਿੰਦਰ ਜੋਧਾ, ਦਰਸ਼ਨ ਬੁੱਟਰ, ਬਲਵਿੰਦਰ ਸੰਧੂ, ਮਨਦੀਪ ਔਲਖ, ਰੇਨੂੰ ਨਈਅਰ, ਰਿਸ਼ੀ ਹਿਰਦੇਪਾਲ, ਵਾਹਿਦ ਤੇ ਵਿਜੇ ਵਿਵੇਕ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਇੰਨਾਂ ਸਮਾਗਮ ਦੇ ਸਮਾਂਤਰ ਹੀ 19 ਤੋਂ 23 ਸਤੰਬਰ ਤੱਕ ਪੁਸਤਕ ਮੇਲਾ ਵੀ ਲੱਗੇਗਾ। ਸਮਾਗਮ ਦੀ ਸੰਚਾਲਨ ਕਮੇਟੀ ਦੀ ਮੁਖੀ ਸ੍ਰੀਮਤੀ ਵੀਰਪਾਲ ਕੌਰ ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ ਫਰੀਦਕੋਟ, ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜੀਤ ਪੁਰੀ ਅਤੇ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਫ਼ਰੀਦਕੋਟ ਦੇ ਪ੍ਰਧਾਨ ਅਮਨਪ੍ਰੀਤ ਸਿੰਘ ਨੇ ਸਮੂਹ ਸਾਹਿਤ ਤੇ ਕਲਾ ਪ੍ਰੇਮੀਆਂ ਨੂੰ ਇਸ ਸਮਾਗਮ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

# ਚੱਬੇਵਾਲ ਵਿਧਾਨ ਸਭਾ ਹਲਕੇ ਦੇ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਮਿਲਣਗੀਆਂ



**ਹੁਸ਼ਿਆਰਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਚੱਬੇਵਾਲ ਦੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਅਤੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ 1 ਕਰੋੜ 41 ਲੱਖ ਰੁਪਏ ਦਾ ਕੁੱਲ ਬਜਟ ਜਾਰੀ ਕੀਤਾ ਗਿਆ ਹੈ। ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਫੰਡ ਇਲਾਕੇ ਦੇ ਸਰਕਾਰੀ ਸਕੂਲਾਂ ਵਿੱਚ ਚਾਰਦੀਵਾਰੀ ਦੀ ਮੁਰੰਮਤ, ਰੱਖ-ਰਖਾਅ ਅਤੇ ਉਸਾਰੀ ਲਈ ਰੱਖਿਆ ਗਿਆ ਹੈ, ਤਾਂ ਜੋ ਵਿਦਿਆਰਥੀਆਂ ਨੂੰ ਵਧੀਆ ਵਿੱਦਿਅਕ ਸਹੂਲਤਾਂ ਮਿਲ ਸਕਣ ਹਾਈ-ਟੈਕ ਕਲਾਸਰੂਮਾਂ ਰਾਹੀਂ ਪ੍ਰਦਾਨ ਕੀਤਾ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਵਿਦਿਆਰਥੀਆਂ ਨੂੰ ਬਿਹਤਰ ਵਿਦਿਅਕ ਅਨੁਭਵ ਪ੍ਰਦਾਨ ਕਰਨਾ ਹੈ। ਨਵੀਂ ਤਕਨੀਕ ਨਾਲ ਲੈਸ ਇਹ ਕਲਾਸਰੂਮ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਦੀ ਕਾਬਲੀਅਤ ਨੂੰ ਵਧਾਉਣ ਵਿੱਚ ਸਹਾਈ ਹੋਣਗੇ। ਇਸ ਮੌਕੇ ਸ. ਇਸ ਮੌਕੇ ਉਨ੍ਹਾਂ ਨਾਲ ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਹ ਰਾਸ਼ੀ ਸਕੂਲ ਦੀਆਂ ਇਮਾਰਤਾਂ ਦੀ ਮੁਰੰਮਤ, ਛੱਤਾਂ ਦੇ ਸੁਧਾਰ, ਫਰਨੀਚਰ ਦੀ ਮੁਰੰਮਤ, ਇਲੈਕਟ੍ਰਿਕ ਫਿਟਿੰਗਸ ਅਤੇ ਹੋਰ ਜ਼ਰੂਰੀ ਰੱਖ-ਰਖਾਅ ਦੇ ਕੰਮਾਂ ਲਈ ਵਰਤੀ ਜਾਵੇਗੀ। ਇਹ ਫੰਡ ਵਿਸ਼ੇਸ਼ ਤੌਰ 'ਤੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇੱਕ ਸੁਰੱਖਿਅਤ ਅਤੇ ਆਰਾਮਦਾਇਕ ਮਾਹੌਲ ਯਕੀਨੀ ਬਣਾਇਆ ਜਾ ਸਕੇ। ਇਲਾਕਾ ਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਸਰਕਾਰੀ ਸਕੂਲਾਂ ਦੀ ਮੁਰੰਮਤ ਦੀ ਮੰਗ ਕੀਤੀ ਜਾ ਰਹੀ ਸੀ ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਅਤੇ ਸੁਚੱਜੇ ਮਾਹੌਲ ਵਿੱਚ ਪੜ੍ਹਨ ਦਾ ਮੌਕਾ ਮਿਲ ਸਕੇ, ਇਸ ਦੇ ਨਾਲ ਹੀ 9 ਸਰਕਾਰੀ ਸਕੂਲਾਂ ਦੀ ਚਾਰਦੀਵਾਰੀ ਲਈ 36 ਲੱਖ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਸਕੂਲਾਂ ਨੂੰ ਕੀਤਾ ਗਿਆ ਹੈ। ਸਕੂਲਾਂ ਵਿੱਚ ਚਾਰਦੀਵਾਰੀ ਨਾ ਹੋਣ ਕਾਰਨ ਸੁਰੱਖਿਆ ਸਬੰਧੀ ਸਮੱਸਿਆਵਾਂ ਪੈਦਾ ਹੋ ਰਹੀਆਂ ਸਨ। ਕਈ ਸਕੂਲਾਂ ਵਿੱਚ ਚਾਰਦੀਵਾਰੀ ਦਾ ਨਿਰਮਾਣ ਅਧੂਰਾ ਸੀ, ਜਿਸ ਨਾਲ ਸੁਰੱਖਿਆ ਲਈ ਖ਼ਤਰਾ ਪੈਦਾ ਹੋ ਗਿਆ ਸੀ। ਇਸ ਰਾਸ਼ੀ ਨਾਲ ਉਨ੍ਹਾਂ ਸਾਰੇ ਸਕੂਲਾਂ ਵਿੱਚ ਚਾਰਦੀਵਾਰੀ ਦੀ ਉਸਾਰੀ ਮੁਕੰਮਲ ਹੋ ਜਾਵੇਗੀ, ਜਿਸ ਨਾਲ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਰਾਸ਼ੀ ਨਾਲ ਨਾ ਸਿਰਫ਼ ਸਕੂਲਾਂ ਦੇ ਭੌਤਿਕ ਢਾਂਚੇ ਵਿੱਚ ਸੁਧਾਰ ਹੋਵੇਗਾ।

# ਗੋਮੇ ਬਰਗਰਜ਼ ਦਾ ਸਿਗਨੇਚਰ ਕਲੈਕਸ਼ ਲਾਂਚ ਕੀਤਾ

**ਹੁਸ਼ਿਆਰਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਰਥ ਐਂਡ ਈਸਟ ਨੇ ਗੋਮੇ ਬਰਗਰਜ਼ ਦੇ ਆਪਣੇ ਲਾਈਨਅੱਪ ਦੇ ਰੂਪ ਵਿੱਚ ਇੱਕ ਨਵਾਂ 'ਸਿਗਨੇਚਰ ਕਲੈਕਸ਼ਨ' ਲਾਂਚ ਕਰਨ ਦਾ ਐਲਾਨ ਕੀਤਾ ਹੈ। 'ਸਿਗਨੇਚਰ ਕਲੈਕਸ਼ਨ' ਦਾ ਉਦੇਸ਼ ਮੈਕਡੋਨਲਡ ਦੇ ਆਈਕਾਨਿਕ ਮੀਨੂ ਵਿੱਚ ਵਿਸ਼ੇਸ਼ ਪਕਵਾਨਾਂ ਨੂੰ ਸ਼ਾਮਲ ਕਰਕੇ ਵਧ ਰਹੇ ਪ੍ਰੀਮੀਅਮ ਖੰਡ ਵਿੱਚ ਆਪਣੀ ਮੌਜੂਦਗੀ ਵਧਾਉਣਾ ਹੈ। ਇਸ ਰਾਹੀਂ ਤਤਕਾਲ ਸੇਵਾ ਰੈਸਟੋਰੈਂਟ ਉਦਯੋਗ ਵਿੱਚ ਕੁਆਲਿਟੀ ਅਤੇ ਸਵਾਦ ਸਬੰਧੀ ਨਵੇਂ ਮਾਪਦੰਡ ਤੈਅ ਕੀਤੇ ਜਾਣਗੇ।

ਲਾਂਚ ਤੋਂ ਠੀਕ ਪਹਿਲਾਂ, ਮੈਕਡੋਨਲਡਜ਼ ਨੇ ÓImagine in AIÓ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜਿਸਦਾ ਉਦੇਸ਼ ਗਾਹਕਾਂ ਲਈ ਇੱਕ ਦਿਲਚਸਪ ਅਨੁਭਵ ਬਣਾਉਣ ਲਈ 19 ਤਕਨਾਲੋਜੀ ਦਾ ਲਾਭ ਉਠਾਉਣਾ ਹੈ ਜਿੱਥੇ ਉਹ ਸਿਗਨੇਚਰ ਕਲੈਕਸ਼ਨ ਦੀ ਕਲਪਨਾ ਕਰ ਸਕਦੇ ਹਨ। ਇਹ ਮੁਹਿੰਮ ਗਾਹਕਾਂ ਨੂੰ ਬ੍ਰਾਂਡ ਦੇ ਨਾਲ ਇੱਕ ਇਮਰਸਿਵ ਅਨੁਭਵ ਪ੍ਰਦਾਨ ਕਰਨ ਲਈ 19 ਦੁਆਰਾ ਤਿਆਰ ਕੀਤੇ ਵਿਜ਼ੁਅਲਸ ਦੇ ਨਾਲ ਉਪਭੋਗਤਾ ਇਨਪੁਟ ਨੂੰ ਜੋੜਦੀ ਹੈ, ਨਾਲ ਹੀ ਉਹਨਾਂ ਨੂੰ ਸਿਗਨੇਚਰ ਕਲੈਕਸ਼ਨ ਰਿਵਾਰਡ ਕਾਰਡ ਲਾਭਾਂ ਦਾ ਲਾਭ ਲੈਣ ਦਾ ਮੌਕਾ ਵੀ ਦਿੰਦੀ ਹੈ।

ਰਾਜੀਵ ਰੰਜਨ, ਮੈਨੇਜਿੰਗ ਡਾਇਰੈਕਟਰ, ਮੈਕਡੋਨਲਡਜ਼ ਇੰਡੀਆ – ਨੌਰਥ ਐਂਡ ਈਸਟ ਨੇ ਕਿਹਾ, 'ਅਸੀਂ ਗੋਮੇ ਬਰਗਰਜ਼ ਦੇ ਸਿਗਨੇਚਰ ਕਲੈਕਸ਼ਨ ਲਈ ਕੁਝ ਖਾਸ ਇੰਗ੍ਰੇਡਿਐਂਟਸ ਦੀ ਚੋਣ ਕੀਤੀ ਹੈ, ਜੋ ਵਧੀਆ ਸੁਆਦ ਦਾ ਅਨੁਭਵ ਪ੍ਰਦਾਨ ਕਰਨਗੇ। ਹਰੇਕ ਬਰਗਰ ਨੂੰ ਇੱਕ ਵਿਲੱਖਣ ਅਨੁਭਵ ਬਣਾਉਣ ਲਈ ਮੁਹਾਰਤ ਨਾਲ ਤਿਆਰ ਕੀਤਾ ਜਾਵੇਗਾ।

ਇਸ ਕਲੈਕਸ਼ਨ ਦੁਆਰਾ, ਗੋਮੇ ਦੀ ਗੁਣਵੱਤਾ ਅਤੇ ਮੈਕਡੋਨਲਡਜ਼ ਦੇ ਮਨਪਸੰਦ ਸੁਆਦਾਂ ਨੂੰ ਜੋੜਦੇ ਹੋਏ, ਖਾਣੇ ਦੇ ਅਨੁਭਵ ਨੂੰ ਨਵੀਆਂ ਉਚਾਈਆਂ 'ਤੇ ਲਿਜਾਇਆ ਜਾਵੇਗਾ।ਮੈਕਡੋਨਲਡਜ਼ ਨੇ ਸਭ ਤੋਂ ਵਧੀਆ ਇੰਗ੍ਰੇਡਿਐਂਟਸ, ਟੌਪਿੰਗਜ਼ ਅਤੇ ਗੋਮੇ ਪੈਟੀਜ਼ ਨੂੰ ਜੋੜਨ ਲਈ ਬਹੁਤ ਉਪਰਾਲੇ ਕੀਤੇ ਹਨ, ਜੋ ਮੈਕਡੋਨਲਡ ਦੇ ਗਾਹਕਾਂ ਨੂੰ ਵਿਲੱਖਣ ਸਵਾਦ ਅਤੇ ਵਧੀਆ ਖਾਣੇ ਦਾ ਅਨੁਭਵ ਪ੍ਰਦਾਨ ਕਰਦੇ ਹਨ ।

ਦੋ ਵਿਕਲਪ: ਗ੍ਰੈਂਡ ਪਨੀਰ (ਗੋਮ ਵੇਜ) ਅਤੇ ਗ੍ਰੈਂਡ ਚਿਕਨ (ਗੋਮੇ ਨਾਨ ਵੈਜ) ਕ੍ਰਮਵਾਰ 225 ਰੁਪਏ ਅਤੇ 229 ਰੁਪਏ ਵਿੱਚ ਉਪਲਬਧ ਹੋਣਗੇ।ਨਵਾਂ 'ਸਿਗਨੇਚਰ ਕਲੈਕਸ਼ਨ' ਕਿਸੇ ਵੀ ਸਮੇਂ, ਕਿਤੇ ਵੀ ਸੰਪੂਰਨ ਭੋਜਨ ਹੈ। ਇਨ੍ਹਾਂ ਦਾ ਆਨੰਦ ਕਿਸੇ ਵੀ ਨੇੜਲੇ ਮੈਕਡੋਨਲਡਜ਼ ਰੈਸਟੋਰੈਂਟ ਵਿੱਚ ਜਾ ਕੇ ਜਾਂ ਡਿਲੀਵਰੀ (ਸਵਿਗੀ, ਜ਼ੋਮੈਟੋ ਜਾਂ ਮੈਜਿਕ ਪਿਨ), ਟੇਕਵੇਅ ਜਾਂ ਗੱਡੀ ਰਾਹੀਂ ਲਿਆ ਜਾ ਸਕਦਾ ਹੈ।

ਕੌਮੀ ਪੱਤ੍ਰਿਕਾ

# ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਵਾਉਣਾ ਹੀ ਚੋਣ ਕਮਿਸ਼ਨ ਦਾ ਟੀਚਾ : ਪੰਕਜ ਅਗਰਵਾਲ

## ਹਰਿਆਣਾ ਵਿਧਾਨ ਸਭਾ ਚੋਣ 2024 ਦਾ ਸਿਖਰ ਸਲੋਗਨ ਹੋਵੇਗਾ ਚੁਣਾਵ ਦਾ ਪਰਵ -ਪ੍ਰਦੇਸ਼ ਦਾ ਗਰਵ

**ਚੰਡੀਗੜ੍ਹ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ , ਜੋ ਚੋਣਾਂ ਦੌਰਾਨ ਕੇਂਦਰੀ ਆਰਮਡ ਪੁਲਿਸ ਫੋਰਸਾਂ ਦੀ ਤੈਨਾਤੀ 'ਤੇ ਗਠਨ ਰਾਜ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਵਾਉਣਾ ਹੀ ਚੋਣ ਕਮਿਸ਼ਨ ਦਾ ਟੀਚਾ ਹੈ। ਇਸ ਦੇ ਮੱਦੇਨਜਰ ਸੂਬਾ ਪੁਲਿਸ ਦੇ ਨਾਲ-ਨਾਲ ਕੇਂਦਰੀ ਆਰਮਡ ਪੁਲਿਸ ਫੋਰਸਾਂ ਜਿਵੇਂ ਬੀਐਸਐਫ, ਸੀਆਰਪੀਐਫ, ਆਈਟੀਬੀਪੀ, ਆਰਪੀਐਫ ਦੀ ਕੰਪਨੀਆਂ ਵੀ ਮੁਸਤੈਦੀ ਨਾਲ ਤੇਨਾਤ ਰਹੇਗੀ। ਇਸ ਦਾ ਮੁੱਖ ਉਦੇਸ਼ ਹੈ ਕਿ ਲੋਕ ਬਿਨ੍ਹਾਂ ਡਰੇ ਰਿਨ੍ਹਾਂ ਕਿਸੇ ਦਬਾਅ ਦੇ ਆਪਣੇ ਵੋਟ ਅਧਿਕਾਰ ਦੀ ਵਰਤੋ ਕਰ ਸਕਣ।

ਸ੍ਰੀ ਅਗਰਵਾਲ ਨੇ ਸੁਰੱਖਿਆ ਪ੍ਰਬੰਧਾਂ ਦੇ ਸਬੰਧ ਵਿਚ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੁਰੱਖਿਆ ਦੇ ਮੱਦੇਨਜਰ ਲੋਕਾਂ ਵਿਚ ਭਰੋਸਾ ਬਣਾਏ ਰੱਖਣ ਲਈ ਕੇਂਦਰੀ ਆਰਮਡ ਪੁਲਿਸ ਫੋਰਸਾਂ ਦੀ ਕੰਪਨੀਆਂ ਦਾ ਮੁੱਖ ਕੰਮ ਚੋਣ ਪ੍ਰਕ੍ਰਿਆ ਦੌਰਾਨ ਫਲੈਗ ਮਾਰਚ ਤੇ ਏਰਿਆ ਡੋਮੀਨੇਸ਼ਨ ਵੱਲੋਂ ਵੋਟਰਾਂ ਵਿਚ ਸੁਰੱਖਿਅਤ ਮਾਹੌਲ ਦਾ ਭਰੋਸਾ ਪੈਦਾ ਕਰਨਾ ਹੈ। ਇਸ ਤੋਂ ਇਲਾਵਾ, ਚੱਪੇ-ਚੱਪੇ 'ਤੇ ਸਖਤ ਨਿਗਰਾਨੀ ਵੀ ਰੱਖੀ ਜਾਵੇਗੀ। ਚੋਣ ਕੇਂਦਰਾਂ ਦੇ ਨੇੜੇ ਵੱਧ ਸੁਰੱਖਿਆ ਬਣਾਏ ਰੱਖਣ ਲਈ ਹਰਿਆਣਾ ਪੁਲਿਸ, ਆਈਆਰਬੀ ਅਤੇ ਹੋਮ ਗਾਰਡ ਦੇ ਜਵਾਨਾਂ ਦੀ ਤੈਨਾਤੀ ਰਹੇਗੀ। ਕ੍ਰਿਟਿਕਲ ਸ਼੍ਰੇਣੀ ਦੇ ਚੋਣ ਕੇਂਦਰਾਂ ਦੀ ਨਿਗਰਾਨੀ ਦੇ ਲਈ ਕੇਂਦਰੀ ਨੀਮ ਫੌਜੀ ਫੋਰਸਾਂ ਦੀ ਵਿਸ਼ੇਸ਼ ਤੈਨਾਤੀ ਰਹੇਗੀ। ਇਸ ਤੋਂ ਇਲਾਵਾ, ਵੈਬਕਾਸਿਟੰਗ ਵੱਲੋਂ ਵੀ ਚੋਣ ਕੇਂਦਰਾਂ 'ਤੇ ਨਿਗਰਾਨੀ ਰੱਖੀ ਜਾਵੇਗੀ। ਬਜੁਰਗਾਂ ਤੇ ਦਿਵਆਂਗ ਵੋਟਰਾਂ ਦੀ ਚੋਣ ਵਿਚ ਸਹਾਇਤਾਂ ਲਈ ਐਨਸੀਸੀ/ ਐਨਐਸਐਸ ਤੇ ਰੈਡਕ੍ਰਾਸ ਦੇ ਵਾਲੰਟਿਅਰਸ ਦੀ ਸੇਵਾਵਾਂ ਵੀ ਉਪਲਬਧ ਰਹੇਗੀ। ਉਨ੍ਹਾਂ ਨੇ ਕਿਹਾ ਕਿ ਮੁੱਖ ਚੋਣ ਅਧਿਕਾਰੀ ਦਫਤਰ ਨੇ ਹਰਿਆਣਾ ਵਿਧਾਨਸਭਾ ਚੋਣ-2024 ਲਈ ਚੋਣ ਦਾ ਪਰਵ-ਪ੍ਰਦੇਸ਼ ਕਾ ਗਰਵ ਸਿਖਰ ਸਲੋਗਨ ਦਿੱਤਾ ਹੈ। ਵਿਭਾਗ ਦੇ ਇਸ ਟੀਚੇ ਨੂੰ ਤਾਂਹੀ ਪੂਰਾ ਕੀਤਾ ਜਾ ਸਕਦਾ ਹੈ ੧ਦੋਂ ਵੱਧ ਤੋਂ ਵੱਧ ਲੋਕ ਆਪਣੇ ਵੋਟ ਅਅਧਿਕਾਰ ਦੀ ਵਰਤੋ ਕਰਨ। ਉਨ੍ਹਾਂ ਨੇ ਕਿਹਾ ਕਿ ਇਸ ਪਰਵ ਨੂੰ ਖੁਸ਼ੀ, ਸ਼ਾਂਤੀ, ਭਾਈਚਾਰੇ ਦੇ ਨਾਲ ਮਨਾਉਣਾ ਹਰ ਨਾਗਰਿਕ ਦੀ ਜਿਮੇਵਾਰੀ ਹੈ।

ਮੁੱਖ ਚੋਣ ਅਧਿਕਾਰੀ ਨੇ ਕੇਂਦਰੀ ਆਰਮਡ ਪੁਲਿਸ ਫੋਰਸਾਂ ਦੀ ਤੈਨਾਤੀ ਦੇ ਬਾਰੇ ਵਿਚ ਕਿਹਾ ਕਿ ਵਿਧਾਨਸਭਾ ਚੋਣ ਲਈ ਭਾਰਤ ਚੋਣ ਕਮਿਸ਼ਨ ਤੋਂ 225 ਕੰਪਨੀਆਂ ਦੀ ਮੰਗ ਕੀਤੀ ਗਈ ਸੀ , ਜਿਸ ਵਿੱਚੋਂ 70 ਕੰਪੱਨੀਆਂ 25 ਅਗਸਤ, 2024 ਤਕ ਸੂਬੇ ਵਿਚ ਪਹੁੰਚ ਚੁੱਕੀਆਂ ਸਨ।

ਸ਼ੁਰੂ ਵਿਚ ਕੇਂਦਰੀ ਰਿਜਰਵ ਪੁਲਿਸ ਫੋਰਸ (ਸੀਆਰਪੀਐਫ) ਦੀ 15 ਕੰਪਨੀਆਂ, ਸੀਮਾ ਸੁਰੱਖਿਆ ਫੋਰਸ ਦੀ 10, ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ ਦੀ 15, ਭਾਰਤ ਤਿਬੱਤ ਸੀਮਾ ਪੁਲਿਸ ਦੀ 10, ਆਰਮਡ ਸੀਮਾ ਫੋਰਸ ਦੀ 10 ਅਤੇ ਰੇਲਵੇ ਸੁਰੱਖਿਆ ਫੋਰਸ ਦੀ 10 ਕੰਪਨੀਆਂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਹਰਿਆਣਾ ਵਿਚ ਸਿੱਧਾ ਭੇਜਿਆ ਗਿਆ ਹੈ। ਬਾਕੀ 155 ਕੰਪਨੀਆਂ ਜੰਮੂ ਅਤੇ ਕਸ਼ਮੀਰ ਦੇ ਪਹਿਲੇ ਅਤੇ ਦੂਜੇ ਪੜਾਅ ਦੇ ਚੋਣ ਦੇ ਬਾਅਦ 24 ਸਤੰਬਰ , 2024 ਤਕ ਸੂਬੇ ਵਿਚ ਪਹੁੰਚ ਜਾਣਗੀਆਂ, ਜਿਨ੍ਹਾਂ ਵਿਚ ਕੇਂਦਰੀ ਰਿਜਰਵ ਪੁਲਿਸ ਫੋਰਸ (ਸੀਆਰਪੀਐਫ) ਦੀ 25 ਕੰਪਨੀਆਂ, ਸੀਮਾ ਸੁਰੱਖਿਆ ਫੋਰਸ ਦੀਆਂ 15, ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ ਦੀ 30, ਭਾਰਤ ਤਿਬੱਤ ਸੀਮਾ ਪੁਲਿਸ ਦੀ 25, ਆਰਮਡ ਸੀਮਾ ਫੋਰਸ ਦੀ 35 ਅਤੇ ਰੇਲਵੇ ਸੁਰੱਖਿਆ ਫੋਰਸ ਦੀ 25 ਕੰਪਨੀਆਂ ਸ਼ਾਮਿਲ ਹਨ।

ਉਨ੍ਹਾਂ ਨੇ ਦਸਿਆ ਕਿ 5 ਅਕਤੂਬਰ, 2024 ਨੂੰ ਚੋਣ ਹੋਣ ਦੇ ਬਾਅਦ ਈਵੀਐਮ, ਸਟ੍ਰਾਂਗ ਰੂਮ ਅਤੇ ਗਿਣਤੀ ਕੇਂਦਰਾਂ ਦੀ ਸੁਰੱਖਿਆ ਲਈ 30 ਕੰਪਨੀਆਂ ਰਾਜ ਵਿਚ ਗਿਣਤੀ ਪੂਰੀ ਹੋਣ ਤਕ ਤੈਨਾਤ ਰਹਿਣਗੀਆਂ।

# ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕਰਨ ਲਈ ਕੀਤੇ ਜਾ ਰਹੇ ਨੇ ਵਿਸ਼ੇਸ਼ ਉਪਰਾਲੇ : ਗੁਰਮੀਤ ਸਿੰਘ ਖੁੱਡੀਆਂ



**ਬਠਿੰਡਾ 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਦਾ ਰਹੇ ਹਨ। ਇਨ੍ਹਾਂ ਗੱਲ੍ਹਾਂ ਦਾ ਪ੍ਰਗਟਾਵਾ ਖੇਤੀਬਾੜੀ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸਥਾਨਕ ਸਰਕਾਰੀ ਰਜਿੰਦਰਾ ਕਾਲਜ ਚ ਸਥਿਤ ਹਾਕੀ ਸਟੇਡੀਅਮ ਵਿਖੇ ਕਰਵਾਏ ਗਏ ਦੋ ਰੋਜ਼ਾ ਹਾਕੀ ਟੂਰਨਾਮੈਂਟ ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਏਡੀਜੀਪੀ ਬਠਿੰਡਾ ਰੇਂਜ ਸ੍ਰੀ ਐਸਪੀਐਸ ਪਰਮਾਰ, ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ, ਆਮ ਆਦਮੀ ਪਾਰਟੀ ਬਠਿੰਡਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ. ਜਤਿੰਦਰ ਭੱਲਾ ਅਤੇ ਚੇਅਰਮੈਨ ਸ਼ੂਗਰਫੈਡ ਪੰਜਾਬ ਸ. ਨਵਦੀਪ ਜੀਦਾ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਇਸ ਮੌਕੇ ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਕਰਵਾਏ ਗਏ ਇਸ ਹਾਕੀ ਟੂਰਨਾਮੈਂਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਇਸ ਤਰ੍ਹਾਂ ਦੇ ਭਵਿੱਖੀ ਪ੍ਰੋਗਰਾਮ ਉਲੀਕੇ ਜਾਣਗੇ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜ ਕੇ ਨੌਜਵਾਨ ਜਿੱਥੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿੰਦੇ ਹਨ, ਉੱਥੇ ਹੀ ਉਹ ਸਮਾਜ ਵਿਚ ਇਕ ਚੰਗੇ ਨਾਗਰਿਕ ਦੇ ਤੌਰ 'ਤੇ ਆਪਣੀ ਪਹਿਚਾਣ ਬਣਾ ਸਕਦੇ ਹਨ।

ਇਸ ਦੌਰਾਨ ਵਿਧਾਇਕ ਸ ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਨਰੋਈ ਸਿਹਤ ਅਤੇ ਨਾਮਣੇ ਲਈ ਨੌਜਵਾਨਾਂ ਦਾ ਖੇਡ ਮੈਦਾਨਾਂ ਨਾਲ ਜੁੜਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਸਰੀਰ ਸਭ ਤੋਂ ਵੱਡੀ ਕਮਾਈ ਹੈ ਅਤੇ ਖੇਡਾਂ ਸਰੀਰਿਕ ਤੰਦਰੁਸਤੀ ਦਾ ਰਾਜ ਹਨ। ਖੇਡ ਮੈਦਾਨਾਂ ਵਿਚ ਆਈਆਂ ਰੌਣਕਾਂ ਹੀ ਰੰਗਲੇ ਪੰਜਾਬ ਦੀ ਤਰਜਮਾਨੀ ਕਰਦੀਆਂ ਹਨ।

ਇਸ ਮੌਕੇ ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਜਦੋਂ ਉਹ ਆਪਣੀ ਖੇਡ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁੱਚੇ ਦੇਸ਼-ਵਾਸੀਆਂ ਦਾ ਸੀਨਾ ਚੌੜਾ ਹੋ ਜਾਂਦਾ ਹੈ।

ਇਸ ਦੌਰਾਨ ਐਸਪੀਐਸ ਪਰਮਾਰ ਨੇ ਕਿਹਾ ਕਿ ਰਾਜ ਸਰਕਾਰ ਨੌਜਵਾਨਾਂ ਨੂੰ ਜਿੱਥੇ ਖੇਡਾਂ ਨਾਲ ਜੋੜ ਕੇ ਖਿਡਾਰੀਆਂ ਦਾ ਇਨਾਮੀ ਰਾਸ਼ੀ ਨਾਲ ਸਨਮਾਨ ਕਰ ਰਹੀ ਹੈ, ਉੱਥੇ ਹੀ ਖਿਡਾਰੀਆਂ ਸਮੇਤ ਸੂਬੇ ਦੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਸਮਰੱਥ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਇਨ੍ਹਾਂ ਖੇਡਾਂ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਚੰਗੇ ਖਿਡਾਰੀ ਪਿੰਡਾਂ ਵਿੱਚੋਂ ਪੈਦਾ ਕਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਕਰਵਾਏ ਗਏ ਇਨ੍ਹਾਂ ਟੂਰਨਾਮੈਂਟਾਂ ਚ ਡੀਏਵੀ ਕਾਲਜ ਬਠਿੰਡਾ ਦੀ ਟੀਮ ਨੇ ਸਪੋਰਟਸ ਕਲੱਬ ਘੁੱਦਾ ਦੀ ਟੀਮ ਨੂੰ ਹਰਾ ਕੇ 21 ਹਜ਼ਾਰ ਰੁਪਏ ਦਾ ਇਨਾਮ ਜਿੱਤਿਆ। ਇਸੇ ਤਰ੍ਹਾਂ ਕੋਚਿੰਗ ਸੈਂਟਰ ਬਠਿੰਡਾ ਨੇ ਭਾਈ ਬਹਿਲੋ ਕਲੱਬ ਭਗਤਾ ਭਾਈ ਨੂੰ ਹਰਾ ਕੇ 11 ਹਜ਼ਾਰ ਰੁਪਏ ਦਾ ਇਨਾਮ ਹਾਸਲ ਕੀਤਾ। ਇਸ ਦੌਰਾਨ ਗੁਰੂ ਦੀਆਂ ਫ਼ੌਜਾਂ ਵੱਲੋਂ ਗੱਤਕੇ ਵੀ ਪੇਸ਼ ਕੀਤਾ ਗਿਆ।

ਇਸ ਤੋਂ ਇਲਾਵਾ ਪੰਜਾਬ ਦੀ ਪ੍ਰਸਿੱਧ ਗਾਇਕ ਜਸਵਿੰਦਰ ਬਰਾੜ ਵੱਲੋਂ ਆਪਣੇ ਫ਼ਨ ਦਾ ਮੁਜਾਹਰਾ ਕੀਤਾ ਗਿਆ ਅਤੇ ਵੱਖ-ਵੱਖ ਤਰ੍ਹਾਂ ਸੱਭਿਆਚਾਰਕ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ।

# ਖੇਡਾਂ ਵਤਨ ਪੰਜਾਬ ਦੀਆਂ-2024 ਦੇ ਤਹਿਤ ਅੰਡਰ-14 ਫੁੱਟਬਾਲ ਮੁਕਾਬਲੇ ਕਰਵਾਏ



**ਗੁਰਦਾਸਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਅਤੇ ਉਤਸ਼ਾਹ ਵਧਾਉਣ ਦੇ ਉਦੇਸ਼ ਨਾਲ ਆਯੋਜਿਤ ÷ਖੇਡਾਂ ਵਤਨ ਪੰਜਾਬ ਦੀਆਂ-2024÷ ਦੇ ਤਹਿਤ ਜ਼ਿਲਾ ਪੱਧਰੀ ਅੰਡਰ-14 ਫੁੱਟਬਾਲ ਮੁਕਾਬਲਿਆਂ ਦਾ ਆਯੋਜਨ ਖਾਲਸਾ ਕਾਲਜ ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਵਿੱਚ ਕੀਤਾ ਗਿਆ। ਇਹਨਾਂ ਮੁਕਾਬਲਿਆਂ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਕਰਵਾਈ ਗਈ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ, ਅਰਵਿੰਦਰ ਸਿੰਘ ਅਤੇ ਓ.ਐਸ.ਡੀ. ਚਰਨਜੀਤ ਸਿੰਘ ਚੰਨੀ ਵੀ ਮੌਜੂਦ ਸਨ।

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਖੇਡਾਂ ਦੇ ਮਹੱਤਵ 'ਤੇ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਖੇਡਾਂ ਨੌਜਵਾਨਾਂ ਵਿੱਚ ਅਨੁਸ਼ਾਸਨ ਅਤੇ ਸਹਿਣਸ਼ੀਲਤਾ ਦਾ ਵਿਕਾਸ ਕਰਦੀਆਂ ਹਨ, ਨਾਲ ਹੀ ਉਹਨਾਂ ਨੂੰ ਇਕ ਸਿਹਤਮੰਦ ਅਤੇ ਸਕਾਰਾਤਮਕ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਦੀਆਂ ਹਨ।

ਉਨ੍ਹਾਂ ਇਸ ਪ੍ਰਕਾਰ ਦੇ ਆਯੋਜਨਾਂ ਲਈ ਪੰਜਾਬ ਸਰਕਾਰ ਦੀ ਪਹਿਲਕਦਮੀ ਦੀ ਸਰਾਹਨਾ ਕੀਤੀ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਖੇਡ-ਭਾਵਨਾ ਲਈ ਵਧਾਈ ਦਿੱਤੀ।

ਸ਼੍ਰੀ ਰੌੜੀ ਨੇ ਕਿਹਾ ਕਿ ਖੇਡ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਅਤੇ ਇਹ ਮੁਕਾਬਲੇ ਬੱਚਿਆਂ ਵਿੱਚ ਆਤਮ-ਵਿਸ਼ਵਾਸ ਅਤੇ ਟੀਮ-ਭਾਵਨਾ ਦਾ ਵਿਕਾਸ ਕਰਨ ਵਿੱਚ ਸਹਾਇਕ ਹੁੰਦੇ ਹਨ। ਉਨ੍ਹਾਂ ਨੇ ਸਾਰੇ ਭਾਗੀਦਾਰਾਂ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਅੱਜ ਦੇ ਮੁਕਾਬਲਿਆਂ ਵਿੱਚ ਮਜ਼ਾਰ ਡਿੰਗਰੀਆਂ, ਦਗਨ ਅਤੇ ਐਫ.ਏ. ਮਾਹਿਲਪੁਰ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਿੱਤ ਦਰਜ ਕੀਤੀ। ਸਾਰੀਆਂ ਟੀਮਾਂ ਨੇ ਵਧੀਆ ਖੇਡ ਦਿਖਾਈ ਅਤੇ ਦਰਸ਼ਕਾਂ ਨੂੰ ਰੋਮਾਂਚਕ ਮੁਕਾਬਲਿਆਂ ਦਾ ਅਨੁਭਵ ਦਿਵਾਇਆ। ਮਜ਼ਾਰ ਡਿੰਗਰੀਆਂ ਅਤੇ ਐਫ.ਏ. ਮਾਹਿਲਪੁਰ ਦੀਆਂ ਟੀਮਾਂ 16 ਸਤੰਬਰ ਨੂੰ ਫਾਈਨਲ ਮੁਕਾਬਲੇ ਵਿੱਚ ਆਹਮਣਾ-ਸਾਹਮਣਾ ਕਰਨਗੀਆਂ।

ਆਯੋਜਨ ਦੀ ਸਫਲਤਾ ਵਿੱਚ ਖਾਲਸਾ ਕਾਲਜ ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਦਾ ਵਿਸ਼ੇਸ਼ ਯੋਗਦਾਨ ਰਿਹਾ, ਜਿਨ੍ਹਾਂ ਨੇ ਸਾਰੀਆਂ ਜ਼ਰੂਰੀ ਸਹੂਲਤਾਂ ਉਪਲਬਧ ਕਰਵਾਈਆਂ।

# ਬ੍ਰੇਨ ਇਨਫੈਕਸ਼ਨ ਦੇ ਮਰੀਜ਼ ਨੂੰ ਨਵੀਂ ਜ਼ਿੰਦਗੀ ਮਿਲੀ

**ਹੁਸ਼ਿਆਰਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੈਕਟੀਰੀਆ ਕਾਰਨ ਹੋਣ ਵਾਲੀ ਦੁਰਲੱਭ ਅਤੇ ਗੰਭੀਰ ਬ੍ਰੇਨ ਇਨਫੈਕਸ਼ਨ 'ਸੀਐਨਐਸ ਨੋਕਾਰਡੀਓਸਿਸ' ਤੋਂ ਪੀੜਤ 70 ਸਾਲਾ ਮਰੀਜ਼ ਨੂੰ ਮੈਕਸ ਹਸਪਤਾਲ ਵਿੱਚ ਸਫਲ ਇਲਾਜ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ।

ਫੇਫੜਿਆਂ ਅਤੇ ਗੁਰਦਿਆਂ ਦੀ ਪੁਰਾਣੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ""9 ਅਤੇ ਲੰਬੇ ਸਮੇਂ ਤੋਂ ਸਟੀਰੌਇਡ ਦੀ ਵਰਤੋਂ ਵਰਗੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ ਗੰਭੀਰ ਸਿਰ ਦਰਦ ਅਤੇ ਕਮਜ਼ੋਰੀ ਦੇ ਨਾਲ ਮੈਕਸ ਪਹੁੰਚਿਆ ਸੀ।

ਸਕੈਨ, ਬਾਇਓਪਸੀ ਅਤੇ ਪ੍ਰਯੋਗਸ਼ਾਲਾ ਦੇ ਟੈਸਟਾਂ ਤੋਂ ਬਾਅਦ, ਸੀਐਨਐਸ ਨੋਕਾਰਡੀਓਸਿਸ ਦੇ ਨਿਦਾਨ ਦੀ ਪੁਸ਼ਟੀ ਕੀਤੀ ਗਈ ਸੀ। ਇਹ ਦੁਰਲੱਭ ਬ੍ਰੇਨ ਇਨਫੈਕਸ਼ਨ , ਨੋਕਾਰਡੀਆ ਨਾਮਕ ਬੈਕਟੀਰੀਆ ਦੀ ਇੱਕ ਕਿਸਮ ਦੇ ਕਾਰਨ ਹੁੰਦੀ ਹੈ ਅਤੇ ਆਮ ਤੌਰ 'ਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਇਹ ਖਾਸ ਤੌਰ 'ਤੇ ਵੱਡੀ ਉਮਰ ਦੇ ਬਾਲਗਾਂ ਲਈ ਖਤਰਨਾਕ ਬਣ ਜਾਂਦੀ ਹੈ।

ਡਾ. ਸੰਜੇ ਮਿਸ਼ਰਾ, ਨਿਊਰੋਲੋਜੀ ਦੇ ਨਿਰਦੇਸ਼ਕ, ਨੇ ਕਿਹਾ, ਸੀਐਨਐਸ ਨੋਕਾਰਡੀਓਸਿਸ ਇੱਕ ਦੁਰਲੱਭ ਅਤੇ ਚੁਣੌਤੀਪੂਰਨ ਸਥਿਤੀ ਹੈ । ਇਸ ਇਨਫੈਕਸ਼ਨ ਦਾ ਪ੍ਰਭਾਵੀ ਢੰਗ ਨਾਲ ਪ੍ਰਬੰਧਨ ਕਰਨ ਲਈ ਛੇਤੀ ਨਿਦਾਨ ਅਤੇ ਤੁਰੰਤ ਇਲਾਜ ਮਹੱਤਵਪੂਰਨ ਹਨ।

ਮਰੀਜ਼ ਨੂੰ ਕਈ ਹਫ਼ਤਿਆਂ ਲਈ ਨਿਗਰਾਨੀ ਦੇ ਨਾਲ ਇੱਕ ਵਿਸ਼ੇਸ਼ ਐਂਟੀਬਾਇਓਟਿਕ ਇਲਾਜ ਯੋਜਨਾ 'ਤੇ ਰੱਖਿਆ ਗਿਆ ਸੀ। ਕਈ ਹਫ਼ਤਿਆਂ ਦੀ ਦੇਖਭਾਲ ਤੋਂ ਬਾਅਦ, ਮਰੀਜ਼ ਨੂੰ ਸਥਿਰ ਸਥਿਤੀ ਵਿੱਚ ਛੁੱਟੀ ਦੇ ਦਿੱਤੀ ਗਈ ਸੀ ਅਤੇ ਉਹ ਹੁਣ ਡਾਕਟਰੀ ਨਿਗਰਾਨੀ ਨਾਲ ਘਰ ਵਿੱਚ ਠੀਕ ਹੋ ਰਿਹਾ ਹੈ।

# ਸ਼੍ਰੀ ਰਾਮ ਲੀਲ੍ਹਾ ਉੱਤਸਵ ਕਮੇਟੀ ਵੱਲੋਂ ਝੰਡਾ ਪੂਜਨ ਕਰਕੇ ਝੰਡਾ ਚੜ੍ਹਾਈਆਂ



**ਸ੍ਰੀ ਅਨੰਦਪੁਰ ਸਾਹਿਬ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁੱਡਾ ਮਾਰਕੀਟ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਰਾਮ ਲੀਲ੍ਹਾ ਉੱਤਸਵ ਕਮੇਟੀ ਵੱਲੋਂ ਝੰਡਾ ਪੂਜਨ ਕਰਕੇ ਝੰਡਾ ਚੜ੍ਹਾਈਆਂ ਗਿਆ।

ਦੇਸ਼ ਭਰ ਵਿੱਚ ਅੱਸੂ ਦੇ ਨਵਰਤ੍ਰਿਆਂ ਦੌਰਾਨ ਮਰਿਯਾਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਤੇ ਅਧਾਰਿਤ ਸ਼੍ਰੀ ਰਾਮ ਲੀਲ੍ਹਾ ਜੀ ਦੇ ਮੰਚਨ ਕੀਤੇ ਜਾਂਦੇ ਹਨ ਤੇ ਇਸੇ ਕੜੀ ਤਹਿਤ ਸ਼੍ਰੀ ਰਾਮ ਲੀਲ੍ਹਾ ਉੱਤਸਵ ਕਲੱਬ ( ਰਜਿ) ਪੁੱਡਾ ਮਾਰਕੀਟ ਦੇ ਪ੍ਰਧਾਨ ਰਾਮ ( ਬਿੱਲਾ) ਦੀ ਅਗਵਾਈ ਹੇਠ ਕ੍ਰਿਸ਼ਨ ਜਗੋਤਾ, ਅਭਿ ਬ੍ਰਾਹਮਣ, ਗੋਪਾਲ ਗੌਰੀ, ਰਾਜਨ, ਬਲਰਾਮ ਪਰਾਸ਼ਰ, ਧਰੂਪਲ, ਸੰਜੂ, ਲੱਕੀ, ਤੇਜਸ ਪਰਾਸ਼ਰ,ਸਾਹਿਬ ਸਬੁ, ਪਰਭਾਸ ਪਰਾਸ਼ਰ ਵੱਲੋਂ ਪੰਡਿਤ ਅਚਾਰੀਆ ਸਤੀਸ਼ ਸ਼ਰਮਾਂ ਵਲੋਂ ਸਨਾਤਨੀ ਵਿਧੀ ਪੂਰਵਕ ਝੰਡਾ ਪੂਜਨ ਕੀਤਾ ਤੇ ਲੱਡੂਆਂ ਦਾ ਪ੍ਰਸਾਦ ਵੰਡ ਕੇ ਆਉਣ ਵਾਲੇ ਅੱਸੂ ਮਹੀਨੇ ਦੇ ਪਾਵਨ ਪਵਿੱਤਰ ਨਵਰਾਤਰਿਆਂ ਦੌਰਾਨ ਭਗਵਾਨ ਸ੍ਰੀ ਸੀਤਾ ਰਾਮ ਚੰਦਰ ਜੀ ਦੇ ਜੀਵਨ ਤੇ ਅਧਾਰਿਤ ਨਾਟਕ ਮੰਚਨ ਲਈ ਤਿਆਰੀ ਸ਼ੁਰੂ ਕਰ ਦਿੱਤੀ ਤੇ 20 ਦਿਨ ਰਿਹਸਲ ਕਰਨ ਉਪਰੰਤ ਪੁੱਡਾ ਮਾਰਕੀਟ ਵਿੱਖੇ ਸ਼੍ਰੀ ਰਾਮ ਲੀਲ੍ਹਾ ਜੀ ਦੇ ਨਾਟਕ ਮੰਚਨ 02 ਅਕਤੂਬਰ ਤੋਂ ਸ਼ੁਰੂ ਕੀਤੇ ਜਾਣਗੇ ਤੇ 12 ਤਰੀਕ ਨੂੰ ਵਿਜੇ ਦਸ਼ਮੀ ਵਾਲੇ ਦਿਨ ਦੁਸਹਿਰਾ ਉੱਤਸਵ ਮਨਾਇਆ ਜਾਵੇਗਾ

# ਜ਼ਿਲ੍ਹਾ ਗੁਰਦਾਸਪੁਰ, ਖੇਤੀਬਾੜੀ ਪਰਾਲੀ ਸੰਦ ਦੀ ਖਰੀਦ ਵਿੱਚ ਪੰਜਾਬ ਭਰ ਵਿੱਚੋਂ ਮੋਹਰੀ-ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ

**ਗੁਰਦਾਸਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਉਮਾ ਸ਼ੰਕਰ ਗੁਪਤਾ, ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ, ਖੇਤੀਬਾੜੀ ਪਰਾਲੀ ਸੰਦ ਦੀ ਖਰੀਦ ਵਿੱਚ ਪੰਜਾਬ ਭਰ ਵਿੱਚੋਂ ਮੋਹਰੀ ਹੈ ਅਤੇ 762 ਮਨਜ਼ੂਰ ਹੋਏ ਖੇਤੀਬਾੜੀ ਪਰਾਲੀ ਸੰਦਾਂ ਵਿਚੋਂ 588 ਸੰਦਾਂ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜੋ 77 ਫੀਸਦ ਬਣਦੀ ਹੈ ਅਤੇ ਖਰੀਦ ਦੇ ਹਿਸਾਬ ਨਾਲ ਗੁਰਦਾਸਪੁਰ, ਸੂਬੇ ਭਰ ਵਿੱਚੋਂ ਮੋਹਰੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਨਾ ਸਾੜਨ ਲਈ ਜਾਗਰੂਕ ਕਰਨ ਦੇ ਨਾਲ ਪਰਾਲੀ ਸੰਭਾਲਣ ਦੀ ਮਸ਼ੀਨਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ, ਤਾਂ ਜੋ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਜਰੂਰਤ ਹੀ ਨਾ ਪਾ ਪਵੇ।ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਹਾਟ ਸਪਾਟ ਪਿੰਡਾਂ ਲਈ ਕੁੱਲ 102 ਮਸ਼ੀਨਾਂ ਮਨਜ਼ੂਰ ਕੀਤੀਆਂ ਗਈਆਂ ਹਨ, ਜਿਸ ਵਿੱਚੋਂ 89 ਮਸ਼ੀਨਾਂ ਖਰੀਦੀਆਂ ਜਾ ਚੁੱਕੀਆਂ ਹੈ। ਬਾਕੀ 13 ਮਸ਼ੀਨਾਂ ਲਈ ਕਿਸਾਨਾਂ ਨੂੰ ਮਸ਼ੀਨਰੀ ਖਰੀਦਣ ਲਈ ਸੱਦਿਆ ਗਿਆ ਹੈ ਅਤੇ ਕਿਸਾਨਾਂ ਨੇ ਕਿਹਾ ਕਿ ਉਹ ਇਸ ਹਫਤੇ ਮਸ਼ੀਨਰੀ ਖਰੀਦ ਲੈਣਗੇ।ਉਨ੍ਹਾਂ ਅੱਗੇ ਕਿਹਾ ਕਿ ਜਿਲ੍ਹੇ ਵਿੱਚ ਕਿਸਾਨਾਂ ਦੇ ਸਹਿਯੋਗ ਨਾਲ ਇਸ ਵਾਰ ਝੋਨੇ ਦੀ ਰਹਿੰਦ ਖੂੰਹਦ ਨੂੰ ਸਾੜਨ ਦੀ ਬਜਾਇ ਪੈਲੀ ਵਿੱਚ ਵਾਹ ਕੇ ਅਗਲੀ ਫਸਲ ਦੀ ਬਿਜਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪਿੰਡ ਪੱਧਰ ਤੱਕ ਸਿਵਲ ਤੇ ਪੁਲਿਸ ਵਿਭਾਗ ਦੀਆਂ ਗਠਿਤ ਟੀਮਾਂ ਵਲੋਂ ਜਾਗਰੂਕਤਾ ਮੁਹਿੰਮ ਵਿੱਢੀ ਗਈ ਹੈ ਅਤੇ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਸੁਰਿੰਦਰਪਾਲ ਸਿੰਘ ਅਤੇ ਇੰਜੀਨੀਅਰ ਦੀਪਕ ਭਾਰਦਵਾਜ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵਲੋਂ ਖੇਤੀਬਾੜੀ ਪਰਾਲੀ ਸੰਦ ਮੁਹੱਈਆ ਕਰਵਾਉਣ ਵਾਸਤੇ ਐਗਰੀ ਮਸ਼ੀਨਰੀ ਪੰਜਾਬ ਪੋਰਟਲ ਕਿਸਾਨਾਂ ਵਾਸਤੇ ਮਿਤੀ 19 ਸਤੰਬਰ 2024 ਤੱਕ ਖੋਲਿਆ ਗਿਆ ਹੈ। ਇਸ ਪੋਰਟਲ ਤੇ ਕਿਸਾਨ 50 ਫੀਸਦ ਤੇ 80 ਫੀਸਦ ਸਬਸਿਡੀ ਤੇ ਸੰਦ ਲੈਣ ਲਈ ਅਪਲਾਈ ਕਰ ਸਕਦੇ ਹਨ। ਵਿਅਕਤੀਗਤ ਤੌਰ ਤੇ ਸੰਦ ਖਰੀਦਣ ਲਈ 50 ਫੀਸਦ ਅਤੇ ਪੰਚਾਇਤ ਤੇ ਕਿਸਾਨ ਗਰੁੱਪ ਆਦਿ 80 ਫੀਸਦੀ ਤੇ ਖੇਤੀਬਾੜੀ ਪਰਾਲੀ ਸੰਦ ਖਰੀਦ ਸਕਦੇ ਹਨ। ਖੇਤੀਬਾੜੀ ਪਰਾਲੀ ਸੰਦ ਜਿਵੇਂ ਬੇਲਰ, ਰੈਕ, ਸੁਪਰਸੀਡਰ ਤੇ ਗੱਠਾਂ ਬੰਨਣ ਵਾਲ ਸੰਦ ਸ਼ਾਮਲ ਹਨ।

# ਫਾਊਂਡੇਸ਼ਨ ਵੱਲੋਂ ਗਿੱਦੜਬਾਹਾ ਬਲਾਕ ਦੇ ਅੱਖਾਂ ਦੀ ਕਮਜ਼ੋਰੀ ਵਾਜੋਤੀਲੇ 1500 ਬੱਚਿਆਂ ਨੂੰ ਵੰਡੀਆ ਗਈਆਂ ਮੁਫਤ ਐਨਕਾਂ




**ਸ੍ਰੀ ਮੁਕਤਸਰ ਸਾਹਿਬ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਸ਼ਨ ਪੰਜਾਬ ਯਾਤਰਾ ਦੇ ਹਿੱਸੇ ਵਜੋਂ, ਜੋਤੀ ਫਾਊਂਡੇਸ਼ਨ ਵੱਲੋਂਸਤੰਬਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਗਿੱਦੜਬਾਹਾ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਅੱਖਾਂ ਦੀ ਕਮਜ਼ੋਰੀ ਵਾਲੇ ਬੱਚਿਆਂ ਨੂੰ 1500 ਮੁਫ਼ਤ ਐਨਕਾਂ ਵੰਡੀਆਂ ਗਈਆਂ।

ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਰਾਜੇਸ਼ ਤਿ?ਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਕੀਤੀ, ਇਸ ਮੌਕੇ ਐਸ.ਡੀ.ਐਮ. ਜਸਪਾਲ ਬਰਾੜ ਅਤੇ ਜਿਲ੍ਹਾ ਸਿੱਖਿਆ ਅਫ਼ਸਰ ਸ.ਜਸਪਾਲ ਮੋਂਗਾ, ਜੋਤੀ ਫਾਊਂਡੇਸ਼ਨ ਦੇ ਟਰੱਸਟੀ ਸੰਸਥਾਪਕ ਸ਼. ਅਜੀਤ ਬਰਾੜ ਅਤੇ ਚੇਅਰਪਰਸਨ ਸ੍ਰੀਮਤੀ ਪ੍ਰਭਕਿਰਨ ਨੇ ਅਧਿਕਾਰੀਆਂ ਨਾਲ ਮਿਲ ਕੇ ਐਨਕਾਂ ਵੰਡੀਆਂ।

ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਨੇ ਗਿੱਦੜਬਾਹਾ ਬਲਾਕ ਦੇ 38 ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਅਤੇ ਫਾਊਂਡੇਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਹਨਾਂ ਨੇ ਲੋੜਵੰਦ ਸਕੂਲੀ ਬੱਚਿਆਂ ਦੀ ਸਨਾਖਤ ਕਰਕੇ, ਉਹਨਾਂ ਨੂੰ ਐਨਕਾਂ ਮੁਹੱਈਆ ਕਰਵਾਉਣ ਵਿੱਚ ਅਹਿਮ ਰੋਲ ਨਿਭਾਇਆ ਹੈ ਅਤੇ ਉਹਨਾਂ ਅੱਗੇ ਕਿਹਾ ਕਿ ਜੋਤੀ ਫਾਊਂਡੇਸ਼ਨ ਦੇ ਆਉਣ ਵਾਲੇ ਪ੍ਰੋਜੈਕਟਾਂ ਲਈ ਜਿ ?ਲ੍ਹਾ ਪ੍ਰਸ਼ਾਸਨ ਵਲੋਂ ਪੂਰਾ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ।

ਸੰਸਥਾ ਦੇ ਸੰਸਥਾਪਕ ਨੇ ਦੱਸਿਆ ਕਿ ਰੋਸ਼ਨ ਪੰਜਾਬ ਜੋਤੀ ਫਾਊਂਡੇਸ਼ਨ ਦੁਆਰਾ ਇੱਕ ਪ੍ਰਮੁੱਖ ਪਹਿਲਕਦਮੀ ਹੈ , ਜਿਸਦਾ ਉਦੇਸ਼ ਪੰਜਾਬ ਦੇ ਹਰ ਸਰਕਾਰੀ ਸਕੂਲੀ ਬੱਚੇ ਦੀ ਅੱਖਾਂ ਦੀ ਜਾਂਚ ਕਰਨਾ ਅਤੇ ਲੋੜਵੰਦਾਂ ਨੂੰ ਐਨਕਾਂ ਮੁਫਤ ਪ੍ਰਦਾਨ ਕਰਨਾ ਹੈ।

ਇਹ ਪ੍ਰੋਜੈਕਟ ਅਕਤੂਬਰ 2023 ਵਿੱਚ ਸ਼ੁਰੂ ਹੋਇਆ ਸੀ ਅਤੇ ਹੁਣ ਤੱਕ, ਇਸ ਪਹਿਲਕਦਮੀ ਨੇ ਚਾਰ ਜਿ ?ਲ੍ਹਿਆਂ ਮੁਕਤਸਰ ਸਾਹਿਬ, ਫਾਜਿ ?ਲਕਾ, ਬਠਿੰਡਾ ਅਤੇ ਸੰਗਰੂਰ—ਨੂੰ ਕਵਰ ਕੀਤਾ ਹੈ

3,00,000 ਤੋਂ ਵੱਧ ਬੱਚਿਆਂ ਦੀ ਜਾਂਚ ਕੀਤੀ ਗਈ ਹੈ ਅਤੇ 20,000 ਤੋਂ ਵੱਧ ਬੱਚਿਆਂ ਨੂੰ ਐਨਕਾਂ ਮੁਫਤ ਪ੍ਰਦਾਨ ਕੀਤੀਆਂ ਗਈਆਂ ਹਨ। ਇਹ ਪ੍ਰੋਜੈਕਟ ਵਰਤਮਾਨ ਵਿੱਚ ਪਟਿਆਲਾ ਜਿ ?ਲ੍ਹੇ ਵਿੱਚ ਚੱਲ ਰਿਹਾ ਹੈ।

# ਹਰ ਧਰਮ ਭਾਈਚਾਰਕ ਸਾਂਝ ਦਾ ਦਿੰਦਾ ਹੈ ਸੁਨੇਹਾ: ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ

**ਫ਼ਤਹਿਗੜ੍ਹ ਸਾਹਿਬ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਧਰਮ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੈ। ਸਮਾਜ ਵਿਚ ਭਾਈਚਾਰਕ ਸਾਂਝ ਜਿੰਨੀ ਜ਼ਿਆਦਾ ਮਜ਼ਬੂਤ ਹੋਵੇਗੀ, ਸਮਾਜ ਓਨੀ ਹੀ ਜ਼ਿਆਦਾ ਤਰੱਕੀ ਕਰਦਾ ਹੈ। ਇਸ ਲਈ ਲਾਜ਼ਮੀ ਹੈ ਕਿ ਸਮਾਜ ਵਿਚ ਵਿਚਰਦਿਆਂ ਹਰ ਇਨਸਾਨ ਸਮਾਜਕ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹੇ ਅਤੇ ਹਰ ਇਕ ਦੇ ਅਕੀਦੇ ਤੇ ਵਿਸ਼ਵਾਸ ਦਾ ਸਤਿਕਾਰ ਕੀਤਾ ਜਾਵੇ। ਐਡਵੋਕੇਟ ਲਖਬੀਰ ਸਿੰਘ ਰਾਏ ਨੇ ਰੇਲਵੇ ਰੋਡ ਸਰਹਿੰਦ ਦੇ ਸ਼ਿਵ ਮੰਦਿਰ ਵਿਖੇ ਸ਼੍ਰੀ ਰਾਧਾ ਰਾਣੀ ਜੀ ਦੇ ਜਨਮ ਦਿਹਾੜੇ ਸਬੰਧੀ ਕਰਵਾਏ ਸਮਾਗਮ ਵਿੱਚ ਹਾਜ਼ਰੀ ਲਗਵਾਉਣ ਮੌਕੇ ਕੀਤਾ। ਹਲਕਾ ਵਿਧਾਇਕ ਨੇ ਕਿਹਾ ਕਿ ਅਜਿਹੇ ਸਮਾਗਮ ਜਿੱਥੇ ਸਾਨੂੰ ਸਾਡੀਆਂ ਉੱਚੀਆਂ ਕਦਰਾਂ ਕੀਮਤਾਂ ਨਾਲ ਜੋੜਦੇ ਹਨ, ਉੱਥੇ ਸਮਾਜਕ ਤੰਦਾਂ ਨੂੰ ਵੀ ਮਜ਼ਬੂਤ ਕਰਦੇ ਹਨ। ਉਹਨਾਂ ਕਿਹਾ ਕਿ ਸਾਨੂੰ ਸਾਡੇ ਧਾਰਮਿਕ ਅਕੀਦਿਆਂ ਤੋਂ ਸੇਧ ਲੈਕੇ ਜੀਵਨ ਬਤੀਤ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸ਼ਹਿਰ ਵਾਸੀਆਂ ਵੱਲੋਂ ਇਹ ਦਿਹਾੜਾ ਬੜੀ ਧੂਮਧਾਮ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੌਰਾਨ ਵੱਖੋ-ਵੱਖ ਭਜਨ ਮੰਡਲੀਆਂ ਵੱਲੋ ਸ਼੍ਰੀ ਰਾਧਾ ਰਾਣੀ ਦੇ ਸੁੰਦਰ ਭਜਨਾਂ ਦਾ ਗੁਣਗਾਨ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਇਸ਼ਾ ਸਿੰਗਲ, ਅਸੀਸ ਕੁਮਾਰ ਅੱਤਰੀ, ਦੀਪਕ ਬਾਤਿਸ਼, ਰਮੇਸ਼ ਕੁਮਾਰ ਸੋਨੂੰ, ਪ੍ਰਿਤਪਾਲ ਜੱਸੀ, ਪ੍ਰਦੀਪ ਕੁਮਾਰ ਮਲਹੋਤਰਾ, ਮਨਦੀਪ ਪੋਲਾ, ਬੰਟੀ ਸੈਣੀ, ਬਲਵੀਰ ਸੋਢੀ ਸਮੇਤ ਵੱਡੀ ਗਿਣਤੀ ਸ਼ਰਧਾਲੂ ਹਾਜ਼ਰ ਸਨ।

# ਸ਼ਹੀਦ ਮੇਜ਼ਰ ਭਗਤ ਸਿੰਘ ਵਰਗੇ ਜਾਂਬਾਜਾ ਦਾ ਬਲੀਦਾਨ ਯਾਦ ਰੱਖੇਗਾ ਹਿੰਦੋਸਤਾਨ : ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ

**ਗੁਰਦਾਸਪੁਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

1965 ਦੀ ਭਾਰਤ-ਪਾਕਿ ਜੰਗ ਵਿਚ ਸ਼ਹੀਦੀ ਦਾ ਜਾਮ ਪੀਣ ਵਾਲੇ ਵੀਰ ਚੱਕਰ ਵਿਜੇਤਾ ਮੇਜਰ ਭਗਤ ਸਿੰਘ ਦਾ 59ਵਾਂ ਸ਼ਹੀਦੀ ਦਿਹਾੜਾ ਪਿੰਡ ਕਾਲਾ ਨੰਗਲ ਵਿਖੇ ਸ਼ਹੀਦ ਦੀ ਯਾਦ ਵਿਚ ਬਣੇ ਸਟੇਡੀਅਮ ਵਿਖੇ ਚੇਅਰਮੈਨ ਸ. ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਮਨ ਬਹਿਲ ਅਤੇ ਸ਼ਹੀਦ ਦੇ ਭਤੀਜੇ ਪ੍ਰੋ. ਹਰਬੰਸ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਸ਼ਹੀਦ ਦੇ ਭਤੀਜੇ ਰਵਿੰਦਰ ਸਿੰਘ ਅਤੇ ਹਰਜੀਤ ਸਿੰਘ, ਪੋਤਰੇ ਪ੍ਰੋ. ਸਰਵਜੀਤ ਸਿੰਘ, ਸੀ.ਐਮ.ਓ ਭਾਰਤ ਭੂਸ਼ਣ, ਗ੍ਰਾਮ ਸੁਧਾਰ ਸਭਾ ਬਹਿਰਾਮਪੁਰ ਦੇ ਪ੍ਰਧਾਨ ਠਾਕੁਰ ਵਿਜੇ ਸਿੰਘ ਸਲਾਰੀਆ, ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਅਸ਼ੋਕ ਚੱਕਰ ਦੇ ਪਿਤਾ ਕੈਪਟਨ ਜੋਗਿੰਦਰ ਸਿੰਘ, ਸਮਾਜ ਸੇਵੀ ਇੰਦਰਜੀਤ ਸਿੰਘ ਬਾਜਵਾ ਆਦਿ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ ਅਤੇ ਸ਼ਹੀਦ ਮੇਜਰ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭ ਤੋਂ ਪਹਿਲਾਂ ਮੁੱਖ ਮਹਿਮਾਨ ਅਤੇ ਹੋਰ ਮਹਿਮਾਨਾਂ ਨੇ ਸ਼ਹੀਦ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਉਹ ਇਸ ਅਮਰ ਨਾਇਕ ਦੇ ਮਾਤਾ-ਪਿਤਾ ਨੂੰ ਸਲਾਮ ਕਰਦੇ ਹਨ ਜਿਨ੍ਹਾਂ ਨੇ ਅਜਿਹੇ ਪੁੱਤਰ ਨੂੰ ਜਨਮ ਦੇ ਕੇ ਦੇਸ਼ ਨੂੰ ਸਮਰਪਿਤ ਕਰ ਦਿੱਤਾ। ਭਾਰਤ ਇਸ ਅਮਰ ਨਾਇਕ ਨੂੰ ਹਮੇਸ਼ਾ ਯਾਦ ਰੱਖੇਗਾ ਜਿਸ ਨੇ 24 ਸਾਲ ਦੀ ਛੋਟੀ ਉਮਰ ਵਿੱਚ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।




ਉਨ੍ਹਾਂ ਦੀ ਬਦੌਲਤ ਹੀ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ ਅਤੇ ਪਿੰਡ ਵਾਸੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਪਿੰਡ ਦਾ ਨਾਂ ਮੇਜਰ ਭਗਤ ਸਿੰਘ ਦੇ ਨਾਂ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਇਕ ਫੌਜੀ ਦਾ ਜੀਵਨ ਚੁਣੌਤੀਆਂ ਨਾਲ ਭਰਿਆ ਹੁੰਦਾ ਹੈ ਜਦੋਂ ਉਹ ਘਰ ਛੱਡਦਾ ਹੈ ਅਤੇ ਇਹ ਨਹੀਂ ਪਤਾ ਹੁੰਦਾ ਕਿ ਉਹ ਘਰ ਵਾਪਸ ਆਵੇਗਾ ਜਾਂ ਨਹੀਂ। ਪਰ ਫਿਰ ਵੀ ਉਹ ਆਪਣੀ ਡਿਊਟੀ ਤੋਂ ਪਿੱਛੇ ਨਹੀਂ ਹਟਦਾ।

ਉਨ੍ਹਾਂ ਕਿਹਾ ਕਿ ਇੱਕ ਭਗਤ ਸਿੰਘ ਹੀ ਸੀ ਜਿਸ ਨੇ ਆਪਣੀ ਜਾਨ ਕੁਰਬਾਨ ਕਰਕੇ ਅੰਗਰੇਜ਼ਾਂ ਨੂੰ ਇਸ ਦੇਸ਼ ਵਿੱਚੋਂ ਭਜਾ ਕੇ ਸਾਨੂੰ ਅਮੁੱਲ ਅਜ਼ਾਦੀ ਦਿਵਾਈ ਅਤੇ ਪਿੰਡ ਕਾਲਾ ਨੰਗਲ ਦੀ ਕੁਰਬਾਨੀ ਵਾਲੀ ਮਿੱਟੀ ਨੇ ਇੱਕ ਅਜਿਹੇ ਭਗਤ ਨੂੰ ਜਨਮ ਦਿੱਤਾ ਜਿਸ ਨੇ ਆਪਣਾ ਨਾਮ ਸਾਰਥਕ ਕੀਤਾ ਅਤੇ ਦੇਸ਼ ਦੀ ਸ਼ਾਨ ਬਹਾਲ ਕੀਤੀ। ਉਨ੍ਹਾਂ ਕਿਹਾ ਕਿ ਬੇਸ਼ੱਕ ਅਜਿਹੇ ਸੂਰਬੀਰਾਂ ਦੀ ਕੁਰਬਾਨੀ ਨੂੰ ਪੈਸੇ ਨਾਲ ਨਹੀਂ ਮਾਪਿਆ ਜਾ ਸਕਦਾ ਪਰ ਪੰਜਾਬ ਸਰਕਾਰ ਨੇ ਫੌਜੀ ਦੇ ਪਰਿਵਾਰ ਨੂੰ ਉਸ ਦੀ ਕੁਰਬਾਨੀ 'ਤੇ 1 ਕਰੋੜ ਰੁਪਏ ਦੇਣ ਦੀ ਰਵਾਇਤ ਸ਼ੁਰੂ ਕੀਤੀ ਹੈ। ਇਸ ਨਾਲ ਇਨ੍ਹਾਂ ਸ਼ਹੀਦ ਪਰਿਵਾਰਾਂ ਦਾ ਮਨੋਬਲ ਵਧਦਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਸ਼ਹੀਦ ਪਰਿਵਾਰਾਂ ਦੇ ਘਰ ਜਾ ਕੇ ਉਨ੍ਹਾਂ ਨੂੰ 1 ਕਰੋੜ ਰੁਪਏ ਦਾ ਚੈੱਕ ਭੇਟ ਕਰਕੇ ਉਨ੍ਹਾਂ ਦੇ ਭਰੇ ਜ਼ਖਮਾਂ ਨੂੰ ਭਰਨ ਲਈ ਸਰਕਾਰ ਦੀ ਤਰਫੋਂ ਇੱਕ ਛੋਟਾ ਜਿਹਾ ਉਪਰਾਲਾ ਕਰਦੇ ਹਨ। ਇਸ ਮੌਕੇ ਉਨ੍ਹਾਂ ਸ਼ਹੀਦ ਮੇਜਰ ਭਗਤ ਸਿੰਘ ਵੈਲਫੇਅਰ ਸਪੋਰਟਸ ਕਲੱਬ ਨੂੰ 5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸ਼ਹੀਦ ਦੇਸ਼ ਦਾ ਸਰਮਾਇਆ ਹੁੰਦੇ ਹਨ ਅਤੇ ਜਿਹੜੇ ਦੇਸ਼ ਆਪਣੇ ਸੂਰਬੀਰਾਂ ਦੀ ਕੁਰਬਾਨੀ ਨੂੰ ਭੁੱਲ ਜਾਂਦੇ ਹਨ, ਉਹ ਜਲਦੀ ਹੀ ਖਤਮ ਹੋ ਜਾਂਦੇ ਹਨ। ਅੱਜ ਦੇਸ਼ ਵਾਸੀ ਆਪਣੇ ਘਰਾਂ ਵਿੱਚ ਸ਼ਾਂਤੀ ਨਾਲ ਸੌਂ ਰਹੇ ਹਨ। ਕਿਉਂਕਿ ਸਰਹੱਦ 'ਤੇ ਖੜ੍ਹਾ ਦੇਸ਼ ਦਾ ਬਹਾਦਰ ਸਿਪਾਹੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾ ਰਿਹਾ ਹੈ ਅਤੇ ਆਪਣੀ ਫੌਜੀ ਡਿਊਟੀ ਨੂੰ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮੇਜਰ ਭਗਤ ਸਿੰਘ ਚਾਹੁੰਦਾ ਤਾਂ ਉਹ ਸਿਵਲ ਵਿਚ ਡਾਕਟਰ ਬਣ ਸਕਦਾ ਸੀ ਕਿਉਂਕਿ ਉਸ ਨੇ ਸਾਇੰਸ ਦੀ ਪੜ੍ਹਾਈ ਕੀਤੀ ਸੀ। ਪਰ ਉਨ੍ਹਾਂ ਨੇ ਦੇਸ਼ ਸੇਵਾ ਨੂੰ ਮੁੱਖ ਪਹਿਲ ਦਿੰਦੇ ਹੋਏ ਫੌਜ ਵਿੱਚ ਅਫਸਰ ਬਣ ਕੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਆਪਣਾ ਅਤੇ ਆਪਣੇ ਪਰਿਵਾਰ ਦਾ ਰੁਤਬਾ ਅਸਮਾਨ ਤੱਕ ਉੱਚਾ ਕੀਤਾ।

ਕੌਂਸਲ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਦੇਸ਼ ਦੀ ਸੇਵਾ ਦਾ ਸਭ ਤੋਂ ਵਧੀਆ ਸਾਧਨ ਫੌਜ ਵਿੱਚ ਭਰਤੀ ਹੋਣਾ ਹੈ। ਕਿਉਂਕਿ ਫੌਜ ਵਿਚ ਭਰਤੀ ਹੋਣਾ ਕੋਈ ਨੌਕਰੀ ਨਹੀਂ ਸਗੋਂ ਸੇਵਾ ਹੈ ਅਤੇ ਫੌਜੀ ਕਦੇ ਵੀ ਰੋਜ਼ੀ-ਰੋਟੀ ਕਮਾਉਣ ਦਾ ਸੁਪਨਾ ਲੈ ਕੇ ਫੌਜ ਵਿਚ ਭਰਤੀ ਨਹੀਂ ਹੁੰਦਾ, ਸਗੋਂ ਪਰਿਵਾਰਕ ਕਦਰਾਂ-ਕੀਮਤਾਂ ਦੀ ਭਾਵਨਾ ਉਸ ਨੂੰ ਇਹ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਲਈ ਦੇਸ਼ ਦੀ ਆਉਣ ਵਾਲੀ ਪੀੜ੍ਹੀ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਮੇਜਰ ਭਗਤ ਸਿੰਘ ਵਰਗੇ ਯੋਧੇ ਹੀ ਉਨ੍ਹਾਂ ਦੇ ਅਸਲ ਨਾਇਕ ਹਨ।

ਕੁੰਵਰ ਵਿੱਕੀ ਨੇ ਕਿਹਾ ਕਿ ਉਹ ਸ਼ਹੀਦ ਮੇਜਰ ਭਗਤ ਦੇ ਭਤੀਜੇ ਅਤੇ ਪਿੰਡ ਵਾਸੀਆਂ ਦੇ ਸਮੂਹ ਨੂੰ ਦਿਲੋਂ ਸਲਾਮ ਕਰਦੇ ਹਨ ਜਿਨ੍ਹਾਂ ਨੇ 59 ਸਾਲ ਬਾਅਦ ਵੀ ਮੇਜਰ ਭਗਤ ਸਿੰਘ ਦੀ ਕੁਰਬਾਨੀ ਦੀ ਮਸ਼ਾਲ ਨੂੰ ਬੁਝਣ ਨਹੀਂ ਦਿੱਤਾ ਅਤੇ ਜੋ ਹਰ ਸਾਲ ਉਨ੍ਹਾਂ ਦੀ ਕੁਰਬਾਨੀ ਦੇ ਨਾਲ-ਨਾਲ ਮਨਾਇਆ ਜਾਂਦਾ ਹੈ।

ਪਿੰਡ ਵਿੱਚ ਖੇਡਾਂ ਦਾ ਆਯੋਜਨ ਕਰਕੇ ਅਸੀਂ ਉਸ ਬਹਾਦਰ ਸ਼ਹੀਦ ਦੀ ਸ਼ਾਨ ਨੂੰ ਬਹਾਲ ਕਰ ਰਹੇ ਹਾਂ। ਇਸ ਮੌਕੇ ਮੁੱਖ ਮਹਿਮਾਨ ਨੇ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਅਤੇ 12 ਹੋਰ ਸ਼ਹੀਦ ਪਰਿਵਾਰਾਂ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।

# ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਲਈ ਵੱਡੀ ਪੱਧਰ 'ਤੇ ਰਚੀਆਂ ਜਾ ਰਹੀਆਂ ਹਨ ਸਾਜ਼ਿਸ਼ਾਂ: ਬਲਵਿੰਦਰ ਸਿੰਘ ਭੂੰਦੜ

**ਪਟਿਆਲਾ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਵਾਸਤੇ ਵੱਡੀ ਪੱਧਰ 'ਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਪਰ ਇਹ ਸਾਰੀਆਂ ਸਾਜ਼ਿਸ਼ਾਂ ਮੂਧੇ ਮੂੰਹ ਡਿੱਗਣਗੀਆਂ। ਇਹ ਪ੍ਰਗਟਾਵਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਕੀਤਾ ਹੈ।

ਇਥੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਪੰਥ ਰਤਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ 100ਵਾਂ ਜਨਮ ਦਿਹਾੜਾ ਵੱਡੀ ਪੱਧਰ 'ਤੇ ਮਨਾਉਣ ਲਈ ਕੀਤੀ ਤਿਆਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਦਾਰ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਬੇਅਦਬੀਆਂ ਹੋਣਾ ਬਿਨਾਂ ਸ਼ੱਕ ਬਹੁਤ ਮੰਦਭਾਗੀਆਂ ਘਟਨਾਵਾਂ ਹਨ ਪਰ ਵਿਰੋਧੀਆਂ ਨੇ ਇਹਨਾਂ ਦਾ ਸਿਆਸੀਕਰਨ ਕਰ ਕੇ ਸਾਜ਼ਿਸ਼ ਤਹਿਤ ਅਕਾਲੀ ਦਲ ਦੀ ਬਦਨਾਮੀ ਕੀਤੀ।

ਅਖੌਤੀ ਪੰਥਕ ਆਗੂਆਂ 'ਤੇ ਵਰ੍ਹਦਿਆਂ ਸਰਦਾਰ ਭੂੰਦੜ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਇਕ ਵਿਅਕਤੀ ਬੇਅਦਬੀ ਕਰਨ ਵਾਸਤੇ ਦਾਖਲ ਹੋ ਗਿਆ ਜਿਸਨੂੰ ਸਮੇਂ ਸਿਰ ਫੜ ਕੇ ਬਾਹਰ ਕੱਢਿਆ ਗਿਆ। ਇਸੇ ਤਰੀਕੇ ਗੁਰਦੁਆਰਾ ਸੁਲਤਾਨਪੁਰ ਲੋਧੀ ਵਿਚ ਬੂਟ ਤੇ ਵਰਦੀ ਪਾ ਕੇ ਹਥਿਆਰਧਾਰੀ ਪੁਲਿਸ ਵੜੀ ਜਿਸਨੇ ਗੋਲੀਬਾਰੀ ਕੀਤੀ ਅਤੇ ਇਸ ਤੋਂ ਇਲਾਵਾ ਅਨੇਕਾਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਪਰ ਇਹਨਾਂ ਅਖੌਤੀ ਪੰਥਕ ਆਗੂਆਂ ਨੇ ਕਦੇ ਵੀ ਆਪਣਾ ਮੂੰਹ ਨਹੀਂ ਖੋਲ੍ਹਿਆ। ਉਹਨਾਂ ਕਿਹਾ ਕਿ ਇਸੇ ਤਰੀਕੇ ਹੁਣ ਸੁਧਾਰ ਲਹਿਰ ਦੇ ਅਖੌਤੀ ਆਗੂ ਅਕਾਲੀ ਦਲ ਦੀ ਬਦਨਾਮੀ ਕਰਨ 'ਤੇ ਲੱਗੇ ਹਨ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਤੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਸ੍ਰੀ ਐਨ ਕੇ ਸ਼ਰਮਾ ਨੇ ਕਿਹਾ ਕਿ ਜਥੇਦਾਰ ਟੌਹੜਾ ਦਾ 100ਵਾਂ ਜਨਮ ਦਿਹਾੜਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਮਨਾਇਆ ਜਾਵੇਗਾ ਜਿਸ ਲਈ 22 ਸਤੰਬਰ ਨੂੰ ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 24 ਸਤੰਬਰ ਨੂੰ ਸਵੇਰੇ ਪੈਣਗੇ ਤੇ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਤੇ ਪੰਥਕ ਵਿਚਾਰਾਂ ਹੋਣਗੀਆਂ। ਉਹਨਾਂ ਦੱਸਿਆ ਕਿ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਸ਼ਮੂਲੀਅਤ ਕਰਨਗੇ ਅਤੇ ਇਸ ਪ੍ਰੋਗਰਾਮ ਦਾ ਮਕਸਦ ਆਪਣੇ ਅਮੀਰ ਇਤਿਹਾਸਕ ਵਿਰਸੇ ਤੇ ਪੰਥਕ ਸ਼ਖਸੀਅਤਾਂ ਵੱਲੋਂ ਪੰਥ ਲਈ ਪਾਏ ਯੋਗਦਾਨ ਤੋਂ ਨਵੀਂ ਪੀੜੀ ਨੂੰ ਜਾਣੂ ਕਰਵਾਉਣਾ ਹੈ।ਮੀਟਿੰਗ ਵਿਚ ਮੰਚ ਸੰਚਾਲਨ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕੀਤਾ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ , ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਹੋਰ ਸ਼ਖਸੀਅਤਾਂ ਨੇ ਸੰਬੋਧਨ ਕੀਤਾ।

# ਜ਼ਿਲ੍ਹਾ ਮੈਜਿਸਟਰੇਟ ਤਰਨ ਤਾਰਨ ਵੱਲੋਂ ਗੁਰੂਦੁਆਰਾ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬਤੋਂ 2 ਕਿਲੋਮੀਟਰ ਘੇਰੇ ਅੰਦਰ ਦੇ ਏਰੀਏ ਨੂੰ ਨੋ ਵਹੀਕਲ ਜ਼ੋਨ ਘੋਸ਼ਿਤ ਕਰਨ ਦੇ ਹੁਕਮ ਜਾਰ

**ਤਰਨ ਤਾਰਨ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਮੈਜਿਸਟਰੇਟ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ, ਆਈ. ਏ. ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤ ਦਿਵਸ ਅਤੇ ਸ੍ਰੀ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਦੇ ਮੌਕੇ 'ਤੇ ਗੁਰੂਦੁਆਰਾ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਨਤਮਸਤਕ ਹੋਣ ਵਾਸਤੇ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਅਤੇ ਟ੍ਰੈਫਿਕ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਗੁਰੂਦੁਆਰਾ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਤੋਂ 2 ਕਿਲੋਮੀਟਰ ਦੇ ਘੇਰੇ ਅੰਦਰ ਦੇ ਏਰੀਏ ਨੂੰ ਨੋ ਵਹੀਕਲ ਜ਼ੋਨ ਘੋਸ਼ਿਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਇਹ ਹੁਕਮ 18 ਸਤੰਬਰ, 2024 ਤੱਕ ਲਾਗੂ ਰਹਿਣਗੇ।

# ਪਟਿਆਲਾ ਪੁਲਿਸ ਵੱਲੋਂ ਮੁਰਾਦਪੁਰਾ ਪੈਟਰੋਲ ਪੰਪ ਦੀ ਲੁੱਟਖੋਹ ਦਾ ਪਰਦਾਫਾਸ਼

## ਪੰਪ ਦੇ ਵਰਕਰਾਂ ਨੇ ਆਪਣੇ ਦੋਸਤਾ ਨਾਲ ਮਿਲਕੇ ਦਿੱਤਾ ਵਾਰਦਾਤ ਨੂੰ ਅੰਜਾਮ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਡਾ: ਨਾਨਕ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਨੇ ਪ੍ਰੈਸ ਨੋਟ ਰਾਹੀਂ ਦੱਸਿਆਂ ਕਿ ਮਿਤੀ 04/09/2024 ਦੀ ਰਾਤ ਨੂੰ ਸਵਰਨ ਸਿੰਘ ਆਇਲ ਕੰਪਨੀ ਪੈਟਰੋਲ ਪੰਪ ਪਿੰਡ ਮੁਰਾਦਪੁਰਾ (ਪਟਿਆਲਾ ਰਾਜਪੁਰਾ) ਰੋੜ ਨੇੜੇ ਬਹਾਦਗੜ੍ਹ ਵਿਖੇ ਰਾਤ ਸਮੇਂ 2 ਨੌਜਵਾਨ ਬਿਨਾ ਨੰਬਰੀ ਮੋਟਰਸਾਇਕਲ ਸਵਾਰ ਪੈਟਰੋਲ ਪੰਪ ਪਰ ਤੇਲ ਪੁਆਉਣ ਦੇ ਬਹਾਨੇ ਆਏ ਜਿੰਨ੍ਹਾ ਨੇ ਮਾਰੂ ਤੇਜਧਾਰ ਹਥਿਆਰ ਨਾਲ ਪੰਪ ਦੇ ਕਰਿੰਦਿਆਂ ਪਰ ਹਮਲਾ ਕਰਕੇ 33 ਹਜਾਰ ਰੁਪੈ ਦੀ ਲੁੱਟਖੋਹ ਕਰਕੇ ਮੌਕਾ ਤੋ ਫਰਾਰ ਹੋ ਗਏ ਸੀ ਇਸ ਕੇਸ ਨੂੰ ਟਰੇਸ ਕਰਨ ਲਈ ਸ੍ਰੀ ਯੁਗੇਸ ਸ਼ਰਮਾਂ PPS, SP (Inv) PTL, ਸ੍ਰੀ ਗੁਰਦੇਵ ਸਿੰਘ ਧਾਲੀਵਾਲ PPS, DSP (D) PTL, ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਪਟਿਆਲਾ ਅਤੇ ਐਸ.ਆਈ. ਜੈਦੀਪ ਸ਼ਰਮਾ ਇੰਚਾਰਜ ਚੌਕੀ ਬਹਾਦਰਗੜ੍ਹ ਦੀ ਟੀਮ ਵੱਲੋਂ ਪੈਟਰੋਲ ਪੰਪ ਦੀ ਲੁੱਟਖੋਹ ਟਰੇਸ ਕਰਕੇ ਦੋਸੀਆਨ ਮਨਪ੍ਰੀਤ ਸਿੰਘ ਮਨੀ ਪੁੱਤਰ ਦਰਸਨ ਸਿੰਘ, ਸਿਮਰਨਜੀਤ ਸਿੰਘ ਸਿੰਘ ਪੁੱਤਰ ਜਸਵੀਰ ਸਿੰਘ, ਗੁਰਦੀਪ ਸਿੰਘ ਕਰਨ ਪੁੱਤਰ ਅਵਤਾਰ ਸਿੰਘ ਵਾਸੀਆਨ ਪਿੰਡ ਪਬਰੀ ਥਾਣਾ ਖੇੜੀ ਗੰਡਿਆਂ ਜਿਲ੍ਹਾ ਪਟਿਆਲਾ ਅਤੇ ਸੰਦੀਪ ਸਿੰਘ ਮੋਨੂੰ ਪੁੱਤਰ ਫੂਲ ਸਿੰਘ ਵਾਸੀ ਪੰਜਾਬ ਇਨਕਲੇਵ ਕਲੋਨੀ ਭੋਗਲਾ ਰੋਡ ਥਾਣਾ ਸਿਟੀ ਰਾਜਪੁਰਾ ਜਿਲ੍ਹਾ ਪਟਿਆਲਾ ਨੂੰ ਮਿਤੀ 16.09.2024 ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਘਟਨਾ ਦਾ ਵੇਰਵਾ : ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਪਟਿਆਲਾ ਰਾਜਪੁਰਾ ਰੋਡ ਪਿੰਡ ਮੁਰਾਦਪੁਰਾ ਵਿਖੇ ਸਵਰਨ ਸਿੰਘ ਆਇਲ ਪੈਟਰੋਲ ਪੰਪ ਪਰ ਮਿਤੀ 04/09/2024 ਨੂੰ ਰਾਤ ਸਮੇਂ 2 ਨਾਮਾਲੂਮ ਵਿਅਕਤੀ ਜੋ ਬਿਨਾ ਨੰਬਰੀ ਮੋਟਰਸਾਇਕਲ ਸਵਾਰ ਹੋਕੇ ਪੈਟਰੋਲ ਪੰਪ ਪਰ ਤੇਲ ਪੁਆਉਣ ਲਈ ਆਏ, ਜਦੋਂ ਵਰਕਰ ਸਿਮਰਨਜੀਤ ਸਿੰਘ ਮਸੀਨ ਨਾਲ ਤੇਲ ਪਾਉਣ ਲੱਗਾ ਤਾਂ ਇਸੇ ਦੌਰਾਨ ਮੋਟਰਸਾਇਕਲ ਦੇ ਪਿੱਛੇ ਬੈਠੇ ਵਿਅਕਤੀ ਨੇ ਕ੍ਰਿਪਾਨ ਕੱਢਕੇ ਵਰਕਰ ਸਿਮਰਨਜੀਤ ਸਿੰਘ ਦੇ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਉਸਦੀ ਕਮੀਜ ਦੀ ਜੇਬ ਵਿੱਚੋਂ 33 ਹਜਾਰ ਰੁਪੈ ਖੋਹਕੇ ਮੌਕਾ ਤੋ ਫਰਾਰ ਹੋ ਗਏ ਜਿਸ ਬਾਰੇ ਮੁਕੱਦਮਾ ਨੰਬਰ 119 ਮਿਤੀ 14.09.2024 ਅ/ਧ 304, 3(5) ਬੀ.ਐਨ.ਐਸ ਥਾਣਾ ਸਦਰ ਪਟਿਆਲਾ ਦਰਜ ਰਜਿਸਟਰ ਕੀਤਾ ਗਿਆ ਸੀ।

ਗ੍ਰਿਫਤਾਰੀ ਅਤੇ ਖੁਲਾਸੇ : ਜਿੰਨ੍ਹਾ ਨੇ ਅੱਗੇ ਦੱਸਿਆ ਕਿ ਸੀ.ਆਈ.ਏ. ਪਟਿਆਲਾ ਦੀ ਟੀਮ ਵੱਲੋਂ ਟੈਕਨੀਕਲ ਅਨੈਲਸ਼ਿਸ ਅਤੇ ਤਫਤੀਸ ਦੌਰਾਨ ਖੁਫੀਆਂ ਸੋਰਸਾ ਤੋ ਮੁਰਾਦਪੁਰਾ ਪੈਟਰੋਲ ਪੰਪ ਪਰ ਲੁੱਟਖੋਹ ਦੀ ਵਾਰਦਾਤ ਵਿੱਚ ਸਾਮਲ ਦੋਸੀਆਨ ਦੀ ਸਨਾਖਤ ਕੀਤੀ ਗਈ ਜਿਸ ਦੇ ਅਧਾਰ ਪਰ ਹੀ ਮਿਤੀ 16.09.2024 ਨੂੰ ਮਨਪ੍ਰੀਤ ਸਿੰਘ ਮਨੀ ਪੁੱਤਰ ਦਰਸਨ ਸਿੰਘ, ਸਿਮਰਨਜੀਤ ਸਿੰਘ ਸਿੰਮੂ ਪੁੱਤਰ ਜਸਵੀਰ ਸਿੰਘ, ਗੁਰਦੀਪ ਸਿੰਘ ਕਰਨ ਪੁੱਤਰ ਅਵਤਾਰ ਸਿੰਘ ਵਾਸੀਆਨ ਪਿੰਡ ਪਬਰੀ ਥਾਣਾ ਖੇੜੀ ਗੰਡਿਆ ਜਿਲ੍ਹਾ ਪਟਿਆਲਾ ਅਤੇ ਸੰਦੀਪ ਸਿੰਘ ਮੋਨੂੰ ਪੁੱਤਰ ਫੂਲ ਸਿੰਘ ਵਾਸੀ ਪੰਜਾਬ ਇਨਕਲੇਵ ਕਲੋਨੀ ਭੋਗਲਾ ਰੋਡ ਰਾਜਪੁਰਾ ਥਾਣਾ ਸਿਟੀ ਰਾਜਪੁਰਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਹਨਾ ਦਾ ਇਕ ਸਾਥੀ ਸਾਹਿਬ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਪਬਰੀ ਦੀ ਗ੍ਰਿਫਤਾਰੀ ਬਾਕੀ ਹੈ ਜੋ ਸਾਹਿਬ ਸਿੰਘ ਦੇ ਖਿਲਾਫ ਪਹਿਲਾ ਮੁਕੱਦਮਾ ਦਰਜ ਹੈ ਜਿਸਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ। ਵਾਰਦਾਤ ਵਿੱਚ ਵਰਤਿਆ ਮੋਟਰਸਾਇਕਲ ਅਤੇ ਕ੍ਰਿਪਾਨ ਬਰਾਮਦ ਕੀਤੀ ਗਈ ਹੈ। ਗ੍ਰਿਫਤਾਰ ਦੋਸੀਆਨ ਆਪਸ ਵਿੱਚ ਦੋਸਤ ਹਨ ਜਿੰਨ੍ਹਾ ਵਿੱਚ ਮਨਪ੍ਰੀਤ ਸਿੰਘ ਮਨੀ, ਸਿਮਰਨਜੀਤ ਸਿੰਘ ਸਿੰਮੂ, ਅਤੇ ਸੰਦੀਪ ਸਿੰਘ ਮੋਨੂੰ ਜੋ ਕਿ ਪੈਟਰੋਲ ਪੰਪ ਦੇ ਵਰਕਰ ਹਨ ਜਿਹਨਾ ਨੇ ਸਲਾਹ ਮਸਬਰਾ ਕਰਕੇ ਹੀ ਇਸ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਕੇ ਇਸ ਲੁੱਟਖੋਹ ਗੁਰਦੀਪ ਸਿੰਘ ਕਰਨ ਅਤੇ ਸਾਹਿਬ ਸਿੰਘ ਨੇ ਅੰਜਾਮ ਦਿੱਤਾ ਹੈ। ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਗ੍ਰਿਫਤਾਰ ਦੋਸੀਆਨ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਹਨਾ ਨੂੰ ਪੇਸ ਅਦਾਲਤ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਖੂਨਦਾਨ ਤੋਂ ਵੱਡਾ ਕੋਈ ਹੋਰ ਦਾਨ ਨਹੀਂ: ਚੇਤਨ ਸਿੰਘ ਜੌੜੇਮਾਜਰਾ

## ਹਰੇਕ ਸਿਹਤਮੰਦ ਵਿਅਕਤੀ ਨੂੰ ਖੂਨਦਾਨ ਕਰਕੇ ਇਸ ਮਹਾਦਾਨ ਵਿੱਚ ਹਿੱਸਾ ਪਾਉਣਾ ਚਾਹੀਦੈ: ਕੈਬਨਿਟ ਮੰਤਰੀ

ਫਤਹਿਗੜ੍ਹ ਸਾਹਿਬ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-




ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਸ. ਚੇਤਨ ਸਿੰਘ ਜੌੜੇਮਾਜਰਾ ਨੇ ਗੁਰਦੁਆਰਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਬਾਬਾ ਮੋਤੀ ਰਾਮ ਮਹਿਰਾ ਖੂਨਦਾਨ ਸੋਸਾਇਟੀ (ਰਜਿਸਟਰਡ) ਫ਼ਤਹਿਗੜ੍ਹ ਸਾਹਿਬ ਵੱਲੋਂ ਲਗਾਏ ਗਏ 162ਵੇਂ ਵਿਸ਼ਾਲ ਖੂਨਦਾਨ ਕੈਂਪ ਦਾ ਉਦਘਾਟਨ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਸ. ਜੌੜੇਮਾਜਰਾ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਕਾਰਜ਼ ਹੈ ਅਤੇ ਖੂਨਦਾਨ ਤੋਂ ਵੱਡਾ ਕੋਈ ਹੋਰ ਦਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਖੂਨਦਾਨ ਮਹਾਦਾਨ ਹੈ ਜਿਸ ਨਾਲ ਅਨਮੋਲ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਹਰੇਕ ਸਿਹਤਮੰਦ ਵਿਅਕਤੀ ਨੂੰ ਖੂਨਦਾਨ ਜਰੂਰ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਿਹਤ ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਉਨ੍ਹਾਂ ਕਿਹਾ ਕਿ ਖੂਨਦਾਨ ਲੋੜਵੰਦ ਵਿਅਕਤੀਆਂ ਦੀ ਜਾਨ ਬਚਾਉਣ ਦੇ ਕੰਮ ਆ ਸਕਦਾ ਹੈ ਅਤੇ ਕਿਸੇ ਵਿਅਕਤੀ ਦੀ ਜਾਨ ਬਚਾਉਣ ਤੋਂ ਵੱਡਾ ਹੋਰ ਕੋਈ ਪੁੰਨ ਨਹੀਂ ਹੈ।

ਕੈਬਨਿਟ ਮੰਤਰੀ ਨੇ ਬਾਬਾ ਮੋਤੀ ਰਾਮ ਮਹਿਰਾ ਖੂਨਦਾਨ ਸੋਸਾਇਟੀ (ਰਜਿਸਟਰਡ) ਫ਼ਤਹਿਗੜ੍ਹ ਸਾਹਿਬ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਸੇਵਾ ਇੱਕ ਅਜਿਹਾ ਕਾਰਜ਼ ਹੈ ਜਿਸ ਨਾਲ ਅਸੀਂ ਮਾਨਵਤਾ ਦੀ ਸੇਵਾ ਕਰ ਸਕਦੇ ਹਾਂ ਅਤੇ ਮਾਨਵਤਾ ਦੀ ਸੇਵਾ ਨੂੰ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਬਹੁਤ ਵੱਡਾ ਸਥਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਮਾਨਵਤਾ ਦੀ ਸੇਵਾ ਤੋਂ ਕਦੇ ਵੀ ਪਿਛੇ ਨਹੀਂ ਹਟਾਂਗੇ।

ਸੰਗਰਾਂਦ ਦੇ ਦਿਹਾੜੇ ਦੀ ਸੂਬਾ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਮਾਜ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਵੀ ਮਜਬੂਤ ਕਰਨਾ ਚਾਹੀਦਾ ਹੈ ਕਿਉਂਕਿ ਆਪਸੀ ਸਾਂਝ ਮਜਬੂਤ ਰੱਖਦੇ ਹੋਏ ਅਸੀਂ ਬਿਹਤਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ। ਇਸ ਮੌਕੇ ਸੰਸਥਾ ਵੱਲੋਂ ਕੈਬਨਿਟ ਮੰਤਰੀ ਜੌੜੇਮਾਜਰਾ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਖੂਨਦਾਨ ਕੈਂਪ ਵਿੱਚ ਸੋਹਾਣਾ ਹਸਪਤਾਲ ਦੀ ਟੀਮ ਨੇ ਡਾ: ਰਿਤੇਸ਼ ਗੁਲਾਟੀ ਦੀ ਅਗਾਈ ਹੇਠ ਖੂਨ ਇਕੱਤਰ ਕੀਤਾ। ਇਸ ਮੌਕੇ ਸੰਸਥਾ ਦੇ ਸਕੱਤਰ ਨਿਸ਼ਾਨ ਸਿੰਘ, ਕੈਪਟਨ ਸੇਵਾ ਸਿੰਘ, ਕ੍ਰਿਸ਼ਨ ਸਿੰਘ, ਇੰਜ: ਐਸ.ਐਸ.ਬਾਠ, ਗੁਰਮੀਤ ਸਿੰਘ ਖਟੜਾ, ਸਟੇਟ ਅਵਾਰਡੀ ਅਮਰੀਕ ਸਿੰਘ ਨਾਗਰਾ, ਬਲਵਿੰਦਰ ਸਿੰਘ ਸੋਹੀ, ਚਰਨ ਸਿੰਘ ਸੇਖੋਂ, ਬੀਬੀ ਨੀਲ ਕਮਲ ਕੌਰ ਬਾਠ, ਸਰਪੰਚ ਮੇਜਰ ਸਿੰਘ, ਇੰਡੀਅਨ ਰੈਡ ਕਰਾਸ ਸੋਸਾਇਟੀ ਦੇ ਜਸਵਿੰਦਰ ਸਿੰਘ ਤੇ ਰਕੇਸ਼ ਕੁਮਾਰੀ ਸੁਪਰਡੈਂਟ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੂਨਦਾਨੀ ਤੇ ਹੋਰ ਪਤਵੰਤੇ ਹਾਜਰ ਸਨ।

# ਨੋਟੀਫਿਕੇਸ਼ਨ ਕਰਕੇ ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਰੋਸ ਵਜੋਂ 29 ਸਤੰਬਰ ਨੂੰ ਜਿਲ੍ਹਾ ਪੱਧਰੀ ਅਤੇ 6 ਅਕਤੂਬਰ ਨੂੰ ਹੋਣਗੀਆਂ ਸੂਬਾ ਪੱਧਰੀ ਰੈਲੀਆਂ



ਸ੍ਰੀ ਅਨੰਦਪੁਰ ਸਾਹਿਬ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜਸਵੀਰ ਸਿੰਘ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ। ਕਮੇਟੀ ਨੇ ਪੰਜਾਬ ਸਰਕਾਰ ਦੇ ਲਾਰਾ ਲਾਊ ਰੱਵਈਆ ਦਾ ਸਖਤ ਨੋਟਿਸ ਲੈਂਦਿਆਂ ਜਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਐਕਸ਼ਨਾਂ ਦਾ ਐਲਾਨ ਕਰਦਿਆਂ, ਸਰਕਾਰ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ। ਪ੍ਰੈਸ ਨੋਟ ਜ਼ਾਰੀ ਕਰਦਿਆਂ ਸੂਬਾਈ ਆਗੂਆਂ ਨੇ ਦੱਸਿਆ ਕਿ 29 ਸਤੰਬਰ ਨੂੰ ਐਮ ਐਲ ਏ ਅਤੇ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਅਤੇ 6 ਅਕਤੂਬਰ ਨੂੰ ਚਾਰੇ ਜਿਮਨੀ ਚੋਣ ਹਲਕਿਆਂ ਚੱਬੇਵਾਲ,ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਬਾਹਾ ਵਿੱਚ ਰੈਲੀਆਂ।ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜ਼ਾਰੀ ਹੋਇਆ ਸੀ ਇਸ ਨੋਟੀਫਿਕੇਸ਼ਨ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ। ਮੌਜੂਦਾ ਪੰਜਾਬ ਸਰਕਾਰ ਵੱਡੇ ਵੱਡੇ ਕੰਮਾਂ ਨੂੰ ਥੋੜੇ ਸਮੇਂ ਵਿੱਚ ਕਰਕੇ ਦਿਖਾਉਣ ਦਾ ਦਾਅਵਾ ਕਰਦੀ ਹੈ ਪਰ ਖੁਦ ਦੇ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਲਿਖਤੀ ਕੀਤੇ ਵਾਅਦੇ ਨੂੰ ਇੱਕ ਸਾਲ ਹੋ ਚੱਲਿਆ ਤੇ ਮੁੱਖਮੰਤਰੀ ਦੇ ਐਲਾਨ ਨੂੰ ਵੀ ਇੱਕ ਸਾਲ ਹੋ ਗਿਆ ਹੈ ਪਰ ਸਰਕਾਰ ਅਮਲੀ ਜਾਮਾ ਪਾਉਣ ਲਈ ਨਾਕਾਮ ਰਹੀ ਹੈ। ਜਦੋਂ ਕਿ ਗਵਾਂਢੀ ਸੂਬੇ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜਿੱਥੇ ਵੀ ਮੁੱਖ ਮੰਤਰੀ ਪੰਜਾਬ ਜਾਣਗੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਜਿਲਾ ਪੱਧਰ ਤੇ ਸਵਾਗਤ ਕੀਤਾ ਜਾਵੇਗਾ।

ਇਸ ਸਮੇਂ ਜਰਨੈਲ ਸਿੰਘ ਪੱਟੀ ਜਨਰਲ ਸਕੱਤਰ, ਕੋ-ਕਨਵੀਨਰ ਅਜੀਤਪਾਲ ਸਿੰਘ ਜੱਸੋਵਾਲ , ਜਸਵਿੰਦਰ ਸਿੰਘ ਜੱਸਾ, ਕਰਮਜੀਤ ਤਾਮਕੋਟ, ਜਗਸੀਰ ਸਹੋਤਾ, ਲਖਵਿੰਦਰ ਸਿੰਘ ਭੌਰ,ਬਿਕਰਮਜੀਤ ਸਿੰਘ ਕੱਦੋਂ, ਵਰਿੰਦਰ ਵਿੱਕੀ, ਸੱਤ ਪ੍ਰਕਾਸ਼, ਗੁਰਦੀਪ ਸਿੰਘ ਚੀਮਾ, ਸੰਜੀਵ ਧੂਤ, ਕਰਮਜੀਤ ਜਲਾਲ, ਜੁਝਾਰ ਸਹੂੰਗੜਾ, ਗੁਰਦਿਆਲ ਮਾਨ, ਕੇਵਲ ਸਿੰਘ, ਹਿੰਮਤ ਸਿੰਘ ਪਟਿਆਲਾ, ਦਰਸ਼ਨ ਅਲੀਸ਼ੇਰ,ਲਵਪ੍ਰੀਤ ਰੋੜਾਂਵਾਲੀ, ਪਰਮਿੰਦਰਪਾਲ ਸਿੰਘ ਕਪੂਰਥਲਾ, ਕੁਲਦੀਪ ਵਾਲੀਆ, ਕੁਲਵਿੰਦਰ ਤਰਨਤਾਰਨ,ਜੂਨੀਅਰ ਇੰਜੀਨੀਅਰ ਐਸੋਸੀਏਸ਼ਨ ਤੋਂ ਜਗਤਾਰ ਸਿੰਘ, ਟੀ.ਐਸ.ਯੂ ਤੋਂ ਰਘਵੀਰ ਸਿੰਘ,ਕਰਮਜੀਤ ਸਿੰਘ ,ਨਿਰਭੈ ਸਿੰਘ, ਲਖਵਿੰਦਰ ਸਿੰਘ ਮਾਨ, ਕੁਲਦੀਪ ਅੱਕਾਵਾਲੀ ,ਨਿਰਭੈ ਸਿੰਘ ਜਰਗ ਘਨੌਰ ਆਦਿ ਹਾਜ਼ਰ ਸਨ।

# ਘਨੌਰ ਪੁਲਿਸ ਨੇ ਚੋਰ ਗਿਰੋਹ ਨੂੰ ਕਾਬੂ ਕਰ ਚੋਰੀ ਦਾ ਸਮਾਨ ਕੀਤਾ ਬਰਾਮਦ



ਘਨੌਰ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਐਸ ਐਸ ਪੀ ਸਾਹਿਬ ਪਟਿਆਲਾ ਡਾ. ਨਾਨਕ ਸਿੰਘ ਆਈ ਪੀ.ਐਸ਼ ਜੀ ਦੀਆ ਹਦਾਇਤਾਂ ਅਨੁਸਾਰ ਹਰਮਨਪ੍ਰੀਤ ਸਿੰਘ ਉਪ ਕਪਤਾਨ ਪੁਲਿਸ ਘਨੌਰ ਜੀ ਦੇ ਦਿਸਾ ਨਿਰਦੇਸਾ ਅਨੁਸਾਰ ਐਸ ਆਈ ਸਾਹਿਬ ਸਿੰਘ ਵਿਰਕ ਮੁੱਖ ਅਫਸਰ ਥਾਣਾ ਘਨੌਰ ਦੀ ਟੀਮ ਪੁਲਿਸ ਪਾਰਟੀ ਨੇ ਦੋਸ਼ੀ ਯੋਗੇਸ ਸਰਮਾ ਉਰਫ ਨੀਰਜ ਵਾਸੀ ਪਿੰਡ ਖੁਰਚਨਪੁਰ ਹੁਸਨਪ੍ਰੀਤ ਸਿੰਘ ਵਾਸੀ ਖੁਰਚਨਪੁਰ ਨੂੰ ਮੁ ਨੇ 76 303(2),3172) ਦਰਜ ਕਿੱਤਾ ਗਿਆ ਹੈ। ਜਿਹਨਾ ਪਾਸੋਂ ਇਕ ਬਿਨਾ ਨੰਬਰੀ ਮੋਟਰਸਾਇਕਲ ਬ੍ਰਾਮਦ ਹੋਇਆ ਹੈ। ਜਿਹਨਾਂ ਨੇ ਪਹਿਲਾ ਵੀ ਥਾਣਾ ਘਨੌਰ ਦੇ ਏਰੀਆ ਵਿੱਚ ਚੋਰੀਆ ਕੀਤੀਆਂ ਹਨ। ਜਿਹਨਾ ਦਾ ਮਿਤੀ 13-9-2024 ਨੂੰ ਮਾਨਯੋਗ ਅਦਾਲਤ ਵਿੱਚ (13 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਦੌਰਾਨੇ ਤਫਤੀਸ ਜਿਹਨਾ ਪਾਸੇ 02 ਬਿਨਾ ਨੰਬਰੀ ਚੋਰੀ ਸੁੱਦਾ ਮੋਟਰਸਾਇਕਲ 02 ਐਲ ਸੀ ਡੀ 01 ਗੈਸ ਸਿਲੰਡਰ 02 ਬੈਟਰੇ 02 ਇੰਨਵਰਟਰ,4000 ਰੁਪਏ ਦੇ ਨਕਦੀ ਬ੍ਰਾਮਦ ਕੀਤੇ ਗਏ ਹਨ ਅਤੇ ਪਿਛਲੇ ਸਾਲ ਦੌਰਾਨ ਇਹਨਾ ਨੇ ਥਾਣਾ ਘਨੌਰ ਦੇ ਏਰੀਏ ਵਿੱਚ ਇਸ ਸਬੰਧੀ ਮੁਕੱਦਮਾ ਨੰਬਰ 29/2023 ਅ/ਧ 457,380 ਆਈ ਪੀ ਸੀ ਥਾਣਾ ਘਨੌਰ ਪਹਿਲਾ ਵੀ ਦਰਜ ਹੈ।ਇਸੇ ਤਰਾ ਇਹਨਾਂ ਨੇ ਘਨੌਰ ਸੰਭੂ ਰੋਡ ਤੋ ਇਕ ਦੁਕਾਨ ਵਿਚੋ ਕੁਝ ਕੈਸ਼ ਚੋਰੀ ਕੀਤਾ ਸੀ ਜਿਸ ਵਿੱਚ ਹੀ 4000/- ਰੁਪਏ ਇਹਨਾ ਪਾਸੇ ਬ੍ਰਾਮਦ ਹੋਏ ਹਨ ਜਿਸ ਸਬੰਧੀ ਮੁ ਨੰ 73/23 ਅਧਿ 457,380 ਆਈ ਪੀ ਸੀ ਥਾਣਾ ਘਨੌਰ ਦਰਜ ਹੈ ਇਸ ਤੋਂ ਇਲਾਵਾ। 52 ਦਰਜਨ ਦੇ ਕਰੀਬ ਇਹਨਾ ਨੇ ਹੋਰ ਚੋਰੀਆਂ ਹਰਿਆਣਾ ਏਰੀਆ ਵਿੱਚ ਕੀਤੀਆ ਹੋਈਆ ਹਨ। ਅੱਗੇ ਤਫ਼ਤੀਸ਼ ਜਾਰੀ ਹੈ।

# ਗੂੱਗਾ ਮਾੜੀ ਦਰਬਾਰ ਕਰਨਪੁਰ ਮੇਲਾ ਧੂਮ ਧਾਮ ਨਾਲ ਮਨਾਇਆ ਗਿਆ ਸੇਵਾਦਾਰਾ ਨੂੰ ਕੀਤਾ ਸਨਮਾਨਿਤ



ਸਨੌਰ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਨੌਰ ਦੇ ਪਿੰਡ ਕਰਨਪੁਰ ਚ ਗੂੱਗਾ ਮਾੜੀ ਮੇਲਾ ਹਰ ਵਾਰ ਦੀ ਤਰਾਂ ਇਸ ਵਾਰ ਵੀ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸਭ ਸੰਗਤਾ ਨੇ ਪਹੁੰਚ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਇਸ ਸੁਭ ਅਵਸਰ ਤੇ ਸੇਵਾਦਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪਿੰਡ ਮੇਹਰਗੜ ਬੱਤੀ ਤੋਂ ਹਰਦੀਪ ਸਿੰਘ ਆੜਤੀ ਜਿਨਾਂ ਨੇ ਲੱਖਾਂ ਰੁਪਏ ਦੀ ਜਮੀਨ ਮੁੱਲ ਲੈ ਕੇ ਅਪਣੇ ਪਿੰਡ ਮੇਹਰਗੜ ਬੱਤੀ ਤੋਂ ਗੂੱਗਾ ਮਾੜੀ ਦਰਬਾਰ ਕਰਨਪੁਰ ਨੂੰ ਸੜਕ ਬਣਾਉਣ ਦੀ ਸੇਵਾ ਲਗਾਈ। ਇਹ ਸੜਕ ਬਣਨ ਨਾਲ ਦਰਬਾਰ ਚ ਆਉਣ ਵਾਲੀਆ ਸੰਗਤਾ ਅਤੇ ਆਮ ਪਬਲਿਕ ਨੂੰ ਬਹੁਤ ਲਾਭ ਹੋਇਆ।

ਗੂੱਗਾ ਮਾੜੀ ਦਰਬਾਰ ਕਰਨਪੁਰ ਕਮੇਟੀ ਅਤੇ ਦਰਬਾਰ ਦੇ ਭਗਤ ਰਾਮਇਸ਼ਰ ਸਿੰਘ ਨੇ ਲੱਖਾਂ ਰੁਪਏ ਦੇ ਰਸਤੇ ਦੀ ਸੇਵਾ ਕਰਨ ਤੇ ਹਰਦੀਪ ਸਿੰਘ ਬੱਤੀ ਨੂੰ ਅਤੇ ਪਰਿਵਾਰ ਦੇ ਬਜੁਰਗਾ ਨੂੰ ਸਨਮਾਨਿਤ ਕੀਤਾ ਨਾਲ ਸਹਿਯੋਗੀ ਸੁਖਵਿੰਦਰ ਸਿੰਘ ਭੋਲਾ ਸਾਬਕਾ ਸਰਪੰਚ ਪਿੰਡ ਕੋਟਲਾ ਨੂੰ ਵੀ ਸਨਮਾਨਿਤ ਕੀਤਾ। ਰਸਤੇ ਚ ਮਿੱਟੀ ਦੀ ਸੇਵਾ ਚ ਸਭ ਪਿੰਡਾ ਵਾਸੀ ਸੰਗਤਾ ਨੇ ਸਹਿਯੋਗ ਕੀਤਾ।

ਇਸ ਮੌਕੇ ਰਸਤੇ ਚ ਮਿੱਟੀ ਪੱਧਰੀ ਕਰਨ ਲਈ ਟ੍ਰੈਕਟਰਾਂ ਦੀ ਸੇਵਾ ਕਰਨ ਵਾਲੇ ਕਾਲਾ ਉਰਫ ਗੁਰੂ,,ਬਿੰਦਰ ਸਿੰਘ,,ਰਣਧੀਰ ਸਿੰਘ ਧੀਰਾ,,ਬਹਾਦਰ ਸਿੰਘ, ਗੁਰਜਿੰਦਰ ਸਿੰਘ ਗੂਰੀ,,ਹਰਮੇਸ ਸਿੰਘ ਕਰਨਪੁਰ ਨੂੰ ਵੀ ਦਰਬਾਰ ਕਮੇਟੀ ਅਤੇ ਭਗਤ ਰਾਮਇਸ਼ਰ ਸਿੰਘ ਕਰਨਪੁਰ ਵੱਲੋਂ ਸਨਮਾਨਿਤ ਕੀਤਾ ਗਿਆ।

# ਅਗਰਵਾਲ ਸਮਾਜ ਸਭਾ ਨੇ ਮੁਫ਼ਤ ਨਿਊਰੋਥਰੇਪੀ ਦਾ ਕੈਂਪ ਲਗਾਇਆ

ਧੂਰੀ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਅਗਰਵਾਲ ਸਮਾਜ ਸਭਾ (ਰਜਿ) ਧੂਰੀ ਵੱਲੋ ਮੁਫਤ ਨਿਊਰੋਥਰੇਪੀ ਕੈਂਪ ਰਾਮ ਬਾਗ ਚੈਰੀਟੇਬਲ ਯੋਗਾ ਹਾਲ ਵਿੱਚ ਲਗਾਇਆ ਗਿਆ। ਇਸ ਕੈਂਪ ਸੰਬੰਧੀ ਜਾਣਕਾਰੀ ਦਿੰਦਿਆ ਸਭਾ ਦੇ ਪ੍ਰਧਾਨ ਮਦਨ ਲਾਲ ਬਾਂਸਲ ਨੇ ਦੱਸਿਆ ਕਿ ਇਹ ਕੈਂਪ ਸਵੇਰੇ 10 ਵਜੇ ਤੋ ਦੁਪਿਹਰ 2 ਵਜੇ ਤੱਕ ਲਗਾਇਆ ਗਿਆ। ਇਸ ਕੈਂਪ ਵਿੱਚ ਨਿਊਰੋਥਰੇਪੀ ਦੇ ਮਾਹਿਰ ਡਾਕਟਰ ਅਜੈ ਗਾਂਧੀ ਚੰਡੀਗੜ ਅਤੇ ਜਸਪ੍ਰੀਤ ਸਿੰਘ ਚੰਡੀਗੜ੍ਹ ਨੇ ਮਰੀਜਾ ਦਾ ਚੈਕਅੱਪ ਕੀਤਾ। ਇਸ ਕੈਂਪ ਦਾ ਉਦਘਾਟਨ ਸਭਾ ਦੇ ਚੇਅਰਮੈਨ ਪਵਨ ਗਰਗ ਨੇ ਕੀਤਾ ਅਤੇ ਜਯੋਤੀ ਪ੍ਰਜਵਲਿਤ ਦੀ ਰਸ਼ਮ ਐਡਵੋਕੇਟ ਪਵਨ ਗਰਗ ਨੇ ਕੀਤੀ। ਇਸ ਕੈਂਪ ਵਿੱਚ 150 ਦੇ ਕਰੀਬ ਮਰੀਜ਼ਾ ਦਾ ਚੈਕਅੱਪ ਕੀਤਾ ਗਿਆ ਅਤੇ ਨਿਊਰੋਥਰੇਪੀ ਵਿਧੀ ਰਾਹੀ ਮੌਕੇ ਤੇ ਇਲਾਜ ਕੀਤਾ ਗਿਆ। ਇਸ ਮੌਕੇ ਸੀਨੀਅਰ ਵਾਇਸ ਪ੍ਰਧਾਨ ਜਨਕ ਰਾਜ ਮੀਮਸਾ ਅਤੇ ਸਕੱਤਰ ਨਰੇਸ਼ ਸਿੰਗਲਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਵੱਖ ਵੱਖ ਤਰਾਂ ਦੇ ਦਰਦ,ਸਰਵਾਇਕਲ, ਸੂਗਰ, ਅਧਰੰਗ ਅਤੇ ਬਹੁਤ ਸਾਰੇ ਰੋਗਾ ਦਾ ਇਲਾਜ ਬਿਨਾ ਦਵਾਈ ਤੋ ਕੀਤਾ ਗਿਆ।

# ਖਾਲਸਾ ਕਾਲਜ ਦੀ ਵਿਦਿਆਰਥਣ ਐਨ.ਸੀ.ਸੀ. ਲੀਡਿੰਗ ਕੈਡਿਟ ਬਲਜੀਤ ਕੌਰ ਨੇ ਸ਼ਿੱਪ ਮਾਡਲਿੰਗ ਵਿੱਚ ਜਿੱਤਿਆ ਸਿਲਵਰ ਮੈਡਲ

ਸ੍ਰੀ ਅਨੰਦਪੁਰ ਸਾਹਿਬ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਥਾਨਕ ਵਿਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨੇਵਲ ਵਿੰਗ (ਐਨ.ਸੀ.ਸੀ) ਦੀ ਲੀਡਿੰਗ ਕੈਡਿਟ ਬਲਜੀਤ ਕੌਰ ਨੇ ਨੈਸ਼ਨਲ ਪੱਧਰ 'ਤੇ ਹੋਣ ਵਾਲੇ ਆਲ ਇੰਡੀਆ ਨਾਉ ਸੈਨਿਕ ਕੈਂਪ-2024 ਵਿੱਚ ਭਾਗ ਲੈ ਕੇ ਸ਼ਿੱਪ ਮਾਡਲਿੰਗ ਵਿੱਚ ਸਿਲਵਰ ਮੈਡਲ ਜਿੱਤ ਕੇ ਕਾਲਜ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ 1 ਪੰਜਾਬ ਨੇਵੀ ਐਨ.ਸੀ.ਸੀ ਨੇਵਲ ਯੂਨਿਟ,ਨਯਾ ਨੰਗਲ ਵੱਲੋਂ ਲੀਡਿੰਗ ਕੈਡਟ ਬਲਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ।

# ਗੌਰਮਿੰਟ ਕਾਲਜ ਆ.ਫ ਐਜੂਕੇਸ਼ਨ ਪਟਿਆਲਾ ਵਿਖੇ ਮਨਾਇਆ ਹਿੰਦੀ ਦਿਵਸ

ਪਟਿਆਲਾ, 18 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਪ੍ਰਿੰਸੀਪਲ, ਡਾ. ਦਪਿੰਦਰ ਕੌਰ ਅਤੇ ਅਸਿਸਟੈਂਟ ਪ੍ਰੋਫੈਸਰ ਮੰਜੂ ਬਾਲਾ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ।

ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਦੇ ਪ੍ਰਿੰਸੀਪਲ, ਡਾ. ਦਪਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਵਿਖੇ ਉਹਿੰਦੀ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਡਾ. ਦਵਿੰਦਰ ਕੌਰ ਨੇ ਇਸ ਮੌਕੇ ਤੇ ਵਰਤਮਾਨ ਸਮੇਂ ਵਿੱਚ ਹਿੰਦੀ ਭਾਸ਼ਾ ਦੇ ਮਹੱਤਵ ਨੂੰ ਦੱਸਦਿਆਂ ਸਾਰਿਆਂ ਨੂੰ ਹਿੰਦੀ ਦਿਵਸ ਦੀਆਂ ਸੁ ਅਤੇ ਵਧਾਈ ਦਿੱਤੀ। ਇਸ ਪ੍ਰੋਗਰਾਮ ਵਿੱਚ ਐਮ.ਐਡ. ਅਤੇ ਬੀ.ਐਡ ਦੇ ਲਗਭਗ 10 ਵਿਦਿਆਰਥੀਆਂ ਦੁਆਰਾ ਉਹਿੰਦੀ ਦਿਵਸ ਨੂੰ ਸਮਰਪਿਤ ਆਪਣੀ ਪ੍ਰਸਤੂਤੀ ਪੇਸ਼ ਕੀਤੀ। ਐਮ.ਐਡ. ਦੀ ਵਿਦਿਆਰਥਣ ਰਮਨਪ੍ਰੀਤ ਕੌਰ ਨੇ ਹਿੰਦੀ ਭਾਸ਼ਾ ਦਿਵਸ ਉੱਪਰ ਭਾਸ਼ਣ ਦੇ ਨਾਲ- ਨਾਲ ਮੰਚ ਸੰਚਾਲਨ ਵੀ ਕੀਤਾ। ਬੀ.ਐਡ. ਭਾਗ ਪਹਿਲਾ ਦੇ ਵਿਦਿਆਰਥਣ ਲਵਪ੍ਰੀਤ ਕੌਰ ਅਤੇ ਗੁਰਲੀਨ ਕੌਰ ਨੇ ਹਿੰਦੀ ਭਾਸ਼ਾ ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ ਤਵਿੱਸ਼ਾ, ਜਸ਼ਨਪ੍ਰੀਤ ਸਿੰਘ, ਰਵਨੀਤ ਕੌਰ ਅਤੇ ਮਨਪ੍ਰੀਤ ਕੌਰ ਨੇ ਕਵੀਤਾ ਉਚਾਰਣ ਕੀਤਾ।

ਬੀ.ਐਡ ਭਾਗ ਪਹਿਲਾ ਦੇ ਵਿਦਿਆਰਥੀ ਗਗਨਦੀਪ ਸਿੰਘ ਨੇ ਸਵੈ ਲਿਖਿਤ ਕੁਝ ਸੇ ਪੜ੍ਹੇ। ਹਿੰਦੀ ਦਿਵਸ ਦੇ ਇਸ ਮੌਕੇ ਤੇ ਅਸਿਸਟੈਂਟ ਪ੍ਰੋਫੈਸਰ ਨਵਦੀਪ ਕੰਬੋਜ਼ ਨੇ ਵੀ ਇੱਕ ਹਿੰਦੀ ਕਵਿਤਾ ਗਾ ਕੇ ਬਚਪਨ ਨੂੰ ਯਾਦ ਕੀਤਾ।

ਹਿੰਦੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਮੰਜੂ ਬਾਲਾ ਦੁਆਰਾ ਪ੍ਰੋਗਰਾਮ ਦੇ ਅੰਤ ਵਿੱਚ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਸਾਰੀਆਂ ਭਾਸ਼ਾਵਾਂ ਦਾ ਸੰਮਾਨ ਕਰਨਾ ਚਾਹੀਦਾ ਹੈ ਕਿਉਂਕਿ ਕੋਈ ਵੀ ਭਾਸ਼ਾ ਕਿਸੇ ਦੂਸਰੀ ਭਾਸ਼ਾ ਦਾ ਵਿਰੋਧ ਨਹੀਂ ਕਰਦੀ, ਸਗੋਂ ਇੱਕ ਦੂਜੇ ਨੂੰ ਉੱਨਤ ਕਰਦੀ ਹੈ। ਇਸ ਪ੍ਰੋਗਰਾਮ ਵਿੱਚ ਬੀ.ਐਡ. ਭਾਗ ਪਹਿਲਾ ਅਤੇ ਐਮ. ਐਡ. ਦੇ ਵਿਦਿਆਰਥੀ ਸ਼ਾਮਿਲ ਸਨ। ਸਮੂਹ ਸਟਾਫ਼ ਮੈਂਬਰਾਂ ਨੇ ਆਪਣੀ ਸ਼ਮੂਲੀਅਤ ਨਾਲ ਪ੍ਰੋਗਰਾਮ ਦੀ ਸ਼ੋਭਾ ਵਧਾਈ। ਟੀਚਿੰਗ ਪ੍ਰੈਕਟਿਸ ਤੇ ਗਏ ਬੀ.ਐਡ. ਭਾਗ ਦੂਜਾ ਦੇ ਵਿਦਿਆਰਥੀਆਂ ਦੁਆਰਾ ਆਪੋ- ਆਪਣੇ ਸਕੂਲਾਂ ਵਿੱਚ ਵੀ ਹਿੰਦੀ ਦਿਵਸ ਮਨਾਇਆ ਗਿਆ।

# ਮਹਿੰਦਰਾ ਨੇ ਲਾਂਚ ਕੀਤਾ ਨਵਾਂ ਵੀਰੋ

ਲੁਧਿਆਣਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਹਿੰਦਰਾ ਐਂਡ ਮਹਿੰਦਰਾ ਲਿਮਟਿਡ, ਭਾਰਤ ਦੀ ਯੂਟਿਲਿਟੀ ਵਾਹਨਾਂ ਦੀ ਪ੍ਰਮੁੱਖ ਨਿਰਮਾਤਾ ਅਤੇ LCV <3.5 ਟੀ ਸੈਗਮੈਂਟ ਵਿੱਚ ਮੋਹਰੀ, ਨੇ ਅੱਜ ਮਹਿੰਦਰਾ ਵੀਰੋ ਨੂੰ ਲਾਂਚ ਕਰਨ ਦਾ ਐਲਾਨ ਕੀਤਾ। ਇਸ ਦੀ ਕੀਮਤ 7.99 ਲੱਖ ਰੁਪਏ ਤੋਂ ਸ਼ੁਰੂ ਹੁੰਦੀ ਹੈ। LCV <3.5 t ਖੰਡ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਤਿਆਰ ਕੀਤਾ ਗਿਆ ਹੈ, Viro ਵਧੀਆ ਮਲਟੀਪਲ ਇੰਜਣ ਵਿਕਲਪਾਂ ਦੁਆਰਾ ਸੰਚਾਲਿਤ ਬੇਮਿਸਾਲ ਪ੍ਰਦਰਸ਼ਨ, ਉੱਤਮ ਯਾਤਰੀ ਸੁਰੱਖਿਆ ਅਤੇ ਇੱਕ ਪ੍ਰੀਮੀਅਮ ਕੈਬਿਨ ਅਨੁਭਵ ਪ੍ਰਦਾਨ ਕਰਦਾ ਹੈ। ਵੀਜੇ ਨਾਕਰਾ, ਪ੍ਰਧਾਨ, ਆਟੋਮੋਟਿਵ ਡਿਵੀਜ਼ਨ, ਮਹਿੰਦਰਾ ਐਂਡ ਮਹਿੰਦਰਾ ਲਿਮਿਟੇਡ, ਨੇ ਕਿਹਾ, ਮਹਿੰਦਰਾ ਵੀਰੋਓ LCV <C.Et ਖੰਡ ਵਿੱਚ ਸਾਡੀ ਲੀਡਰਸ਼ਿਪ ਸਥਿਤੀ ਨੂੰ ਹੋਰ ਮਜ਼ਬੂਤ ਕਰੇਗਾ, ਜੋ ਗਾਹਕਾਂ ਨੂੰ ਉਹਨਾਂ ਦੀ ਕਮਾਈ ਨੂੰ ਵੱਧ ਤੋਂ ਵੱਧ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ, ਇਹ ਇੱਕ ਬਿਹਤਰੀਨ ਪੇਲੋਡ ਪੇਸ਼ਕਸ਼ ਹੈ ਸ਼ਾਨਦਾਰ ਮਾਈਲੇਜ ਅਤੇ ਬਿਹਤਰ ਗਤੀਸ਼ੀਲਤਾ, ਇਹ ਵਾਹਨ ਇੱਕ ਪ੍ਰੀਮੀਅਮ ਕੈਬਿਨ ਅਨੁਭਵ, ਬੇਮਿਸਾਲ ਪ੍ਰਦਰਸ਼ਨ ਅਤੇ ਸਮਰੱਥਾ ਨੂੰ ਯਕੀਨੀ ਬਣਾਉਂਦਾ ਹੈ ਜੋ ਕਿ ਮਹਿੰਦਰਾ ਵੀਰੋ ਨੂੰ ਸੈਗਮੈਂਟ ਵਿੱਚ ਹੋਰ ਸਾਰੀਆਂ ਪੇਸ਼ਕਸ਼ਾਂ ਤੋਂ ਵੱਖਰਾ ਬਣਾਉਂਦਾ ਹੈ, ਅਸਲ ਵਿੱਚ ਸੋਚ ਤੋਂ ਅੱਗੇਹੋਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ 0¢" ਮਹਿੰਦਰਾ ਦਾ ਨਵੀਨਤਾਕਾਰੀ ਅਰਬਨ ਪ੍ਰੋਸਪਰ ਪਲੇਟਫਾਰਮ (UPP) ਭਾਰਤ ਦਾ ਪਹਿਲਾ ਗਰਾਊਂਡ-ਅੱਪ ਮਲਟੀ-ਐਨਰਜੀ ਮਾਡਿਊਲਰ CV ਪਲੇਟਫਾਰਮ ਹੈ। ਸਰਵੋਤਮ-ਵਿੱਚ-ਸ਼੍ਰੇਣੀ ਦੀ ਕੁੱਲ ਮਾਲਕੀ ਲਾਗਤ ਅਤੇ ਖੰਡ- ਪਹਿਲੀ ਸੁਰੱਖਿਆ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਪਲੇਟਫਾਰਮ ਉਦਯੋਗ ਵਿੱਚ ਇੱਕ ਨਵਾਂ ਬੈਂਚਮਾਰਕ ਸੈੱਟ ਕਰਦਾ ਹੈ।

# 2012 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਡਾ. ਰਜਤ ਉਬਰਾਏ ਨੇ ਨਗਰ ਨਿਗਮ ਕਮਿਸ਼ਨਰ ਦਾ ਅਹੁਦਾ ਸੰਭਾਲਿਆ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



2012 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਡਾ. ਰਜਤ ਉਬਰਾਏ ਨੇ ਅੱਜ ਨਗਰ ਨਿਗਮ ਪਟਿਆਲਾ ਦੇ ਨਵੇਂ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਯੋਜਨਾਵਾਂ ਨੂੰ ਹੇਠਲੇ ਪੱਧਰ 'ਤੇ ਲਾਗੂ ਕਰਨਾ ਅਤੇ ਲੋਕਾਂ ਨੂੰ ਪਾਰਦਰਸ਼ੀ ਢੰਗ ਨਾਲ ਨਾਗਰਿਕ ਸੇਵਾਵਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਵਿਸ਼ੇਸ਼ ਪਹਿਲਕਦਮੀ ਹੋਵੇਗੀ।

ਇਸੇ ਦੌਰਾਨ ਨਗਰ ਨਿਗਮ ਕਮਿਸ਼ਨਰ ਡਾ. ਰਜਤ ਉਬਰਾਏ ਨੇ ਬ੍ਰਾਂਚ ਮੁਖੀਆਂ ਨਾਲ ਜਾਣ-ਪਛਾਣ ਮੀਟਿੰਗ ਕੀਤੀ ਅਤੇ ਲੋਕ ਹਿਤ ਦੇ ਕੰਮ ਪਹਿਲ ਦੇ ਅਧਾਰ 'ਤੇ ਕਰਨ ਦੀ ਸਖ਼ਤ ਹਦਾਇਤ ਕੀਤੀ। ਉਨ੍ਹਾਂ ਨੇ ਛੋਟੀ ਬਾਰਾਂਦਰੀ ਵਿਖੇ ਲੱਗਦੇ ਕਾਰ ਬਾਜ਼ਾਰ ਬਾਰੇ ਸਬੰਧਤ ਤੋਂ ਤੁਰੰਤ ਰਿਪੋਰਟ ਤਲਬ ਕੀਤੀ ਅਤੇ ਸਖ਼ਤ ਹਦਾਇਤ ਕੀਤੀ ਕਿ ਇੱਥੇ ਅਜਿਹੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ ਕਿ ਆਮ ਸ਼ਹਿਰੀ ਲੋਕਾਂ ਨੂੰ ਕੋਈ ਮੁਸ਼ਕਿਲ ਨਾ ਆਵੇ।

ਕਮਿਸ਼ਨਰ ਨੇ ਸਬੰਧਤ ਬ੍ਰਾਂਚਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਅਬਲੋਵਾਲ ਨੇੜਲੀਆਂ ਕਲੋਨੀਆਂ ਸਮੇਤ ਸ਼ਹਿਰ ਦੀਆਂ ਹੋਰਨਾਂ ਕਲੋਨੀਆਂ, ਜਿੱਥੇ ਕਿਤੇ ਸਟਰੀਟ ਲਾਈਟਾਂ ਬੰਦ ਹਨ ਜਾਂ ਕਿਸੇ ਖਰਾਬ ਹਨ ਅਤੇ ਪੀਣ ਵਾਲੇ ਪਾਣੀ ਦੀ ਕਿੱਲਤ ਦੀ ਸੂਚਨਾ ਮਿਲ ਰਹੀ ਹੈ, ਉਸ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇ।

# ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਹਿੰਦੂ ਜਥੇਬੰਦੀਆਂ ਨਾਭਾ ਸ਼ਹਿਰ ਨੂੰ ਪੂਰਨ ਤੌਰ 'ਤੇ ਬੰਦ ਕਰਵਾਇਆ



ਨਾਭਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਹਿੰਦੂ ਜਥੇਬੰਦੀਆਂ ਨਾਭਾ ਸ਼ਹਿਰ ਨੂੰ ਪੂਰਨ ਤੌਰ 'ਤੇ ਬੰਦ ਕਰਵਾ ਕੇ ਸੜਕਾਂ 'ਤੇ ਉਤਰ ਆਈਆਂ ਅਤੇ ਰੋਸ ਪ੍ਰਦਰਸ਼ਨ ਕੀਤਾ। ਦਰਅਸਲ ਬੀਤੇ ਦਿਨੀਂ ਬਾਵਨ ਦੁਆਦਸੀ ਤੋਂ ਪਹਿਲਾਂ ਨਗਰ ਕੌਂਸਲ ਨਾਭਾ ਵੱਲੋਂ ਧਾਰਮਿਕ ਜਥੇਬੰਦੀਆਂ ਦੇ ਬੋਰਡ ਉਤਾਰ ਕੇ ਕੂੜੇ ਵਾਲੀ ਟਰਾਲੀ ਵਿਚ ਰੱਖ ਦਿੱਤੇ ਗਏ ਸੀ ਅਤੇ ਇਸ ਦੇ ਸਿੱਧੇ ਦੋਸ਼ ਨਗਰ ਕੌਂਸਲ ਨਾਭਾ ਦੀ ਪ੍ਰਧਾਨ ਦੇ ਪਤੀ ਉੱਪਰ ਲੱਗੇ ਸੀ। ਦੋਸ਼ ਹੈ ਕਿ ਉਨ੍ਹਾਂ ਦੀ ਤਸਵੀਰ ਇਨ੍ਹਾਂ ਬੋਰਡਾਂ ਵਿਚ ਨਾ ਲਗਾਉਣ ਕਰਕੇ ਉਨ੍ਹਾਂ ਵੱਲੋਂ ਸਮਾਗਮ ਤੋਂ ਪਹਿਲਾਂ ਇਹ ਬੋਰਡ ਉਤਾਰੇ ਗਏ।

ਤਿਉਹਾਰ ਤੋਂ ਬਾਅਦ ਅੱਜ ਸੋਮਵਾਰ ਸਵੇਰ ਵਪਾਰ ਮੰਡਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਹਿੰਦੂ ਸਮਾਜ ਦੇ ਲੋਕਾਂ ਵੱਲੋਂ ਸਥਾਨਕ ਦੇਵੀ ਦਿਆਲਾ ਚੌਂਕ ਮੰਦਰ ਵਿਖੇ ਇਕੱਠੇ ਹੋ ਕੇ 'ਆਪ' ਆਗੂ ਪੰਕਜ ਪੱਪੂ ਖ਼ਿਲਾਫ ਰੋਸ ਪ੍ਰਗਟਾਵਾ ਕੀਤਾ ਗਿਆ। ਹਿੰਦੂ ਜਥੇਬੰਦੀਆਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤਹਿਤ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ।

ਇਸ ਮਸਲੇ 'ਤੇ ਬੋਲਦੇ ਹੋਏ ਹਿੰਦੂ ਸਮਾਜ ਦੇ ਲੋਕਾਂ ਦਾ ਕਹਿਣਾ ਹੈ ਕਿ ਭਗਵਾਨ ਬਾਵਨ ਦੀਆਂ ਤਸਵੀਰਾਂ ਨੂੰ ਨਗਰ ਕੌਂਸਲ ਨਾਭਾ ਦੀ ਕੂੜੇ ਵਾਲੀ ਟਰਾਲੀਆਂ ਵਿਚ ਸੁੱਟਿਆ ਗਿਆ। ਇਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਪੰਕਜ ਪੱਪੂ ਖ਼ਿਲਾਫ ਸਖ਼ਤ ਕਾਰਵਾਈ ਕਰਕੇ ਮਾਮਲਾ ਦਰਜ ਕਰਨਾ ਚਾਹੀਦਾ ਹੈ।

# ਰਾਜੇਸ਼ ਕੌਸ਼ਿਕ ਗੱਗੀ ਆਪਣੀ ਪਾਰਟੀ ਸ਼ਿਵ ਸੈਨਾ ਹਿੰਦੂਸਤਾਨ 'ਚ ਵਾਪਸ ਪਰਤੇ : ਪਵਨ ਗੁਪਤਾ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼ਿਵ ਸੈਨਾ ਹਿੰਦੁਸਤਾਨ ਨੂੰ ਪਟਿਆਲਾ ਵਿੱਚ ਉਸ ਵੇਲੇ ਵੱਡੀ ਕਾਮਯਾਬੀ ਹਾਸਿਲ ਹੋਈ ਜਦੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਰਹਿ ਚੁੱਕੇ ਸਾਬਕਾ ਨੌਜਵਾਨ ਆਗੂ ਸ਼੍ਰੀ ਰਾਜੇਸ਼ ਕੌਸ਼ਿਕ ਗੱਗੀ ਅੱਜ ਪਾਰਟੀ ਵਿੱਚ ਮੁੜ ਘਰ ਪਰਤ ਆਏ। ਇਸ ਮੌਕੇ ਉਨ੍ਹਾਂ ਦੇ 200 ਤੋਂ ਵੱਧ ਸਮਰਥਕ ਪਾਰਟੀ ਵਿੱਚ ਸ਼ਾਮਲ ਹੋਏ।

ਪਟਿਆਲਾ ਸ਼ਹਿਰ ਦੇ ਮਸ਼ਹੂਰ ਚੌਂਕ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਚੌਂਕ ਸਥਿਤ ਧਰਮਸ਼ਾਲਾ ਵਿਖੇ ਨੌਜਵਾਨ ਆਗੂ ਸ਼੍ਰੀ ਰਾਜੇਸ਼ ਕੌਸ਼ਿਕ ਗਗੀ ਦੀ ਅਗਵਾਈ ਹੇਠ ਵਿਸ਼ਾਲ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ ਅਤੇ ਉਨ੍ਹਾਂ ਸਾਰਿਆਂ ਨੂੰ ਸ਼ਿਵ ਸੈਨਾ ਹਿੰਦੁਸਤਾਨ ਵਿੱਚ ਦੁਬਾਰਾ ਸ਼ਾਮਿਲ ਕਰਵਾਇਆ ਗਿਆ।

ਉਨ੍ਹਾਂ ਸ਼ਿਵ ਸੈਨਾ ਹਿੰਦੁਸਤਾਨ ਪਾਰਟੀ ਦੇ ਸ਼੍ਰੀ ਰਾਜੇਸ਼ ਕੌਸ਼ਿਕ ਗੱਗੀ ਅਤੇ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਨੂੰ ਭਗਵਾ ਪਟਕਾ ਪਹਿਨਾ ਕੇ ਪਾਰਟੀ ਵਿੱਚ ਸ਼ਾਮਲ ਕਰਨ ਦਾ ਐਲਾਨ ਕੀਤਾ। ਜਦੋਂ ਸ਼੍ਰੀ ਪਵਨ ਗੁਪਤਾ ਜੀ ਨੇ ਅਜਿਹਾ ਐਲਾਨ ਕੀਤਾ ਤਾਂ ਹਾਲ ਵਿੱਚ ਮੌਜੂਦ ਸੈਂਕੜੇ ਸਮਰਥਕਾਂ ਨੇ ਸ਼ਿਵ ਸੈਨਾ ਹਿੰਦੁਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾ ਕੇ ਹਾਲ ਨੂੰ ਗੁਜਾ ਦਿੱਤਾ।

ਇਸ ਮੌਕੇ ਸ਼੍ਰੀ ਪਵਨ ਗੁਪਤਾ ਜੀ, ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਨੇ ਆਪਣੇ ਸੰਬੋਧਨ ਵਿੱਚ ਸ਼੍ਰੀ ਰਾਜੇਸ਼ ਕੌਸ਼ਿਕ ਗੱਗੀ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਜੀ ਆਇਆਂ ਕਿਹਾ ਅਤੇ ਕਿਹਾ ਕਿ ਉਨ੍ਹਾਂ ਸਭ ਦੇ ਆਉਣ ਨਾਲ ਸ਼ਿਵ ਸੈਨਾ ਹਿੰਦੁਸਤਾਨ ਦਾ ਸੰਗਠਨ ਪਟਿਆਲਾ ਵਿੱਚ ਹੀ ਨਹੀਂ ਸਗੋਂ ਪੰਜਾਬ ਵਿੱਚ ਹੋਰ ਵੀ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਅੱਜ ਜਿਸ ਤਰ੍ਹਾਂ ਨੌਜਵਾਨ ਸ਼ਿਵ ਸੈਨਾ ਹਿੰਦੁਸਤਾਨ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਹਨ, ਉਹ ਸ਼ਿਵ ਸੈਨਾ ਹਿੰਦੁਸਤਾਨ ਦੀ ਲੋਕਪ੍ਰਿਅਤਾ ਨੂੰ ਸਾਬਤ ਕਰਦਾ ਹੈ ਪਾਰਟੀ ਅੱਤਵਾਦ ਵੱਖਵਾਦ ਦੇ ਖਿਲਾਫ ਲੜਨ ਦੇ ਨਾਲ ਨਾਲ ਮਜ਼ਦੂਰਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਹੱਕਾਂ ਦੇ ਲਈ ਵੀ ਹਮੇਸ਼ਾ ਸੰਘਰਸ਼ ਕਰਦੀ ਰਹਿੰਦੀ ਹੈ।

ਸ਼ਿਵ ਸੈਨਾ ਹਿੰਦੁਸਤਾਨ ਦੇ ਸਾਬਕਾ ਯੁਵਾ ਆਗੂ ਸ਼੍ਰੀ ਰਾਜੇਸ਼ ਕੌਸ਼ਿਕ ਗਗੀ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਸ਼੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਉਨ੍ਹਾਂ ਦੀ ਬੇਮਿਸਾਲ ਅਗਵਾਈ ਵਿੱਚ ਪੂਰਾ ਵਿਸ਼ਵਾਸ ਹੈ।

ਅਸੀਂ ਸਾਰੇ ਪਾਰਟੀ ਵਰਕਰ ਅਤੇ ਆਗੂ ਉਨ੍ਹਾਂ ਦੀ ਅਗਵਾਈ ਵਿਚ ਸਨਾਤਨ ਹਿੰਦੂ ਧਰਮ ਲਈ ਹਰ ਤਰ੍ਹਾਂ ਦਾ ਸੰਘਰਸ਼ ਲੜਾਂਗੇ ਅਤੇ ਪਾਰਟੀ ਨੂੰ ਪੰਜਾਬ ਵਿਚ ਸੱਤਾ ਵਿਚ ਲਿਆਉਣ ਲਈ ਹਰ ਯਤਨ ਕੀਤਾ ਜਾਵੇਗਾ।

ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਕੁਝ ਵਿਸ਼ੇਸ਼ ਨਾਂਮ ਇਸ ਪ੍ਰਕਾਰ ਹਨ: ਯੂਥ ਆਗੂ ਸ਼੍ਰੀ ਰੋਹਿਤ ਅਟਵਾਲ, ਸ਼੍ਰੀ ਹਨੀ ਸਿੰਘ, ਸ਼੍ਰੀ ਬਲਜੀਤ ਅਬਲੋਵਾਲ, ਸ਼੍ਰੀ ਰਣਜੀਤ ਸਿੰਘ, ਅਕਾਸ਼ ਕੰਬੋਜ, ਸੁਮਿਤ ਅਬਲੋਵਾਲ, ਗੁਰਪ੍ਰੀਤ ਸਿੰਘ ਬੱਗੀ ਪੱਪੂ ਡੈਂਟਰ, ਸ. ਨੰਬਰ ਦੇ ਹਿਸਾਬ ਨਾਲ ਗੁਰਮੁਖ ਬੱਬੀ, ਧਰਮਵੀਰ ਰਾਜੂ, ਇੰਦਰਾ ਵਰਮਾ ਨਕੁਲ, ਸੁਖਵਿੰਦਰ ਸਿੰਘ, ਜਗਸੀਰ ਸਿੰਘ, ਰਣਜੀਤ ਭਾਰਦਵਾਜ, ਸੰਦੀਪ ਅਬਲੋਵਾਲ, ਸ਼੍ਰੀਮਤੀ ਬੇਬੀ, ਸ਼੍ਰੀਮਤੀ ਸੁਸ਼ਮਾ ਮੰਡਲੇਸ਼ਵਰ ਸੁਮਨ ਅੰਜੂ, ਇਨ੍ਹਾਂ ਤੋਂ ਇਲਾਵਾ ਕੁਝ ਹੋਰ ਨੌਜਵਾਨ ਦੋਸਤ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ, ਪੁਨੀਤ , ਸੁਮਿਤ ਟਾਂਕ, ਮਨਿੰਦਰ ਰਾਜਪੂਤ, ਬਨੀ ਵਾਲੀਆ, ਸੁਸ਼ਾਂਤ ਸੱਭਰਵਾਲ, ਉੱਤਮ ਗਿੱਲ, ਨਿਖਿਲ ਵਾਲੀਆ, ਵਿਵੇਕ ਬਾਗਵਾਨ, ਸਿਲਕੀ ਸੋਢੀ, ਕਿਸਮਤ ਅਲੀ ਆਦਿ ਨੌਜਵਾਨ ਵੀ ਆਰੀ ਗਿਣਤੀ ਵਿੱਚ ਸ਼ਾਮਿਲ ਹੋਏ।

ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਸ਼ਮਾਕਾਂਤ ਪਾਂਡੇ, ਸ਼੍ਰੀ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਸੈਨਾ, ਸ਼੍ਰੀ ਰਿੰਕੂ ਭਾਰਦਵਾਜ ਪੰਜਾਬ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਆਈ.ਟੀ.ਸੈਨਾ, ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਪੰਜਾਬ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਵਪਾਰ ਸੈਨਾ ਆਦਿ ਆਗੂ ਵੀ ਹਾਜ਼ਰ ਸਨ।



# ਬਰਤਾਨਵੀ ਸਰਕਾਰ ਦੇ ਨਜ਼ਰੀਏ ਤੋਂ ਮਹਾਰਾਜਾ ਦਲੀਪ ਸਿੰਘ ਦੀ ਰੂਸ ਯਾਤਰਾ

**ਇਸ ਕਰਕੇ ਉਹ ਅਪ੍ਰੈਲ 1886 ਵਿਚ ਪੈਰਿਸ ਦੇ ਇਕ ਹੋਟਲ ਵਿਚ ਪੁੱਜਿਆ। ਉਹ ਕਿਸ ਤਰ੍ਹਾਂ ਭੇਸ ਬਦਲ ਕੇ ਰੂਸ ਪਹੁੰਚਿਆ ਤੇ ਕਿਸ ਤਰ੍ਹਾਂ ਬਰਤਾਨਵੀ ਸਰਕਾਰ ਨੇ ਉਸ ਦਾ ਪਿੱਛਾ ਕੀਤਾ, ਕਿਸ ਤਰ੍ਹਾਂ ਉਸ ਦੇ ਨਿੱਜੀ ਸੇਵਾਦਾਰ ਵੈਟਸਨ ਨੇ ਹਰ ਦਿਨ ਆਪਣੇ ਮਾਲਕ ਦੀ ਜਾਣਕਾਰੀ ਬਰਤਾਨਵੀ ਸਰਕਾਰ ਦੇ ਹੋਮ ਸੈਕਟਰੀ ਨੂੰ ਪਹੁੰਚਾਈ, ਇਹ ਸਭ ਗੱਲਾਂ ਇਨ੍ਹਾਂ ਚਿੱਠੀਆਂ ਤੋਂ ਪਤਾ ਲਗਦੀਆਂ ਹਨ ਜੋ ਲਿਖਾਰੀ ਨੂੰ ਲੰਦਨ ਦੀ ਪੁਰਾਣੀ ਇੰਡੀਆ ਆਫਿਸ ਦੀ ਲਾਇਬ੍ਰੇਰੀ ਵਿਚ ਸੰਨ 1964 ਵਿਚ ਮਿਲੀਆਂ, ਕਿਉਂਕਿ ਇਹ ਨਿੱਜੀ ਤੇ ਗ਼ੈਰ-ਸਰਕਾਰੀ ਹਨ ਤੇ ਇਸ ਕਰਕੇ ਲਾਰਡ ਕਰਾਸ ਦੇ ਮਨ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਕੀ ਹੈ, ਦਰਸਾਉਂਦੀਆਂ ਹਨ। ਹੋਮ ਸੈਕਟਰੀ ਸਰ ਰਿਚਰਡ ਕਰਾਸ ਨੂੰ ਇੰਟੈਲੀਜੈਂਸ ਡਿਪਾਰਟਮੈਂਟ ਦੀ ਮਹੱਤਤਾ ਦਾ ਅੰਦਾਜ਼ਾ ਸੀ, ਇਸ ਕਰਕੇ ਲਾਰਡ ਡਫਰਿਨ ਵੱਲ ਉਸ ਦੀਆਂ ਚਿੱਠੀਆਂ ਵਿਚ ਉਸ ਨੇ ਇਸ ਡਿਪਾਰਟਮੈਂਟ ਨੂੰ ਫਿਰ ਤੋਂ ਸੰਗਠਨ ਕਰਨ ਦੀ ਵਾਰ-ਵਾਰ ਸਲਾਹ ਦਿੱਤੀ ਹੈ ਤਾਂ ਕਿ ਮਹਾਰਾਜਾ ਦਲੀਪ ਸਿੰਘ 'ਤੇ ਕਰੜੀ ਨਜ਼ਰ ਰੱਖੀ ਜਾ ਸਕੇ। 6 ਜਨਵਰੀ, 1887 ਵਿਚ ਉਹ ਲਿਖਦਾ ਹੈ, 'ਉਮੀਦ ਹੈ ਕਿ ਤੁਸੀਂ ਪੁਲਿਸ ਦੇ ਇੰਟੈਲੀਜੈਂਸ ਵਿਭਾਗ ਨੂੰ ਸੁਧਾਰਨ ਵਿਚ ਲੱਗੇ ਹੋ।'**

### ਕਿਸ਼ਤ ਪਹਿਲੀ

ਇਹ ਲੇਖ ਲਾਰਡ ਕਰਾਸ ਦੀਆਂ ਜਾਤੀ ਸਰਕਾਰੀ ਚਿੱਠੀਆਂ 'ਤੇ ਆਧਾਰਿਤ ਹੈ। ਰਿਚਰਡ ਐਸ਼ਟਨ ਕਰਾਸ ਸੰਨ 1823 ਤੋਂ 1914 ਤੱਕ ਪਹਿਲਾ ਵਿਸਕਾਊਂਟ ਰਿਹਾ ਹੈ। ਇਹ ਬਰਤਾਨਵੀ ਸਰਕਾਰ ਦਾ ਉਨੀਵੀਂ ਸਦੀ ਦਾ ਸਭ ਤੋਂ ਮਹਾਨ 'ਹੋਮ ਸੈਕਟਰੀ' ਮੰਨਿਆ ਗਿਆ ਹੈ। ਲਾਰਡ ਡਿਜ਼ਰੇਲੀ ਨੇ ਕਰਾਸ ਨੂੰ ਆਪਣੀ ਕੈਬਨਿਟ ਵਿਚ ਹੋਮ ਸੈਕਟਰੀ ਬਣਾ ਲਿਆਂਦਾ। ਉਹ ਸੰਨ 1882 ਵਿਚ ਭਾਰਤ ਦਾ ਸੈਕਟਰੀ ਆਫ ਸਟੇਟ ਬਣਿਆ ਤੇ ਸੰਨ 1886 ਤੱਕ ਰਿਹਾ। ਇਹ ਲੇਖ ਲਾਰਡ ਕਰਾਸ ਦੀਆਂ ਦੋ ਦਰਜਨ ਤੋਂ ਜ਼ਿਆਦਾ ਨਿੱਜੀ ਚਿੱਠੀਆਂ 'ਤੇ ਆਧਾਰਿਤ ਹੈ, ਜੋ ਉਸ ਨੇ 6 ਅਗਸਤ 1886 ਤੋਂ ਲੈ ਕੇ 25 ਦਸੰਬਰ, 1887 ਦੇ ਦੌਰਾਨ ਲਾਰਡ ਡਫਰਿਨ ਨੂੰ ਲਿਖੀਆਂ, ਜੋ ਭਾਰਤ ਦਾ ਗਵਰਨਰ ਜਨਰਲ ਸੀ। ਸੰਨ 1886 ਤੇ 1887 ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦੇ ਬਹੁਤ ਮਹੱਤਵਪੂਰਨ ਸਾਲ ਸਨ। ਉਹ ਅਦਨ ਤੋਂ ਨਿਰਾਸ਼ ਹੋ ਕੇ ਪਰਤ ਆਇਆ, ਕਿਉਂਕਿ ਉਸ ਨੂੰ ਭਾਰਤ ਵਿਚ ਜਾਣ ਦੀ ਇਜਾਜ਼ਤ ਨਹੀਂ ਮਿਲੀ। ਇਸ ਕਰਕੇ ਉਹ ਅਪ੍ਰੈਲ 1886 ਵਿਚ ਪੈਰਿਸ ਦੇ ਇਕ ਹੋਟਲ ਵਿਚ ਪੁੱਜਿਆ। ਉਹ ਕਿਸ ਤਰ੍ਹਾਂ ਭੇਸ ਬਦਲ ਕੇ ਰੂਸ ਪਹੁੰਚਿਆ ਤੇ ਕਿਸ ਤਰ੍ਹਾਂ ਬਰਤਾਨਵੀ ਸਰਕਾਰ ਨੇ ਉਸ ਦਾ ਪਿੱਛਾ ਕੀਤਾ, ਕਿਸ ਤਰ੍ਹਾਂ ਉਸ ਦੇ ਨਿੱਜੀ ਸੇਵਾਦਾਰ ਵੈਟਸਨ ਨੇ ਹਰ ਦਿਨ ਆਪਣੇ ਮਾਲਕ ਦੀ ਜਾਣਕਾਰੀ ਬਰਤਾਨਵੀ ਸਰਕਾਰ ਦੇ ਹੋਮ ਸੈਕਟਰੀ ਨੂੰ ਪਹੁੰਚਾਈ, ਇਹ ਸਭ ਗੱਲਾਂ ਇਨ੍ਹਾਂ ਚਿੱਠੀਆਂ ਤੋਂ ਪਤਾ ਲਗਦੀਆਂ ਹਨ ਜੋ ਲਿਖਾਰੀ ਨੂੰ ਲੰਦਨ ਦੀ ਪੁਰਾਣੀ ਇੰਡੀਆ ਆਫਿਸ ਦੀ ਲਾਇਬ੍ਰੇਰੀ ਵਿਚ ਸੰਨ 1964 ਵਿਚ ਮਿਲੀਆਂ, ਕਿਉਂਕਿ ਇਹ ਨਿੱਜੀ ਤੇ ਗ਼ੈਰ-ਸਰਕਾਰੀ ਹਨ ਤੇ ਇਸ ਕਰਕੇ ਲਾਰਡ ਕਰਾਸ ਦੇ ਮਨ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਕੀ ਹੈ, ਦਰਸਾਉਂਦੀਆਂ ਹਨ। ਹੋਮ ਸੈਕਟਰੀ ਸਰ ਰਿਚਰਡ ਕਰਾਸ ਨੂੰ ਇੰਟੈਲੀਜੈਂਸ ਡਿਪਾਰਟਮੈਂਟ ਦੀ ਮਹੱਤਤਾ ਦਾ ਅੰਦਾਜ਼ਾ ਸੀ, ਇਸ ਕਰਕੇ ਲਾਰਡ ਡਫਰਿਨ ਵੱਲ ਉਸ ਦੀਆਂ ਚਿੱਠੀਆਂ ਵਿਚ ਉਸ ਨੇ ਇਸ ਡਿਪਾਰਟਮੈਂਟ ਨੂੰ ਫਿਰ ਤੋਂ ਸੰਗਠਨ ਕਰਨ ਦੀ ਵਾਰ-ਵਾਰ ਸਲਾਹ ਦਿੱਤੀ ਹੈ ਤਾਂ ਕਿ ਮਹਾਰਾਜਾ ਦਲੀਪ ਸਿੰਘ 'ਤੇ ਕਰੜੀ ਨਜ਼ਰ ਰੱਖੀ ਜਾ ਸਕੇ। 6 ਜਨਵਰੀ, 1887 ਵਿਚ ਉਹ ਲਿਖਦਾ ਹੈ, 'ਉਮੀਦ ਹੈ ਕਿ ਤੁਸੀਂ ਪੁਲਿਸ ਦੇ ਇੰਟੈਲੀਜੈਂਸ ਵਿਭਾਗ ਨੂੰ ਸੁਧਾਰਨ ਵਿਚ ਲੱਗੇ ਹੋ।' ਫਿਰ ਉਸ ਨੇ 3 ਫਰਵਰੀ, 1887 ਨੂੰ ਲਿਖਿਆ ਹੈ, 'ਮੈਂ ਤੁਹਾਨੂੰ ਟੈਲੀਗ੍ਰਾਫ ਦੁਆਰਾ ਦਲੀਪ ਸਿੰਘ ਬਾਰੇ ਨਵੀਂ ਖ਼ਬਰ ਜੋ ਸਰ ਆਰ ਮੋਂਟਗੁਮਰੀ ਦੁਆਰਾ ਪਤਾ ਲੱਗੀ ਹੈ, ਭੇਜ ਚੁੱਕਾ ਹਾਂ ਤੇ ਉਸ ਦੀਆਂ ਕਾਪੀਆਂ ਡਾਕ ਦੁਆਰਾ ਭੇਜ ਰਿਹਾ ਹਾਂ। ਇਹ ਸਾਰੀਆਂ ਗੱਲਾਂ ਮੈਨੂੰ ਗੰਭੀਰਤਾ ਨਾਲ ਕਹਿਣ ਲਈ ਮਜਬੂਰ ਕਰਦੀਆਂ ਹਨ ਕਿ ਤੁਹਾਨੂੰ ਇੰਟੈਲੀਜੈਂਸ ਵਿਭਾਗ ਨੂੰ ਜਲਦੀ ਤੋਂ ਜਲਦੀ ਸੁਧਾਰ ਲੈਣਾ ਚਾਹੀਦਾ ਹੈ।' ਉਸ ਨੇ ਇਹ ਗੱਲ ਤੇ ਫਿਰ 25 ਮਾਰਚ, 1887 ਦੀ ਚਿੱਠੀ ਵਿਚ ਵੀ ਜ਼ੋਰ ਦਿੱਤਾ, 'ਤੁਸੀਂ ਇੰਟੈਲੀਜੈਂਸ ਵਿਭਾਗ ਨੂੰ ਸੁਧਾਰਨ ਵਿਚ ਠੀਕ ਕਦਮ ਚੁੱਕ ਰਹੇ ਹੋ। ਇਹ ਕਰਨਾ ਇਸ ਸਮੇਂ ਖਾਸ ਕਰਕੇ ਬਹੁਤ ਮਹੱਤਵਪੂਰਨ ਹੈ, ਕਿਉਂਕਿ ਦਲੀਪ ਸਿੰਘ ਨਾਲ ਸਾਡਾ ਹੁਣ ਟਾਕਰਾ ਹੈ।' ਮਹਾਰਾਜਾ ਦਲੀਪ ਸਿੰਘ ਨੇ ਅਦਨ ਵਿਚ ਸਿੱਖੀ ਧਾਰਨ ਕਰਨ ਤੋਂ ਬਾਅਦ 'ਟਾਈਮਜ਼ ਆਫ ਇੰਡੀਆ' ਨੂੰ ਚਿੱਠੀ ਲਿਖੀ। ਉਸ ਵਿਚ ਉਸ ਨੇ ਲਿਖਿਆ,



ਲਾਰਡ ਡਫਰਿਨ



ਬੈਂਜਾਮਿਨ ਡਿਜ਼ਰੇਲੀ



ਡਾ. ਕਿਰਪਾਲ ਸਿੰਘ
ਪ੍ਰਸਿੱਧ ਸਿੱਖ ਇਤਿਹਾਸਕਾਰ

'ਭਾਰਤੀ ਸਰਕਾਰ ਚਾਹੇ ਮੈਨੂੰ ਬੰਬਈ ਪਹੁੰਚਣ ਤੋਂ ਰੋਕਣ ਵਿਚ ਸਫਲ ਰਹੀ ਹੈ ਪਰ ਭਾਰਤ ਦੇ ਸਾਰੇ ਰਸਤੇ ਮੇਰੇ ਲਈ ਬੰਦ ਕਰਨ ਵਿਚ [redacted] ਹੋਣਗੇ। ਕਿਉਂਕਿ [redacted] ਆਵਾਂਗਾ, ਮੈਂ ਗੋਅ [redacted] ਸਕਦਾ ਹਾਂ ਜਾਂ ਫਿਰ ਜੇ ਮੈਂ ਚਾਹਵਾਂ ਤਾਂ ਮੈਂ ਰੂਸ ਵੱਲੋਂ ਪੰਜਾਬ ਦਾਖਲ ਹੋ ਸਕਦਾ ਹਾਂ।' ਇਸ ਗੱਲ ਤੋਂ ਸੈਕਟਰੀ ਆਫ ਸਟੇਟ ਬਹੁਤ ਘਬਰਾਇਆ ਤੇ ਉਸ ਨੇ ਲਾਰਡ ਡਫਰਿਨ ਨੂੰ 8 ਸਤੰਬਰ, 1886 ਦੀ ਚਿੱਠੀ ਵਿਚ ਲਿਖਿਆ, 'ਦਲੀਪ ਸਿੰਘ ਦੇ ਐਲਾਨਨਾਮੇ (ਟਾਈਮ ਆਫ ਇੰਡੀਆ ਵਿਚ ਚਿੱਠੀ) ਦਾ ਕੀ ਅਸਰ ਹੋਇਆ ਹੈ? ਮੈਂ ਅਸਲੀਅਤ ਵਿਚ ਉਸ ਦੇ ਸਾਰੇ ਜਾਇਜ਼ ਰੋਸਾਂ ਨੂੰ ਤੁਰੰਤ ਦੂਰ ਕਰਨਾ ਚਾਹੁੰਦਾ ਹਾਂ।' ਉਸ ਨੇ ਫਿਰ ਇਕ ਚਿੱਠੀ ਵਿਚ ਲਿਖਿਆ, 'ਪਿਛਲੇ ਸਮੇਂ ਵਿਚ ਦਲੀਪ ਸਿੰਘ ਨਾਲ ਜਿਸ ਤਰ੍ਹਾਂ ਦਾ ਵੀ ਵਰਤਾਰਾ ਕੀਤਾ ਗਿਆ, ਪਰ ਹੁਣ ਉਸ ਨੂੰ ਕਿਸੇ ਤਰ੍ਹਾਂ ਵੀ ਪ੍ਰਚਾਉਣਾ ਸੰਭਵ ਨਹੀਂ ਹੈ।' ਉਸ ਨੇ ਖੁੱਲ੍ਹੇਆਮ ਆਪਣਾ ਪਹਿਲਾ ਧਰਮ ਅਪਣਾ ਲਿਆ ਹੈ। ਉਸ ਨੇ ਵਿਦਰੋਹ ਦਾ ਐਲਾਨ ਕਰ ਦਿੱਤਾ ਹੈ। ਹੁਣ ਉਹ ਕਿਸੇ ਤਰ੍ਹਾਂ ਦੀ ਸੁਲਾਹ ਨਹੀਂ ਕਰੇਗਾ। ਉਹ ਅਦਨ ਵਿਚ ਆਪਣੀ ਕੈਦ ਲਈ ਕਦੀ ਸਾਨੂੰ ਮੁਆਫ ਨਹੀਂ ਕਰੇਗਾ। ਅਸੀਂ ਸਿਰਫ ਉਸ 'ਤੇ ਨਜ਼ਰ ਰੱਖ ਸਕਦੇ ਹਾਂ ਤੇ ਬਚਾਅ ਕਰ ਸਕਦੇ ਹਾਂ। ਅਸੀਂ ਵਿਦੇਸ਼ੀ ਆਫੀਸਰ ਦੁਆਰਾ ਪੈਰਿਸ ਵਿਚ ਉਸ ਦੀਆਂ ਗਤੀਵਿਧੀਆਂ 'ਤੇ ਕਰੜੀ ਨਜ਼ਰ ਰੱਖ ਰਹੇ ਹਾਂ। ਜਿਸ ਤਰ੍ਹਾਂ ਕਿ ਸਾਨੂੰ ਪਤਾ ਲੱਗਾ ਹੈ ਉਹ ਇਕ ਲੜਕੀ ਨਾਲ ਸਵੇਰੇ ਕੌਂਸਟੈਂਟਨੋਪਲ ਜਾਣ ਦੀ ਤਿਆਰੀ ਵਿਚ ਹੈ। ਤੁਹਾਨੂੰ ਟੈਲੀਗ੍ਰਾਫ ਦੁਆਰਾ ਜੋ ਕੁਝ ਵੀ ਪਤਾ ਲੱਗੇਗਾ, ਉਸ ਦੀ ਜਾਣਕਾਰੀ ਮਿਲਦੀ ਰਹੇਗੀ। ਇਸ ਦੌਰਾਨ ਪੌਡੀਚਰੀ ਵਿਚ ਉਸ ਦੇ ਮਿੱਤਰ ਅਤੇ ਰਿਸ਼ਤੇਦਾਰ 'ਤੇ ਸਖਤ ਨਜ਼ਰ ਰੱਖੀ ਜਾਣੀ ਚਾਹੀਦੀ ਹੈ।'

ਸੈਕਟਰੀ ਆਫ ਸਟੇਟ ਨੇ ਇਕ ਡੀ ਗਾਇਰਜ਼ ਨਾਮੀ ਬੰਦੇ ਨੂੰ ਮਹਾਰਾਜਾ ਦਲੀਪ ਸਿੰਘ ਦੀ ਜਸੂਸੀ ਕਰਨ ਲਈ ਲਗਾਇਆ ਲਗਦਾ ਹੈ। ਮਹਾਰਾਜਾ ਦਲੀਪ ਸਿੰਘ ਦੇ ਪੁਰਾਣੇ ਨੌਕਰ ਵੈਟਸਨ ਨੂੰ ਸੈਕਟਰੀ ਆਫ ਸਟੇਟ ਨੇ ਖਰੀਦ [redacted] ਭੇਜਿਆ ਸਨ ਤੇ ਨਾਲ ਲਿਖਿਆ ਹੈ, 'ਮੈਂ ਦਲੀਪ ਸਿੰਘ ਦੇ ਪੁਰਾਣੇ ਨੌਕਰ ਵੈਟਸਨ ਦੀਆਂ ਚਿੱਠੀਆਂ ਭੇਜ ਰਿਹਾ ਹਾਂ। ਕੀ ਤੁਸੀਂ ਹੁਣ ਵੀ ਇਹ ਸੋਚਦੇ ਹੋ ਕਿ ਮਹਾਰਾਜੇ ਕੋਲ ਵਿਦਰੋਹ ਕਰਨ ਦੀ ਸ਼ਕਤੀ ਨਹੀਂ ਹੈ?' ਅੰਮ੍ਰਿਤਸਰ ਜ਼ਿਲ੍ਹੇ ਦੇ ਰਾਜਾਸਾਂਸੀ ਦਾ ਵਸਨੀਕ ਠਾਕਰ ਸਿੰਘ ਸੰਧਾਵਾਲੀਆ ਮਹਾਰਾਜਾ ਦਲੀਪ ਸਿੰਘ ਦਾ ਰਿਸ਼ਤੇਦਾਰਾਂ ਵਿਚੋਂ ਭਰਾ ਸੀ। ਉਸ ਨੇ ਸੰਨ 1885 ਵਿਚ ਆਪਣੀ ਇੰਗਲੈਂਡ ਦੀ ਯਾਤਰਾ ਦੌਰਾਨ ਮਹਾਰਾਜਾ ਦਲੀਪ ਸਿੰਘ ਨੂੰ ਮੁੜ ਆਪਣੇ ਧਰਮ ਨੂੰ ਅਪਣਾਉਣ ਲਈ ਰਾਜ਼ੀ ਕਰ ਲਿਆ ਸੀ। ਉਹ ਅੰਗਰੇਜ਼ ਸਰਕਾਰ ਦਾ ਪੱਕਾ ਦੁਸ਼ਮਣ ਸਮਝਿਆ ਜਾਂਦਾ ਸੀ ਤੇ ਇਸੇ ਕਰਕੇ ਉਹ ਆਪਣੇ ਪਰਿਵਾਰ ਸਮੇਤ ਪਾਡੀਚਰੀ ਭੱਜ ਗਿਆ ਸੀ ਜੋ ਭਾਰਤ ਵਿਚ ਫਰਾਂਸੀਸੀਆਂ ਦੀ ਨੌਅਬਾਦੀ ਸੀ। ਪਰ ਠਾਕਰ ਸਿੰਘ ਅੰਗਰੇਜ਼ ਸਰਕਾਰ ਲਈ ਹਮੇਸ਼ਾ ਫਿਕਰ ਦਾ ਕਾਰਨ ਬਣਿਆ ਰਿਹਾ। ਭਾਰਤ ਦੇ ਸੈਕਟਰੀ ਆਫ ਸਟੇਟ ਲਾਰਡ ਡਫਰਿਨ ਨੂੰ ਬੜੀ ਵਾਰੀ ਸੰਧਾਵਾਲੀਆ ਸਰਦਾਰ 'ਤੇ ਨਜ਼ਰ ਰੱਖਣ ਦੀ ਤਾਕੀਦ ਕੀਤੀ। 4 ਮਾਰਚ, 1887 ਵਿਚ ਉਹ ਲਿਖਦਾ ਹੈ, 'ਮੈਂ ਦਲੀਪ ਸਿੰਘ ਬਾਰੇ ਖੁਸ਼ ਨਹੀਂ ਹਾਂ। ਅਸੀਂ ਉਹਦੀਆਂ ਗਤੀਵਿਧੀਆਂ 'ਤੇ ਕਰੜੀ ਨਜ਼ਰ ਰੱਖ ਰਹੇ ਹਾਂ। ਪਰ ਮੈਨੂੰ ਪਾਂਡੀਚਰੀ ਵਾਲਾ ਆਦਮੀ ਪਸੰਦ ਨਹੀਂ ਤੇ ਜੇ ਦਲੀਪ ਸਿੰਘ ਉਸ ਨਾਲ ਜਾ ਕੇ ਮਿਲਣਾ ਚਾਹਵੇ ਤਾਂ ਸਾਨੂੰ ਉਸ ਨੂੰ ਰੋਕਣ ਵਿਚ ਮੁਸ਼ਕਿਲ ਪੈਦਾ ਹੋਵੇਗੀ।' ਸੈਕਟਰੀ ਆਫ ਸਟੇਟ ਮਹਾਰਾਜਾ ਦਲੀਪ ਸਿੰਘ ਨਾਲ ਏਨਾ ਨਾਰਾਜ਼ ਸੀ ਕਿ ਉਸ ਨੇ ਮਹਾਰਾਜੇ ਦੇ ਪਰਿਵਾਰ ਨੂੰ ਵੀ ਨਹੀਂ ਛੱਡਿਆ। ਉਸ ਨੇ ਉਸ ਦੇ ਪੁੱਤਰ ਪ੍ਰਿੰਸ ਵਿਕਟਰ ਨੂੰ ਬੁਲਾਇਆ ਤੇ ਕਿਹਾ ਕਿ ਉਹ ਆਪਣੇ ਨਾਂਅ ਨਾਲ ਮਹਾਰਾਜਕੁਮਾਰ ਲਗਾਉਣਾ ਬੰਦ ਕਰ ਦੇਵੇ, ਜੋ ਉਹ ਉਸੇ ਵੇਲੇ ਮੰਨ ਗਿਆ। ਰੂਸ ਤੇ ਫਰਾਂਸ ਦੇ ਗਠਜੋੜ ਕਾਰਨ ਇੰਗਲੈਂਡ ਨੂੰ ਆਪਣੇ ਹੋਰ ਕਈ ਡਰ ਸਨ। ਲਾਰਡ ਕਰਾਸ ਨੇ ਲਾਰਡ ਡਫਰਿਨ ਨੂੰ ਲਿਖਿਆ, 'ਰੂਸ ਦੀਆਂ ਮੱਧ ਏਸ਼ੀਆ ਵਿਚ ਫੌਜੀ ਗਤੀਵਿਧੀਆਂ ਦਾ ਫਿਰ ਸ਼ੁਰੂ ਹੋਣਾ ਇੰਗਲੈਂਡ ਲਈ ਡਰ ਦਾ ਕਾਰਨ ਹੈ। ਜਿਸ ਤਰ੍ਹਾਂ ਰੂਸ ਇਕ ਵੱਡੀ ਤਾਕਤ ਹੈ, ਉਸ ਨੂੰ ਸਾਰੀ ਦੁਨੀਆ ਦੀ ਸ਼ਾਂਤੀ ਭੰਗ ਕਰਨ ਤੋਂ ਰੋਕਣਾ ਚਾਹੀਦਾ ਹੈ।' ਡੀ ਗਾਇਰਜ਼ ਨੂੰ ਮਹਾਰਾਜਾ ਦਲੀਪ ਸਿੰਘ 'ਤੇ ਨਜ਼ਰ ਰੱਖਣ ਲਈ ਨਿਯੁਕਤ ਕੀਤਾ ਗਿਆ ਸੀ ਤੇ ਉਹ ਭਾਰਤ ਦੇ ਸੈਕਟਰੀ ਆਫ ਸਟੇਟ ਨੂੰ ਚਿੱਠੀਆਂ ਲਿਖਦਾ ਸੀ ਜੋ ਲਾਰਡ ਡਫਰਿਨ ਨੂੰ ਭੇਜੀਆਂ ਜਾਂਦੀਆਂ ਸਨ। ਡੀ ਗਾਇਰਜ਼ ਨੇ ਇਕ ਹੋਰ ਬੰਦੇ ਨੂੰ ਇਸ ਕੰਮ ਲਈ ਰੱਖਿਆ ਸੀ, ਜਿਸ ਦਾ ਨਾਂਅ ਸੀ ਰੌਬਰਟਸ। ਲਾਰਡ ਕਰਾਸ ਨੇ ਇਨ੍ਹਾਂ ਆਦਮੀਆਂ ਬਾਰੇ 25 ਮਾਰਚ, 1887 ਦੀ ਨਿੱਜੀ ਚਿੱਠੀ ਵਿਚ ਲਿਖਿਆ ਹੈ, 'ਡੀ ਗਾਇਰਜ਼ ਮੈਨੂੰ ਭਰੋਸਾ ਦਿਵਾਉਂਦਾ ਹੈ ਕਿ ਉਸ ਦੀ ਜਾਣਕਾਰੀ ਤੇ ਜਾਣਕਾਰੀ ਦੇਣ ਵਾਲਾ ਭਰੋਸੇਮੰਦ ਹੈ।'

(ਬਾਕੀ ਕੱਲ੍ਹ)

*12 ਅਕਤੂਬਰ, 1920*

# ਜਦੋਂ ਸਿੱਖ ਇਤਿਹਾਸ ਨੇ ਨਵੀਂ ਕਰਵਟ ਲਈ

**(ਕਿਸ਼ਤ ਦੂਜੀ)** **ਡਾ. ਗੁਰਦੇਵ ਸਿੰਘ ਸਿੱਧੂ**

ਸੰਤ ਲਖਬੀਰ ਸਿੰਘ ਦਾ ਜਨਮ ਇਕ ਮੁਸਲਮਾਨ ਪਰਿਵਾਰ ਵਿਚ ਹੋਇਆ ਸੀ ਪਰ ਇਕ ਨਿਰਮਲੇ ਸਿੱਖ ਸੰਤ ਦੇ ਆਦਰਸ਼ਕ ਜੀਵਨ ਤੋਂ ਪ੍ਰਭਾਵਿਤ ਹੋ ਕੇ ਉਹ ਸਿੱਖ ਰਹਿਤ-ਬਹਿਤ ਦੇ ਧਾਰਨੀ ਬਣ ਗਏ। ਸੰਤ ਜੀ ਦੀ ਉੱਚੀ-ਸੁੱਚੀ ਰਹਿਣੀ-ਬਹਿਣੀ ਅਤੇ ਗੁਰਮੁਖੀ ਸੋਚ ਦਾ ਫਲ ਸੀ ਕਿ ਭਾਈ ਵੀਰ ਸਿੰਘ, ਸਰਦਾਰ ਸੁੰਦਰ ਸਿੰਘ ਮਜੀਠੀਆ ਅਤੇ ਉਸ ਸਮੇਂ ਦੇ ਅਨੇਕਾਂ ਹੋਰ ਮੰਨੇ-ਦੰਨੇ ਸਿੱਖ ਉਨ੍ਹਾਂ ਦੇ ਸ਼ਰਧਾਲੂਆਂ ਵਿਚ ਸ਼ਾਮਿਲ ਸਨ। ਸੋ ਸੰਤ ਜੀ ਦੇ ਬੰਸਜ਼ ਹੋਣ ਕਾਰਨ ਸਿੱਖ ਹਲਕਿਆਂ ਵਿਚ ਭਾਈ ਮਤਾਬ ਸਿੰਘ ਦਾ ਚੋਖਾ ਪ੍ਰਭਾਵ ਸੀ। ਉਸ ਨੇ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀ ਪ੍ਰਚਾਰਕਾਂ ਵੱਲੋਂ 'ਅਖੌਤੀ ਛੋਟੀਆਂ ਜਾਤਾਂ' ਦੇ ਸਿੱਖ ਅਨੁਯਾਈਆਂ ਨੂੰ ਆਪਣੇ ਧਰਮਾਂ ਵਿਚ ਸ਼ਾਮਿਲ ਕਰਨ ਲਈ ਲਾਈ ਹੋੜ ਦਾ ਮੁਕਾਬਲਾ ਕਰਨ ਲਈ ਇਸ ਸੰਸਥਾ ਦੀ ਸਥਾਪਨਾ ਕੀਤੀ ਸੀ। ਇਸ ਸੰਸਥਾ ਨੂੰ ਹੋਰਨਾਂ ਤੋਂ ਬਿਨਾਂ ਖ਼ਾਲਸਾ ਕਾਲਜ ਦੇ ਕੁਝ ਪ੍ਰੋਫੈਸਰਾਂ ਦੀ ਭਰਪੂਰ ਹਮਾਇਤ ਪ੍ਰਾਪਤ ਸੀ। ਇਸ ਸੰਸਥਾ ਵੱਲੋਂ ਆਪਣੇ ਮਨੋਰਥ ਦੇ ਪ੍ਰਚਾਰ ਲਈ ਮਿਤੀ 25, 26 ਅਤੇ 27 ਅੱਸੂ, ਸੰਮਤ 1977 ਮੁਤਾਬਿਕ 10, 11 ਅਤੇ 12 ਅਕਤੂਬਰ, 1920 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਦੀਵਾਨ ਰੱਖਿਆ ਗਿਆ। ਦੀਵਾਨ ਸਬੰਧੀ ਛਾਪੇ ਗਏ ਇਸ਼ਤਿਹਾਰ ਵਿਚ ਦੀਵਾਨ ਦੇ ਮਨੋਰਥ ਨੂੰ ਸਪੱਸ਼ਟ ਕਰਦਿਆਂ ਇਹ ਕਬਿੱਤ ਦਰਜ ਕੀਤਾ ਗਿਆ ਸੀ :

ਚੀਫ਼ ਖ਼ਾਲਸਾ ਦੀਵਾਨ, ਹੋਰ ਜਥੇ ਵੀ ਤਮਾਮ,
ਗੁਣੀ, ਗਿਆਨੀ ਆਇ ਮਿਲ ਦਰਸ ਦਿਖੌਣਗੇ।
ਜਾਤ ਦਾ ਜੋ ਭੂਤ, ਜਮਦੂਤ ਦੁਖਦਾਈ ਭਾਰਾ,
ਏਕਤਾ ਦਾ ਮੰਤਰ ਫੂਕ ਝੱਟ ਹੀ ਉਡੌਣਗੇ।
ਖ਼ਾਲਸਾ ਜੀ! ਪੰਥ ਗੁਰੂ ਦਸਮੇਂ ਦਾ ਸਾਜਿਆ ਜੋ,
ਇਸ ਦੇ ਅਕਾਲੀ ਝੰਡੇ ਹੇਠਾਂ ਸੱਭ ਨੂੰ ਲਿਔਣਗੇ।
ਰਹਿਤੀਏ, ਰਮਦਾਸੀਏ ਤੇ ਮਜ਼੍ਹਬੀ ਜੋ ਹੋਰ ਜਾਤਾਂ,
ਉਨ੍ਹਾਂ ਤਾਈਂ ਮੇਟ ਇਕੋ ਖ਼ਾਲਸਾ ਸਜੌਣਗੇ॥

ਨਿਰਧਾਰਿਤ ਪ੍ਰੋਗਰਾਮ ਅਨੁਸਾਰ ਪਹਿਲੇ ਦੋ ਦਿਨ ਜਾਤ-ਪਾਤ ਨੂੰ ਮਿਟਾਉਣ ਦੇ ਪੱਖ ਵਿਚ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦ੍ਰਿੜ੍ਹ ਕਰਵਾਉਣ ਲਈ ਪ੍ਰਚਾਰ ਕੀਤਾ ਗਿਆ ਅਤੇ ਤੀਜੇ ਦਿਨ ਅਖੌਤੀ ਨੀਵੀਆਂ ਜਾਤਾਂ ਵਿਚੋਂ ਅੰਮ੍ਰਿਤ ਛਕਣ ਦੇ ਅਭਿਲਾਸ਼ੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਜਥਾ ਉਪਰੰਤ



ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਰਵਾਨਾ ਹੋ ਗਿਆ। ਜਿਉਂ-ਜਿਉਂ ਇਹ ਗੱਲ ਲੋਕਾਂ ਵਿਚ ਫੈਲਦੀ ਗਈ, ਸ਼ਹਿਰੀ ਲੋਕ ਉਤਸੁਕਤਾ ਵੱਸ ਇਕੱਠੇ ਹੁੰਦੇ ਗਏ। ਕਾਰਨ ਇਹ ਸੀ ਕਿ ਪਹਿਲਾਂ ਪ੍ਰਚਲਤ ਰਵਾਇਤ ਅਨੁਸਾਰ ਪੁਜਾਰੀ ਨਾ ਤਾਂ ਇਨ੍ਹਾਂ ਵਰਗਾਂ ਦੇ ਵਿਅਕਤੀਆਂ ਪਾਸੋਂ ਕੜਾਹ ਪ੍ਰਸ਼ਾਦ ਹੀ ਲੈਂਦੇ ਸਨ ਅਤੇ ਨਾ ਹੀ ਉਨ੍ਹਾਂ ਦੀ ਅਰਦਾਸ ਕਰਦੇ ਸਨ। ਪੂਰਾ ਇਕ ਦਹਾਕਾ ਪਹਿਲਾਂ ਵੀ ਇਸ ਤਰ੍ਹਾਂ ਦਾ ਮੌਕਾ ਬਣਿਆ ਸੀ, ਜਦ ਚੀਫ਼ ਖ਼ਾਲਸਾ ਦੀਵਾਨ ਵੱਲੋਂ ਮਾਰਚ, 1910 ਵਿਚ ਜਲੰਧਰ ਵਿਖੇ ਹੋਣ ਵਾਲੀ 'ਸਿੱਖ ਵਿੱਦਿਅਕ ਕਾਨਫਰੰਸ' ਸਮੇਂ ਅਖੌਤੀ ਅਛੂਤ ਜਾਤੀਆਂ ਵਿਚੋਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਜਥੇ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਲੈ ਜਾਣ ਦੀ ਯੋਜਨਾ ਉਲੀਕੀ ਗਈ ਸੀ। ਪਰ ਸੰਯੋਗ ਵੱਸ ਨਵੇਂ ਸਜੇ ਸਿੰਘਾਂ ਦੀ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਟਲ ਗਈ ਸੀ। ਇਸ ਮਾਹੌਲ ਵਿਚ ਅਗਲੇ ਇਕ ਦਹਾਕੇ ਦੌਰਾਨ ਅਖੌਤੀ ਨੀਵੀਆਂ ਜਾਤੀਆਂ ਵਿਚੋਂ ਕੋਈ ਵੀ ਵਿਅਕਤੀ ਚਾਹੁੰਦਾ ਹੋਇਆ ਵੀ ਇਸ ਰਵਾਇਤ ਨੂੰ ਤੋੜਨ ਦਾ ਹੌਸਲਾ ਨਹੀਂ ਸੀ ਕਰ ਸਕਿਆ। ਪਰ ਇਸ ਵਾਰ ਕੋਈ ਇਕ ਵਿਅਕਤੀ ਨਹੀਂ, ਇਨ੍ਹਾਂ ਜਾਤੀਆਂ ਦਾ ਸਮੂਹ, ਪੰਥ ਦੇ ਕਈ ਬੁੱਧੀਜੀਵੀਆਂ, ਜਿਨ੍ਹਾਂ ਵਿਚ ਖ਼ਾਲਸਾ ਕਾਲਜ ਦੇ ਤਿੰਨ ਪ੍ਰੋਫੈਸਰ ਤੇਜਾ ਸਿੰਘ, ਨਿਰੰਜਨ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਵੀ ਸ਼ਾਮਿਲ ਸਨ, ਦੀ ਸੰਗਤ ਵਿਚ ਸ੍ਰੀ ਹਰਿਮੰਦਰ ਸਾਹਿਬ ਵੱਲ ਜਾ ਰਿਹਾ ਸੀ। ਦੀਵਾਨ ਸਥਾਨ ਜਲ੍ਹਿਆਂ ਵਾਲਾ ਬਾਗ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੁਝ ਸੈਂਕੜੇ ਗਜ਼ ਦੀ ਵਿੱਥ ਹੀ ਸੀ, ਜਿਸ ਕਾਰਨ ਇਹ ਜਾਣਨ ਦਾ ਇੱਛੁਕ ਸੀ ਕਿ ਅੱਜ ਪੁਜਾਰੀਆਂ ਦਾ ਵਤੀਰਾ ਕੀ ਹੋਵੇਗਾ। ਫਲਸਰੂਪ ਜਥੇ ਦੇ ਸ੍ਰੀ ਹਰਿਮੰਦਰ ਸਾਹਿਬ ਪੁੱਜਣ ਤੱਕ ਚੋਖਾ ਇਕੱਠ ਹੋ ਚੁੱਕਾ ਸੀ। ਜਥੇ ਦੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਉਪਰੰਤ ਵੀ ਪੁਜਾਰੀਆਂ ਨੇ ਆਪਣਾ ਵਤੀਰਾ ਨਾ ਬਦਲਿਆ। ਉਨ੍ਹਾਂ ਨੇ ਅਖੌਤੀ ਨੀਵੀਆਂ ਜਾਤੀਆਂ ਵਿਚੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਖ਼ਾਲਸੇ ਪਾਸੋਂ ਨਾ ਤਾਂ ਕੜਾਹ ਪ੍ਰਸ਼ਾਦ ਦੀ ਦੇਗ ਪ੍ਰਵਾਨ ਕੀਤੀ ਅਤੇ ਉਨ੍ਹਾਂ ਲਈ ਅਰਦਾਸ ਕਰਨ ਤੋਂ ਵੀ ਟਾਲਾ ਵਟ ਲਿਆ। ਪਰ ਜਦ ਖਾੜਕੂ ਸਿੱਖ ਆਗੂ ਭਾਈ ਕਰਤਾਰ ਸਿੰਘ ਝੱਬਰ ਨੇ ਇਹ ਐਲਾਨ ਕਰ ਦਿੱਤਾ ਕਿ ਸ੍ਰੀ ਹਰਿਮੰਦਰ ਸਾਹਿਬ ਕਿਸੇ ਦੇ ਪਿਓ ਦਾਦੇ ਦੀ ਜਾਇਦਾਦ ਨਹੀਂ, ਇਹ ਗੁਰੂ ਰਾਮਦਾਸ ਜੀ ਦਾ ਦਰਬਾਰ ਹੈ, ਜਿਸ ਕਾਰਨ ਉਹ ਖੁਦ ਹੀ ਅਰਦਾਸ ਕਰ ਲੈਣਗੇ ਤਾਂ ਪੁਜਾਰੀ ਕੁਝ ਢਿੱਲੇ ਪੈ ਗਏ। ਇਸ ਮੌਕੇ ਦਾ ਅੱਖੀਂ ਦੇਖਿਆ ਬਿਆਨ ਪ੍ਰੋ: ਨਿਰੰਜਨ ਸਿੰਘ ਨੇ ਆਪਣੀ ਲਿਖਤ 'ਅਕਾਲੀ ਲਹਿਰ ਦੀਆਂ ਕੁਝ ਯਾਦਾਂ' ਵਿਚ ਇਉਂ ਕੀਤਾ ਹੈ :

'ਸਾਰਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਕੜਾਹ ਪ੍ਰਸ਼ਾਦ ਚੜ੍ਹਾਇਆ, ਪਰ ਪੁਜਾਰੀ ਅਰਦਾਸਾ ਕਰਨ ਨੂੰ ਤਿਆਰ ਨਹੀਂ ਸੀ। ਕਹਿਣ ਲੱਗਾ : ਮਜ਼੍ਹਬੀ ਸਿੱਖਾਂ ਲਈ ਨੌਂ ਵਜੇ ਤੱਕ ਦਾ ਵਕਤ ਮੁਕੱਰਰ ਹੈ। ਉਹਦੇ ਪਿੱਛੋਂ ਉਨ੍ਹਾਂ ਦੀ ਅਰਦਾਸ ਨਹੀਂ ਹੋ ਸਕਦੀ। ...ਬਾਵਾ ਜੀ ਨੇ ਉਠ ਕੇ ਪਹਿਲਾਂ ਪੁਜਾਰੀ ਨੂੰ ਅਤੇ ਉਹਦੇ ਪਿੱਛੋਂ ਗੁਰਬਚਨ ਸਿੰਘ ਗ੍ਰੰਥੀ ਨੂੰ , ਜੋ ਤਾਬਿਆ ਬੈਠੇ ਸਨ, ਬੜੇ ਮਿੱਠੇ ਸ਼ਬਦਾਂ ਵਿਚ ਅਪੀਲ ਕੀਤੀ ਕਿ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾ ਦਿਓ; ਪਰ ਉਹ ਛਿਨ ਵਿਚ ਸ: ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਚੂਹੜਕਾਣਾ ਅਤੇ ਤੇਜਾ ਸਿੰਘ ਭੁੱਚਰ ਹੱਥਾਂ ਵਿਚ ਟਕੂਏ ਫੜੇ ਹੋਏ ਅੰਦਰ ਆ ਵੜੇ। ...ਆਉਂਦਿਆਂ ਹੀ ਉਨ੍ਹਾਂ ਪੰਜ ਜੈਕਾਰੇ ਛੱਡੇ, ਜੀਹਦੇ ਨਾਲ ਸਾਰਾ ਸ੍ਰੀ ਹਰਿਮੰਦਰ ਸਾਹਿਬ ਗੂੰਜ ਉੱਠਿਆ ਅਤੇ ਵਾਯੂ ਮੰਡਲ ਹੀ ਬਦਲ ਗਿਆ।'

ਬਹਿਸ ਮੁਬਾਹਸੇ ਤੋਂ ਪਿੱਛੋਂ ਦੋਵਾਂ ਧਿਰਾਂ ਨੇ ਸਾਂਝਾ ਫੈਸਲਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਲਿਆ ਜਾਵੇ ਅਤੇ ਉਸ ਦੀ ਰੌਸ਼ਨੀ ਵਿਚ ਅਗਲੀ ਕਾਰਵਾਈ ਕੀਤੀ ਜਾਵੇ। ਵਾਕ ਲਿਆ ਗਿਆ ਤਾਂ 'ਸੋਰਠਿ ਮਹਲਾ 3 ਦੁਤਕੀ' ਪਾਠ ਨਿਕਲਿਆ। ਇਸ ਦੀਆਂ ਪਹਿਲੀਆਂ ਪੰਕਤੀਆਂ ਇਹ ਸਨ :

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥
ਹਰਿ ਜੀਉ ਆਪੇ ਬਖਸਿ ਮਿਲਾਇ॥
ਗੁਣ ਹੀਣ ਹਮ ਅਪਰਾਧੀ ਭਾਈ ਪੂਰੇ ਸਤਿਗੁਰ ਲਏ ਰਲਾਇ॥ ਰਹਾਉ॥

ਅਰਥ ਸਪੱਸ਼ਟ ਸਨ। ਵਾਕ ਸਰਵਣ ਕਰਕੇ ਸਾਰੀ ਸੰਗਤ ਖੁਸ਼ੀ ਵਿਚ ਖੀਵੀ ਹੋ ਉੱਠੀ। ਪੁਜਾਰੀ ਵੀ ਸਮਝ ਗਏ। ਉਨ੍ਹਾਂ ਭੇਟ ਕੀਤਾ ਕੜਾਹ ਪ੍ਰਸ਼ਾਦ ਪ੍ਰਵਾਨ ਕੀਤਾ, ਅਰਦਾਸ ਕੀਤੀ ਅਤੇ ਸੀਤ ਪ੍ਰਸ਼ਾਦ ਸੰਗਤ ਵਿਚ ਵਰਤਾ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਵਿਚ ਚੱਲ ਰਹੇ 'ਝਮੇਲੇ' ਦਾ ਸ਼ੋਰ ਅਕਾਲ ਤਖ਼ਤ ਦੇ ਪੁਜਾਰੀਆਂ ਦੇ ਕੰਨਾਂ ਵਿਚ ਪਿਆ। ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਵੱਲੋਂ ਪ੍ਰਚਲਤ ਰਵਾਇਤ ਨੂੰ ਦਿੱਤੀ ਤਿਲਾਂਜਲੀ ਫੁੱਟੀ ਅੱਖ ਨਾ ਭਾਈ ? ਉਹ ਖੁਦ ਕਿਸੇ ਅਜਿਹੀ ਕਾਰਵਾਈ ਵਿਚ ਭਾਗੀਦਾਰ ਨਹੀਂ ਸਨ ਬਣਨਾ ਚਾਹੁੰਦੇ, ਪਰ ਗੁਰੂ-ਵਾਕ ਅਤੇ ਜਨ ਸਮੂਹ ਦਾ ਸਾਹਮਣਾ ਕਰਨ ਦਾ ਹੌਸਲਾ ਵੀ ਉਨ੍ਹਾਂ ਵਿਚ ਨਹੀਂ ਸੀ। ਇਸ ਲਈ ਜਦ ਸਾਰੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰੋਗਰਾਮ ਨਿਪਟਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਈ ਤਾਂ ਉੱਥੇ ਕੋਈ ਪੁਜਾਰੀ ਹਾਜ਼ਰ ਨਹੀਂ ਸੀ। ਸੰਗਤ ਨੇ ਇਕ ਸੰਦੇਸ਼ ਵਾਹਕ ਰਾਹੀਂ ਪੁਜਾਰੀਆਂ ਨੂੰ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਦੀ ਬੇਨਤੀ ਕੀਤੀ ਪਰ ਉਨ੍ਹਾਂ ਨੇ ਇਸ ਵੱਲ ਕੋਈ ਕੰਨ ਨਾ ਧਰਿਆ। ਪੁਜਾਰੀਆਂ ਦੀ ਗ਼ੈਰ-ਹਾਜ਼ਰੀ ਦੀ ਇਤਲਾਹ ਸਰਦਾਰ ਸੁੰਦਰ ਸਿੰਘ ਸਰਬਰਾਹ ਨੂੰ ਦਿੱਤੀ ਗਈ। ਉਸ ਨੇ ਵੀ ਪੁਜਾਰੀਆਂ ਨੂੰ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਲਈ ਆਖਿਆ ਪਰ

# ਪਤਿਤ ਸਹਿਜਧਾਰੀ ਨਹੀਂ ਹਨ

ਮਨਜੀਤ ਸਿੰਘ ਕਲਕੱਤਾ
-ਮੋਬਾ : 98140-50679



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਮ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨ ਸਬੰਧੀ ਪਾਰਲੀਮੈਂਟ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕੀਤੀ ਜਾ ਚੁੱਕੀ ਹੈ। ਹੁਣ ਸਹਿਜਧਾਰੀ ਫੈਡਰੇਸ਼ਨ ਵੱਲੋਂ ਵਾਰ-ਵਾਰ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਉਨ੍ਹਾਂ ਪਾਸੋਂ ਵੋਟ ਦਾ ਹੱਕ ਖੋਹ ਕੇ ਸਿੱਖ ਕੌਮ ਨੂੰ ਹੋਰ ਵੰਡਿਆ ਗਿਆ ਹੈ। ਮੈਂ ਉਨ੍ਹਾਂ ਲੋਕਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਜਾਂ ਪੰਜਾਬ ਵਿਚ ਕਿਧਰੇ ਵੀ ਕੋਈ ਸਹਿਜਧਾਰੀ ਸਿੱਖ ਨਹੀਂ ਹੈ। ਜਿਨ੍ਹਾਂ ਸਹਿਜਧਾਰੀ ਸਿੱਖਾਂ ਦੀ ਆੜ ਵਿਚ ਇਹ ਹੱਕ ਮੰਗਿਆ ਜਾ ਰਿਹਾ ਹੈ, ਉਹ ਸ਼ਾਇਦ ਪਾਕਿਸਤਾਨ ਵਿਚ ਅਜੇ ਵੀ ਹੋਣ। ਕਦੇ ਪਾਕਿਸਤਾਨ ਜਾਓ ਤਾਂ ਉਹ ਸਿੱਖ ਵੀ ਗੁਰਪੁਰਬ ਮਨਾਉਣ ਪੁੱਜੇ ਨਜ਼ਰ ਆਉਂਦੇ ਹਨ। ਪਰਿਵਾਰ ਦਾ ਬਜ਼ੁਰਗ ਕਲੀਨਸ਼ੇਵ ਹੋਵੇਗਾ, ਸਿਰ 'ਤੇ ਤੁਰਲੇ ਵਾਲੀ ਪੱਗ ਜਾਂ ਸਾਧਾਰਨ ਪੱਗ ਤੇ ਉਸ ਦੇ ਬੱਚੇ ਸਾਬਤ ਸੂਰਤ ਸਿੱਖ। ਗੁਰਪੁਰਬ ਮੌਕੇ ਹੋਣ ਵਾਲੇ ਅੰਮ੍ਰਿਤ ਸੰਚਾਰ ਵਿਚ ਉਹ ਸਿੰਘ ਬਣਨ ਲਈ ਸ਼ਾਮਿਲ ਹੋ ਰਹੇ ਹੁੰਦੇ ਹਨ। ਅਜਿਹੇ ਪਰਿਵਾਰਾਂ ਜਾਂ ਗੁਰੂ ਨਾਨਕ ਨਾਮ ਲੇਵਾ ਨੂੰ ਸਹਿਜਧਾਰੀ ਸਿੱਖ ਕਹਿਣਾ ਬਣਦਾ ਵੀ ਹੈ ਜੋ ਹੌਲੀ-ਹੌਲੀ, ਜੇ ਆਪ ਨਹੀਂ ਤਾਂ ਆਪਣੇ ਬੱਚਿਆਂ ਨੂੰ ਸਿੱਖਾਂ ਦੀ ਕੌਮੀ ਧਾਰਾ ਵਿਚ ਸ਼ਾਮਿਲ ਕਰਨ ਲਈ ਅੱਗੇ ਆਏ। ਜੋ ਲੋਕ ਆਪ ਹੀ ਸਿੱਖੀ ਸਰੂਪ ਵਿਚ ਨਜ਼ਰ ਆਉਂਦਿਆਂ ਵੀ ਅਜੇ ਤੱਕ ਕੇਸਾਂ ਦੀ ਬੇਅਦਬੀ ਕਰ ਰਹੇ ਹਨ, ਉਨ੍ਹਾਂ ਨੂੰ ਪਤਿਤ ਹੀ ਕਿਹਾ ਜਾ ਸਕਦਾ ਹੈ। 1959 ਤੱਕ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੀ ਸਹਿਜਧਾਰੀ ਵੋਟਰ ਵਰਗਾ ਕੋਈ ਸ਼ਬਦ ਨਹੀਂ ਸੀ। ਜਿਹੜੇ ਸਹਿਜਧਾਰੀ ਸਿੱਖ ਪਾਕਿਸਤਾਨ ਤੋਂ ਵੀ ਉਜੜ ਕੇ ਇਧਰ ਆਏ, ਉਹ ਸਿੱਖ ਸਜ ਗਏ ਸਨ ਤੇ ਇਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਸੀ। ਸਿੱਖ ਜਗਤ ਵਿਚ ਸਿਰਫ ਦੋ ਅਹਿਮ ਪਰਿਵਾਰ ਹਨ ਜੋ ਸਹਿਜਧਾਰੀ ਸਿੱਖ ਪਰਿਵਾਰਾਂ 'ਚੋਂ ਆਏ ਤੇ ਕੌਮ ਦੇ ਸਨਮਾਨਿਤ ਅਹੁਦਿਆਂ 'ਤੇ ਬਿਰਾਜਮਾਨ ਹੋਏ, ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ: ਪਰਮਜੀਤ ਸਿੰਘ ਸਰਨਾ, ਪ੍ਰੋ: ਪੂਰਨ ਸਿੰਘ ਤੇ ਡਾ: ਜਸਵੰਤ ਸਿੰਘ ਨੇਕੀ ਸ਼ਾਮਿਲ ਹਨ। ਮਾਸਟਰ ਤਾਰਾ ਸਿੰਘ ਹੁਰਾਂ ਦਾ ਪਹਿਲਾ ਨਾਂਅ ਹੀ ਹਿੰਦੂ ਨਾਂਅ ਸੀ ਤੇ ਸ :ਸਰਨਾ ਦੇ ਬਜ਼ੁਰਗ (ਦਾਦਾ) ਵੀ ਕਲੀਨ ਸ਼ੇਵ ਪਰ ਤੁਰਲੇ ਵਾਲੀ ਪੱਗ ਬੰਨ੍ਹਣ ਵਾਲੇ ਤੇ ਅੱਗੇ ਉਨ੍ਹਾਂ ਦੇ ਸਪੁੱਤਰ ਸ: ਤਰਲੋਚਨ ਸਿੰਘ ਸਰਨਾ (ਪਰਮਜੀਤ ਸਿੰਘ ਸਰਨਾ ਦੇ ਪਿਤਾ) ਤੇ ਹੁਣ ਸਮੁੱਚਾ ਪਰਿਵਾਰ ਸਾਬਤ ਸੂਰਤ ਅੰਮ੍ਰਿਤਧਾਰੀ। 1959 ਹੋਏ ਤਾਂ ਕਮੇਟੀ ਦੀ ਤਾਕਤ ਵਧ ਗਈ। ਪਹਿਲੀ ਵਾਰ ਸੀ ਕਿ ਕਮੇਟੀ ਸਕੱਤਰ ਦੀ ਗਿਣਤੀ ਇਕ ਤੋਂ ਵਧਾ ਕੇ ਦੋ ਕਰਨ ਦਾ ਸਿੱਖ ਗੁਰਦੁਆਰਾ ਐਕਟ (ਤਹਿਤ ਪ੍ਰਬੰਧ ਸਕੀਮ) ਵਿਚ ਸੰਸ਼ੋਧਨ ਹੋਇਆ। ਉਸ ਵੇਲੇ ਸਰਕਾਰਾਂ ਵੱਲੋਂ ਭੈੜੀ ਨੀਅਤ ਨਾਲ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਵੋਟ ਦਾ ਹੱਕ ਦਿੱਤਾ ਗਿਆ ਕਿ ਕਿਤੇ ਅਕਾਲੀ ਦਲ ਮਜ਼ਬੂਤ ਨਾ ਹੋ ਜਾਏ। ਸਾਲ 1971 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਸੰਵਿਧਾਨ ਬਣਿਆ ਤਾਂ ਸਹਿਜਧਾਰੀ ਵੋਟਰ ਦਾ ਰੌਲਾ ਪਿਆ। ਇਸ ਵਾਰ ਉੱਤਰ ਪ੍ਰਦੇਸ਼ ਦੇ ਇਕ ਬਾਰਸੂਖ ਸਿੱਖ ਸ: ਜੋਗਿੰਦਰਾ ਸਿੰਘ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਸਮਝਾਇਆ ਕਿ ਦਿੱਲੀ ਵਿਚ ਹਿਜ਼ਰਤ ਕਰਕੇ ਆਏ ਹਿੰਦੂ ਪਰਿਵਾਰ ਤਾਂ ਜਨ ਸੰਘ (ਹੁਣ ਭਾਜਪਾ) ਨਾਲ ਹਨ, ਜੇਕਰ ਇਹ ਸਹਿਜਧਾਰੀ ਬਣ ਕੇ ਅੱਗੇ ਆ ਗਏ ਤਾਂ ਦਿੱਲੀ ਕਮੇਟੀ ਤਾਂ ਵਿਰੋਧੀਆਂ ਦੀ ਹੋ ਜਾਵੇਗੀ ਤੇ ਦਿੱਲੀ ਕਮੇਟੀ ਦੇ ਐਕਟ ਵਿਚ ਵੋਟਰ ਦੀ ਸ਼ਰਤ ਵਿਚ ਸਾਬਤ ਸੂਰਤ ਸਿੱਖੀ ਸਰੂਪ ਸ਼ਾਮਿਲ ਕੀਤਾ ਗਿਆ। ਉਧਰ ਸਾਲ 2002 ਵਿਚ ਪੰਜਾਬ ਦੀ ਸੱਤਾ ਅਕਾਲੀ ਦਲ ਹੱਥੋਂ ਖੁਸ ਚੁੱਕੀ ਸੀ। ਕਾਰਨ ਜਥੇਦਾਰ ਟੌਹੜਾ ਤੇ ਸ: ਪ੍ਰਕਾਸ਼ ਸਿੰਘ ਬਾਦਲ ਦਰਮਿਆਨ ਵਖਰੇਵਾਂ ਵੀ ਸੀ। ਜਥੇਦਾਰ ਟੌਹੜਾ ਦੁਆਰਾ ਸਥਾਪਿਤ ਸਰਬ ਹਿੰਦ ਅਕਾਲੀ ਦਲ ਖੁਦ ਤਾਂ ਸਾਲ 2002 ਦੀ ਪੰਜਾਬ ਵਿਧਾਨ ਸਭਾ ਚੋਣ ਵਿਚ ਕੋਈ ਸੀਟ ਹਾਸਲ ਨਾ ਕਰ ਸਕਿਆ, ਪਰ ਬਾਦਲ ਦਲ ਨੂੰ ਹਰਾਉਣ ਦਾ ਕਾਰਨ ਜ਼ਰੂਰ ਬਣਿਆ। ਇਹੀ ਕਾਰਨ ਸੀ ਕਿ ਜੂਨ 2013 ਵਿਚ ਸ: ਬਾਦਲ-ਟੌਹੜਾ ਦਰਮਿਆਨ ਹੱਥ ਵਿਚ ਜਾਣ ਤੋਂ ਬਚਾਉਣ ਲਈ ਅਕਤੂਬਰ 2003 ਵਿਚ ਗ੍ਰਹਿ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਪਾਸੋਂ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਵਾਇਆ ਗਿਆ, ਤਾਂ ਜੋ ਕਿਧਰੇ ਕਾਂਗਰਸ ਸ਼੍ਰੋਮਣੀ ਕਮੇਟੀ 'ਤੇ ਵੀ ਕਬਜ਼ਾ ਨਾ ਕਰ ਲਵੇ। ਜਾਰੀ ਹਰ ਨੋਟੀਫਿਕੇਸ਼ਨ ਦੀ ਉਮਰ 6 ਮਹੀਨੇ ਹੁੰਦੀ ਹੈ ਤੇ 6 ਮਹੀਨੇ ਬਾਅਦ ਇਸ ਨੂੰ ਪਾਰਲੀਮੈਂਟ ਵਿਚ ਪੇਸ਼ ਕਰਕੇ ਐਕਟ ਦਾ ਹਿੱਸਾ ਬਣਾਉਣਾ ਜ਼ਰੂਰੀ ਹੁੰਦਾ ਹੈ, ਜੋ ਸਾਲ 2011 ਤੱਕ ਵੀ ਨਹੀਂ ਸੀ ਹੋ ਸਕਿਆ। ਸਹਿਜਧਾਰੀ ਫੈਡਰੇਸ਼ਨ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਪਟੀਸ਼ਨ ਦੇ ਚਲਦਿਆਂ ਇਸ ਨੋਟੀਫਿਕੇਸ਼ਨ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ, ਜੋ ਹੁਣ ਜਾ ਕੇ ਪਾਰਲੀਮੈਂਟ ਵਿਚ ਪੇਸ਼ ਹੋਣ 'ਤੇ ਪਾਸ ਹੋਇਆ ਹੈ। ਪਰ ਇਹ ਜ਼ਰੂਰ ਸਪੱਸ਼ਟ ਕਰਨਾ ਬਣਦਾ ਹੈ ਕਿ ਜੋ ਲੋਕ ਖੁਦ ਤਾਂ ਭਾਵੇਂ ਕਲੀਨ ਸ਼ੇਵ ਸਨ, ਪਰ ਆਪਣੇ ਪਰਿਵਾਰਾਂ ਵਿਚ ਸਿੱਖ ਸੰਸਕਾਰ ਕਾਇਮ ਰੱਖਦੇ ਹੋਏ ਆਪਣੇ ਬੱਚਿਆਂ ਨੂੰ ਸਾਬਤ ਸੂਰਤ ਸਿੱਖੀ ਸਰੂਪ ਵਿਚ ਲਿਆਉਣ ਵਿਚ ਸਫਲ ਹੋਏ, ਉਹ ਤਾਂ ਸਹਿਜਧਾਰੀ ਕਹਾਉਣ ਦੇ ਹੱਕਦਾਰ ਹੋ ਸਕਦੇ ਹਨ ਪਰ ਜੋ ਲੋਕ ਨਾਂਅ ਮਗਰ ਸਿੰਘ ਸ਼ਬਦ ਲਿਖਦੇ ਹਨ, ਸਿੱਖੀ ਸਰੂਪ ਵਿਚ ਹੋਣ ਦਾ ਭੁਲੇਖਾ ਦੇ ਕੇ ਦਾਹੜੇ ਤੇ ਕੇਸਾਂ ਦੀ ਬੇਅਦਬੀ ਕਰ ਰਹੇ ਹਨ, ਉਹ ਸਹਿਜਧਾਰੀ ਨਹੀਂ, ਬਲਕਿ ਪਤਿਤ ਹਨ। ਇਨ੍ਹਾਂ ਨੂੰ ਦੱਸਣਾ ਬਣਦਾ ਹੈ ਕਿ ਸਿੱਖੀ ਵਿਚ ਸ਼ਾਮਿਲ ਹੋਣ ਦੀ ਪਹਿਲੀ ਸ਼ਰਤ ਹੀ ਕੇਸਾਧਾਰੀ ਹੋਣਾ ਹੈ। ਇਹ ਨਿਯਮ ਤਾਂ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਲਾਗੂ ਹੈ। ਪੁਰਾਤਨ ਜਨਮ ਸਾਖੀਆਂ ਤੁਰੇ ਤਾਂ ਸ਼ਰਤ ਸਪੱਸ਼ਟ ਸੀ 'ਕੇਸ ਕਤਲ ਨਹੀਂ ਕਰੇਂਗਾ, ਸਿਰ ਤੇ ਦਸਤਾਰ ਸਜਾਏਂਗਾ, ਕਿਸੇ ਕੋਲੋਂ ਕੁਝ ਮੰਗੇਂਗਾ ਨਹੀਂ, ਤੇਰੇ ਪਰਿਵਾਰ ਦੇ ਨਿਰਬਾਹ ਦਾ ਪ੍ਰਬੰਧ ਅਕਾਲ ਪੁਰਖ ਵਾਹਿਗੁਰੂ ਕਰੇਗਾ, ਜਿਸ ਦਾ ਮੈਂ ਜ਼ਾਮਨ ਹਾਂ।' ਇਸੇ ਤਰ੍ਹਾਂ ਜੇ 1699 ਦੀ ਵੈਸਾਖੀ ਮੌਕੇ ਖਾਲਸਾ ਸਿਰਜਣਾ ਦੀ ਗੱਲ ਕੀਤੀ ਜਾਵੇ ਤਾਂ ਔਰੰਗਜ਼ੇਬ ਦੇ ਸੂਹੀਆਂ ਅਨੁਸਾਰ ਇਕੱਤਰ ਹੋਏ ਸਿੱਖਾਂ ਦੀ ਗਿਣਤੀ 40 ਹਜ਼ਾਰ ਸੀ, ਤਿੰਨ ਦਿਨ ਅੰਦਰ 20 ਹਜ਼ਾਰ ਸਿੱਖਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਸਪੱਸ਼ਟ ਹੈ ਕਿ ਇਹ 20 ਹਜ਼ਾਰ ਕੇਸਾਧਾਰੀ ਸਨ। ਅੰਮ੍ਰਿਤ ਸੰਚਾਰ ਮੌਕੇ ਪਹਿਲੀ ਸ਼ਰਤ ਕੇਸਾਧਾਰੀ ਹੋਣਾ ਤੇ ਪਹਿਲੀ ਬੱਜਰ ਕੁਰਹਿਤ ਕੇਸ ਕਤਲ ਕਰਨਾ ਹੈ। ਅੱਜ ਵੀ ਸਿੱਖ ਜਦੋਂ ਅਰਦਾਸ ਕਰਦਾ ਹੈ ਤਾਂ ਅਕਾਲ ਪੁਰਖ ਵਾਹਿਗੁਰੂ ਪਾਸੋਂ ਮੰਗ ਕਰਨ ਵੇਲੇ ਸਿੱਖੀ ਦਾਨ ਤੋਂ ਅਗਲੀ ਮੰਗ ਕੇਸ ਦਾਨ ਹੈ, ਜਿਨ੍ਹਾਂ ਸ਼ਹੀਦਾਂ ਨੂੰ ਨਤਮਸਤਕ ਹੋਇਆ ਜਾਂਦਾ ਹੈ, ਉਨ੍ਹਾਂ ਬਾਰੇ ਵੀ ਸਪੱਸ਼ਟ ਹੈ 'ਜਿਨ੍ਹਾਂ ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ'। ਸਿੱਖ ਲਈ ਸਾਬਤ ਸੂਰਤ ਹੋਣ ਦੀ ਐਡੀ ਵੱਡੀ ਸਪੱਸ਼ਟਤਾ ਹੋਰ ਕਿਧਰੇ ਨਹੀਂ ਮਿਲ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਧਾਮਾਂ ਦੇ ਪ੍ਰਬੰਧ ਹਿਤ ਮੈਂਬਰ ਚੁਣਨ ਲਈ ਵੋਟਰ ਦਾ ਸਾਬਤ ਸੂਰਤ ਹੋਣਾ ਜ਼ਰੂਰੀ ਹੈ ਤੇ ਮੈਂਬਰ ਬਣਨ ਵਾਲੇ ਉਮੀਦਵਾਰ ਦਾ ਅੰਮ੍ਰਿਤਧਾਰੀ, ਪੰਜ ਕਕਾਰਾਂ ਦਾ ਧਾਰਨੀ ਹੋਣਾ ਅਤੀ ਜ਼ਰੂਰੀ। ਸਰਬ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਗੁਰਦੁਆਰਾ ਐਕਟ ਬਕਾਇਦਾ ਸਿੱਖ ਦੀ ਪਰਿਭਾਸ਼ਾ ਵਾਰ-ਵਾਰ ਸਪੱਸ਼ਟ ਕਰ ਰਹੇ ਹਨ। ਸਿੱਖੀ ਸਰੂਪ ਸਬੰਧੀ ਹੋਰ

# ਆਤਿਸ਼ੀ ਹੋਣਗੇ ਦਿੱਲੀ ਦੇ ਨਵੇਂ ਮੁੱਖ ਮੰਤਰੀ, ਕੇਜਰੀਵਾਲ ਨੇ ਪੇਸ਼ ਕੀਤਾ ਨਾਂ

## ਕੇਜਰੀਵਾਲ ਵੱਲੋਂ ਆਪਣੇ ਜਾਨਸ਼ੀਨ ਵਜੋਂ ਪੇਸ਼ ਆਤਿਸ਼ੀ ਦੇ ਨਾਂ ਨੂੰ 'ਆਪ' ਵਿਧਾਇਕ ਦਲ ਨੇ ਸਰਬਸੰਮਤੀ ਨਾਲ ਕੀਤਾ ਪਾਸ

**ਨਵੀਂ ਦਿੱਲੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਬੀਬੀ ਆਤਿਸ਼ੀ ਦਿੱਲੀ ਦੇ ਨਵੇਂ ਮੁੱਖ ਮੰਤਰੀ ਹੋਣਗੇ। ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਪਾਰਟੀ ਨੇ ਮੰਗਲਵਾਰ ਨੂੰ ਸਰਬਸੰਮਤੀ ਨਾਲ ਕੇਜਰੀਵਾਲ ਦੇ ਜਾਨਸ਼ੀਨ ਵਜੋਂ ਆਤਿਸ਼ੀ ਦੇ ਨਾਂ ਉਤੇ ਸਹਿਮਤੀ ਪ੍ਰਗਟਾਈ ਹੈ।

ਦੱਸਣਯੋਗ ਹੈ ਕਿ ਆਤਿਸ਼ੀ ਪਾਰਟੀ ਦੇ ਨਾਲ-ਨਾਲ ਸਰਕਾਰ ਦਾ ਮੁੱਖ ਚਿਹਰਾ ਹਨ।

ਦਿੱਲੀ ਦੇ ਮੰਤਰੀ ਅਤੇ ਪਾਰਟੀ ਦੇ ਸੀਨੀਅਰ ਆਗੂ ਗੋਪਾਲ ਰਾਏ ਨੇ ਦੱਸਿਆ ਕਿ ਕੇਜਰੀਵਾਲ ਵੱਲੋਂ ਮੰਗਲਵਾਰ ਸ਼ਾਮ ਅਹੁਦੇ ਤੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ 'ਆਪ' ਵੱਲੋਂ ਆਤਿਸ਼ੀ ਦੀ ਅਗਵਾਈ ਹੇਠ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਜਾਵੇਗਾ।



ਇਸ ਤੋਂ ਪਹਿਲਾਂ ਅੱਜ ਮੁੱਖ ਮੰਤਰੀ ਕੇਜਰੀਵਾਲ ਦੀ ਰਿਹਾਇਸ਼ ਉਤੇ ਹੋਈ 'ਆਪ' ਦੇ ਵਿਧਾਇਕ ਦਲ ਦੀ ਮੀਟਿੰਗ ਵਿਚ ਕੇਜਰੀਵਾਲ ਵੱਲੋਂ ਆਪਣੇ ਜਾਨਸ਼ੀਨ ਵਜੋਂ ਆਤਿਸ਼ੀ ਨੂੰ ਚੁਣੇ ਜਾਣ ਦੀ ਪੇਸ਼ ਕੀਤੀ ਗਈ ਤਜਵੀਜ਼ ਨੂੰ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ।

ਗੋਪਾਲ ਰਾਏ, ਜੋ 'ਆਪ' ਦੀ ਦਿੱਲੀ ਇਕਾਈ ਦੇ ਕਨਵੀਨਰ ਵੀ ਹਨ, ਨੇ ਕਿਹਾ ਕਿ ਨਵੀਂ ਕੈਬਨਿਟ ਵਿਚ ਸ਼ਾਮਲ ਕੀਤੇ ਜਾਣ ਵਾਲੀ ਮੰਤਰੀਆਂ ਬਾਰੇ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਵੱਲੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ 'ਆਪ' ਵਿਧਾਇਕਾਂ ਦਾ ਇਕ ਵਫ਼ਦ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰੇਗਾ।

## ਪ੍ਰਧਾਨ ਮੰਤਰੀ ਨੇ ਪੀਐੱਮਏਵਾਈ ਲਾਭਪਾਤਰੀਆਂ ਦੇ ਘਰਾਂ ਦਾ ਦੌਰਾ ਕੀਤਾ



**ਭੁਵਨੇਸ਼ਵਰ, 17 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਭੁਵਨੇਸ਼ਵਰ ਵਿੱਚ ਗਡਕਾਨਾ ਵਿੱਚ ਪੀਐੱਮਏਵਾਈ ਸ਼ਹੀਰੀ ਸਕੀਮ ਦੇ ਲਾਭਪਾਤਰੀਆਂ ਦੇ ਘਰਾਂ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਨਾਲ ਉੜੀਸਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਵੀ ਮੌਜੂਦ ਸਨ। ਸ੍ਰੀ ਮੋਦੀ ਨੇ ਆਵਾਸ ਯੋਜਨਾ-ਸ਼ਹਿਰੀ ਦੇ ਲਾਭਪਾਤਰੀਆਂ ਨਾਲ ਲਗਭਗ 30 ਮਿੰਟ ਬਿਤਾਏ ਅਤੇ ਗੱਲਬਾਤ ਕੀਤੀ।

ਇਸ ਮੌਕੇ ਉਥੋਂ ਦੇ ਵਸਨੀਕਾਂ ਨੇ 'ਅੰਗ ਵਸਤਰ' (ਕੱਪੜਾ) ਚੜ੍ਹਾ ਕੇ ਅਤੇ ਮੱਥੇ 'ਤੇ ਚੰਦਨ ਦੀ ਲੱਕੜ ਦਾ ਲੇਪ ਲਗਾ ਕੇ ਉਨ੍ਹਾਂ ਦਾ ਰਵਾਇਤੀ ਤੌਰ 'ਤੇ ਸਵਾਗਤ ਕੀਤਾ। ਉੜੀਸਾ ਦੌਰੇ ਦੌਰਾਨ ਬੀਜੂ ਪਟਨਾਇਕ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਲੈ ਕੇ ਗਡਕਾਨਾ ਤੱਕ ਵੱਡੀ ਗਿਣਤੀ 'ਚ ਲੋਕ ਮੋਦੀ ਦਾ ਸਵਾਗਤ ਕਰਨ ਲਈ ਸੜਕਾਂ ਦੇ ਦੋਵੇਂ ਪਾਸੇ ਇਕੱਠੇ ਹੋਏ। ਇਸ ਲਾਭਤਾਪਰੀ ਦੇ ਗ੍ਰਹਿ ਪ੍ਰਵੇਸ਼ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘਰ ਦਾ ਉਦਘਾਟਨ ਵੀ ਕੀਤਾ।

# ਪ੍ਰਧਾਨ ਮੰਤਰੀ ਨੇ ਭੁਬਨੇਸ਼ਵਰ ਵਿੱਚ ਕਈ ਵਿਕਾਸ ਪ੍ਰੋਜੈਕਟ ਦੇਸ਼ ਨੂੰ ਸਮਰਪਿਤ ਕੀਤੇ



**ਭੁਬਨੇਸ਼ਵਰ (ਉੜੀਸਾ), 17 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਉੜੀਸਾ ਦੇ ਭੁਬਨੇਸ਼ਵਰ ਜ਼ਿਲ੍ਹੇ ਵਿੱਚ 3800 ਕਰੋੜ ਰੁਪਏ ਦੇ ਵੱਖ ?ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਲੱਗਭੱਗ 14 ਸੂਬਿਆਂ ਵਿੱਚ ਪੀਐੱਮਏਵਾਈਜੀ ਦੇ ਤਹਿਤ ਲਗਭਗ 10 ਲੱਖ ਲਾਭਪਾਤਰੀਆਂ ਨੂੰ ਸਹਾਇਤਾ ਦੀ ਪਹਿਲੀ ਕਿਸ਼ਤ ਜਾਰੀ ਕੀਤੀ।

ਇਸ ਮੌਕੇ ਆਯੋਜਿਤ ਪ੍ਰੋਗਰਾਮ ਦੌਰਾਨ ਦੇਸ਼ ਭਰ ਦੇ ਪੀਐੱਮਏਵਾਈ (ਗ੍ਰਾਮੀਣ ਅਤੇ ਸ਼ਹਿਰੀ) ਦੇ 26 ਲੱਖ ਲਾਭਪਾਤਰੀਆਂ ਲਈ ਗ੍ਰਹਿ ਪ੍ਰਵੇਸ਼ ਕਰਵਾਇਆ ਅਤੇ ਉਥੇ ਸਥਿਤ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਘਰ ਦੀਆਂ ਚਾਬੀਆਂ ਵੀ ਸੌਂਪੀਆਂ।

ਪ੍ਰਧਾਨ ਮੰਤਰੀ ਵੱਲੋ ਪੀਐੱਮਏਵਾਈਜੀ ਲਈ ਹੋਰ ਘਰਾਂ ਦੇ ਸਰਵੇਖਣ ਲਈ ਆਵਾਸ 2024 ਐਪ ਵੀ ਲਾਂਚ ਕੀਤੀ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ? ਸ਼ਹਿਰੀ 210 ਦੇ ਸੰਚਾਲਨ ਦਿਸ਼ਾ ?ਨਿਰਦੇਸ਼ਾਂ ਦੀ ਸ਼ੁਰੂਆਤ ਕੀਤੀ।

# ਮਣੀਪੁਰ 'ਚ ਸਥਾਈ ਸ਼ਾਂਤੀ ਲਈ ਮੇਇਤੀ-ਕੁਕੀ ਲੋਕਾਂ ਨਾਲ ਗੱਲ ਕਰ ਰਹੀ ਹੈ ਸਰਕਾਰ : ਸ਼ਾਹ

**ਨਵੀਂ ਦਿੱਲੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਕਿਹਾ ਕਿ ਸਰਕਾਰ ਮਣੀਪੁਰ ਵਿਚ ਸਥਾਈ ਸ਼ਾਂਤੀ ਲਈ ਮੇਇਤੀ ਅਤੇ ਕੁਕੀ ਦੋਵੇਂ ਭਾਈਚਾਰਿਆਂ ਨਾਲ ਗੱਲਬਾਤ ਕਰ ਰਹੀ ਹੈ ਅਤੇ ਘੁਸਪੈਠ ਨੂੰ ਰੋਕਣ ਲਈ ਮਿਆਂਮਾਰ ਨਾਲ ਲੱਗਦੀ ਦੇਸ਼ ਦੀ ਸਰਹੱਦ 'ਤੇ ਕੰਡਿਆਲੀ ਤਾਰ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਸਰਕਾਰ ਦੇ ਤੀਜੇ ਕਾਰਜਕਾਲ ਦੇ 100 ਦਿਨ ਪੂਰੇ ਹੋਣ 'ਤੇ ਇਕ ਪੱਤਰਕਾਰ ਸੰਮੇਲਨ 'ਚ ਸ਼ਾਹ ਨੇ ਕਿਹਾ ਕਿ ਪਿਛਲੇ ਹਫ਼ਤੇ ਤਿੰਨ ਦਿਨਾਂ ਦੀ ਹਿੰਸਾ ਨੂੰ ਛੱਡ ਦਿੱਤਾ ਜਾਵੇ ਤਾਂ ਮਣੀਪੁਰ 'ਚ ਸਥਿਤੀ ਕੁੱਲ ਮਿਲਾ ਕੇ ਸ਼ਾਂਤੀਪੂਰਨ ਰਹੀ ਹੈ ਅਤੇ ਸਰਕਾਰ ਅਸ਼ਾਂਤ ਪੂਰਬ-ਉੱਤਰ ਰਾਜ 'ਚ ਸ਼ਾਂਤੀ ਬਹਾਲ ਕਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ,''ਅਸੀਂ ਸ਼ਾਂਤੀ ਬਣਾਈ ਰੱਖਣ ਲਈ ਦੋਵਾਂ ਭਾਈਚਾਰਿਆਂ ਨਾਲ ਗੱਲ ਕਰ ਰਹੇ ਹਾਂ। ਅਸੀਂ ਮਣੀਪੁਰ ਵਿੱਚ ਸਥਾਈ ਸ਼ਾਂਤੀ ਲਈ ਇਕ ਖਾਕਾ ਵੀ ਤਿਆਰ ਕਰ ਰਹੇ ਹਾਂ।''

ਗ੍ਰਹਿ ਮੰਤਰੀ ਨੇ ਕਿਹਾ ਕਿ ਮਿਆਂਮਾਰ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ 'ਤੇ 30



ਕਿਲੋਮੀਟਰ ਤੱਕ ਕੰਡਿਆਲੀ ਤਾਰ ਲਗਾਉਣ ਦਾ ਕੰਮ ਪੂਰਾ ਹੋ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਕੁੱਲ 1,500 ਕਿਲੋਮੀਟਰ ਲਈ ਧਨ ਰਾਸ਼ੀ ਮਨਜ਼ੂਰ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਸ 'ਭਾਰਤ ਮਿਆਂਮਾਰ ਮੁਕਤ ਮੂਵਮੈਂਟ ਵਿਵਸਥਾ (ਐਫ.ਐਮ.ਆਰ.) ਨੂੰ ਪਹਿਲੇ ਹੀ ਖ਼ਤਮ ਕਰ ਦਿੱਤਾ ਹੈ, ਜੋ ਭਾਰਤ-ਮਿਆਂਮਾਰ ਸਰਹੱਦ ਦੇ ਨੇੜੇ ਰਹਿ ਰਹੇ ਲੋਕਾਂ ਨੂੰ ਬਿਨਾਂ ਕਿਸੇ ਦਸਤਾਵੇਜ਼ ਦੇ ਇਕ-ਦੂਜੇ ਦੇ ਖੇਤਰ 'ਚ 16 ਕਿਲੋਮੀਟਰ ਅੰਦਰ ਤੱਕ ਜਾਣ ਦੀ ਮਨਜ਼ੂਰੀ ਦਿੰਦੀ ਸੀ। ਉਨ੍ਹਾਂ ਕਿਹਾ,''ਹੁਣ ਲੋਕ ਵੀਜ਼ੇ ਦੇ ਨਾਲ ਹੀ ਇਕ-ਦੂਜੇ ਦੇ ਖੇਤਰ 'ਚ ਪ੍ਰਵੇਸ਼ ਕਰ ਸਕਣਗੇ।'' ਮਿਜ਼ੋਰਮ, ਮਣੀਪੁਰ, ਨਾਗਾਲੈਂਡ ਅਤੇ ਅਰੁਣਾਚਲ ਪ੍ਰਦੇਸ਼ ਨਾਲ ਲੱਗਦੀ 1,643 ਕਿਲੋਮੀਟਰ ਲੰਬੀ ਭਾਰਤ-ਮਿਆਂਮਾਰ ਸਰਹੱਦ 'ਤੇ ਐਫ.ਐਮ.ਆਰ. ਲਾਗੂ ਸੀ। ਇਸ ਨੂੰ ਭਾਰਤ ਦੀ 'ਐਕਟ ਈਸਟ' ਨੀਤੀ ਦੇ ਅਧੀਨ 2018 'ਚ ਲਾਗੂ ਕੀਤਾ ਗਿਆ ਸੀ। ਮਣੀਪੁਰ 'ਚ ਪਿਛਲੇ 3 ਸਾਲ ਤਿੰਨ ਮਈ ਨੂੰ ਬਹੁਗਿਣਤੀ ਮੇਇਤੀ ਭਾਈਚਾਰੇ ਦੀ ਅਨੁਸੂਚਿਤ ਜਨਜਾਤੀ ਦਾ ਦਰਜਾ ਦਿੱਤੇ ਜਾਣ ਦੀ ਮੰਗ ਦੇ ਵਿਰੋਧ 'ਚ ਰਾਜ ਦੇ ਪਹਾੜੀ ਜ਼ਿਲ੍ਹਿਆਂ 'ਚ 'ਆਦਿਵਾਸੀ ਇਕਜੁਟਤਾ ਮਾਰਚ' ਕੱਢਿਆ ਗਿਆ ਸੀ ਅਤੇ ਇਸ ਦੌਰਾਨ ਹਿੰਸਾ ਭੜਕ ਗਈ ਸੀ। ਉਦੋਂ ਤੋਂ ਜਾਰੀ ਹਿੰਸਾ ਅਤੇ ਮੇਇਤੀ ਭਾਈਚਾਰਿਆਂ ਦੇ 220 ਤੋਂ ਵੱਧ ਲੋਕ ਅਤੇ ਸੁਰੱਖਿਆ ਕਰਮੀ ਮਾਰੇ ਜਾ ਚੁੱਕੇ ਹਨ।

# ਪਾਣੀ ਦੀ ਹਰ ਬੂੰਦ ਮੋਦੀ ਵਾਂਗ ਕੀਮਤੀ: ਰਾਸ਼ਟਰਪਤੀ ਮੁਰਮੂ

**ਨਵੀਂ ਦਿੱਲੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਣੀ ਦੀ ਸੰਭਾਲ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਮੰਗਲਵਾਰ ਨੂੰ ਕਿਹਾ ਕਿ ਪਾਣੀ ਦੀ ਹਰ ਬੂੰਦ ਮੋਤੀ ਵਾਂਗ ਕੀਮਤੀ ਹੈ ਅਤੇ ਇਸ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ। 8ਵੇਂ ਭਾਰਤ ਜਲ ਹਫ਼ਤਾ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਨੇ ਰੁੱਖ ਲਗਾਉਣ ਦੇ ਮਾਧਿਅਮ ਨਾਲ ਧਰਤੀ ਹੇਠਲੇ ਪਾਣੀ ਦੀ ਪੂਰਤੀ ਦੇ ਮਹੱਤਵ ਨੂੰ ਵੀ ਰੇਖਾਂਕਿਤ ਕੀਤਾ। ਉਨ੍ਹਾਂ ਕਿਹਾ, 'ਸਾਨੂੰ ਰੁੱਖ ਲਗਾ ਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਾਉਣਾ ਚਾਹੀਦਾ ਹੈ। ਹਰ ਮਾਂ ਦੇ ਨਾਂ 'ਤੇ ਲਾਇਆ ਹਰ ਰੁੱਖ ਉਸ ਦੀ ਵਿਰਾਸਤ ਨੂੰ ਸ਼ਰਧਾਂਜਲੀ ਹੋਵੇਗਾ।''

ਮੁਰਮੂ ਨੇ ਕਿਹਾ, ਬੂੰਦ-ਬੂੰਦ ਨਾਲ ਸਮੁੰਦਰ ਬਣਦਾ ਹੈ, ਇਸ ਲਈ ਪਾਣੀ ਬਚਾਉਣਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ।



ਰਾਸ਼ਟਰਪਤੀ ਨੇ ਟਿਕਾਊ ਭਵਿੱਖ ਲਈ ਜਲ ਪ੍ਰਬੰਧਨ ਵਿੱਚ ਭਾਈਚਾਰੇ ਦੀ ਭਾਗੀਦਾਰੀ ਦੀ ਲੋੜ ਬਾਰੇ ਵੀ ਗੱਲ ਕੀਤੀ। ਜਲ ਜੀਵਨ ਮਿਸ਼ਨ ਰਾਹੀਂ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਖ਼ਾਸ ਕਰਕੇ 2021 ਤੋਂ ਬਾਅਦ ਜਦੋਂ ਸਥਾਨਕ ਪੱਧਰ 'ਤੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਸਨ, ਉਦੋਂ ਤੋਂ ਹੀ ਮਹੱਤਵਪੂਰਨ ਬਦਲਾਅ ਲਿਆਂਦੇ ਗਏ ਹਨ। ਮੁਰਮੂ ਨੇ ਵਿਸ਼ਵ ਪੱਧਰ 'ਤੇ ਸਾਫ਼ ਪਾਣੀ ਦੀ ਸੀਮਤ ਉਪਲਬਧਤਾ ਦਾ ਜ਼ਿਕਰ ਕੀਤਾ।

ਦੁਨੀਆ ਦਾ ਸਿਰਫ਼ 2.5 ਫ਼ੀਸਦੀ ਪਾਣੀ ਸਾਫ਼ ਹੈ ਅਤੇ ਸਿਰਫ਼ ਇੱਕ ਫ਼ੀਸਦੀ ਹੀ ਮਨੁੱਖੀ ਵਰਤੋਂ ਲਈ ਉਪਲਬਧ ਹੈ। ਉਨ੍ਹਾਂ ਕਿਹਾ ਕਿ ਇਹ ਕਠੋਰ ਹਕੀਕਤ ਜਾਗਰੂਕਤਾ ਅਤੇ ਸੰਭਾਲ ਦੇ ਯਤਨਾਂ ਦੀ ਲੋੜ ਨੂੰ ਦਰਸਾਉਂਦੀ ਹੈ। ਮੁਰਮੂ ਨੇ ਕਿਹਾ, ਪਾਣੀ ਨੂੰ ਲੈ ਕੇ ਜਾਗਰੂਕਤਾ ਬਹੁਤ ਜ਼ਰੂਰੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਕੋਈ ਖ਼ਾਸ ਤੌਰ 'ਤੇ ਔਰਤਾਂ ਅਤੇ ਲੜਕੀਆਂ ਨੂੰ ਸੰਭਾਲ ਪ੍ਰਤੀ ਜਾਗਰੂਕ ਕੀਤਾ ਜਾਵੇ।÷ ਉਹਨਾਂ ਨੇ ਕਿਹਾ ਕਿ ਜਲ ਪ੍ਰਬੰਧਨ ਅਤੇ ਭਾਈਚਾਰਕ ਵਿਕਾਸ ਵਿੱਚ ਔਰਤਾਂ ਦੀ ਭੂਮਿਕਾ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ (SDGs) ਨੂੰ ਪ੍ਰਾਪਤ ਕਰਨ ਲਈ ਮਹੱਤਵਪੂਰਨ ਹੈ।

# ਹਾਕੀ 'ਚ ਭਾਰਤ ਨੇ ਪੰਜਵੀਂ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ

## ਫਾਈਨਲ ਵਿੱਚ ਚੀਨ ਨੂੰ 1-0 ਨਾਲ ਹਰਾਇਆ



**ਹੁਲੁਨਬੂਇਰ, 17 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਲਗਾਤਾਰ ਦੂਜੀ ਤੇ ਪੰਜਵੀਂ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤ ਲਈ ਹੈ। ਭਾਰਤ ਨੇ ਫਾਈਨਲ ਮੁਕਾਬਲੇ ਵਿਚ ਚੀਨ ਨੂੰ 1-0 ਨਾਲ ਹਰਾ ਦਿੱਤਾ ਹੈ। ਇਸ ਟੂਰਨਾਮੈਂਟ ਵਿਚ ਭਾਰਤ ਨੇ ਇਕ ਵੀ ਮੈਚ ਨਹੀਂ ਹਾਰਿਆ। ਫਾਈਨਲ ਮੁਕਾਬਲੇ ਦਾ ਇਕਮਾਤਰ ਗੋਲ ਭਾਰਤ ਦੇ ਜੁਗਰਾਜ ਸਿੰਘ ਨੇ ਮੈਚ ਦੇ 51ਵੇਂ ਮਿੰਟ ਵਿਚ ਕੀਤਾ ਜਦਕਿ ਚੀਨ ਦੀ ਟੀਮ ਕੋਈ ਗੋਲ ਨਾ ਕਰ ਸਕੀ। ਇਸ ਮੈਚ ਵਿਚ ਭਾਰਤ ਨੂੰ ਚਾਰ ਜਦਕਿ ਚੀਨ ਨੂੰ ਪੰਜ ਪੈਨਲਟੀ ਕਾਰਨਰ ਮਿਲੇ ਪਰ ਦੋਵੇਂ ਟੀਮਾਂ ਇਸ ਨੂੰ ਗੋਲ ਵਿਚ ਨਾ ਬਦਲ ਸਕੀਆਂ। ਇਸ ਤੋਂ ਪਹਿਲਾਂ ਤੀਜੇ ਥਾਂ ਲਈ ਹੋਏ ਮੈਚ ਵਿਚ ਪਾਕਿਸਤਾਨ ਨੇ ਦੱਖਣੀ ਕੋਰੀਆ ਨੂੰ 5-2 ਨਾਲ ਹਰਾਇਆ।

# ਬੀਐੱਸਐੱਫ ਹੱਥੋਂ ਸਰਹੱਦ 'ਤੇ ਪਾਕਿ ਘੁਸਪੈਠੀਆ ਹਲਾਕ

## ਫਾਜ਼ਿਲਕਾ ਬਾਰਡਰ 'ਤੇ ਦੋ ਤਸਕਰ ਹੈਰੋਇਨ ਸਮੇਤ ਕਾਬੂ

**ਅੰਮ੍ਰਿਤਸਰ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐੱਸਐਫ ਨੇ ਪਾਕਿਸਤਾਨ ਸਰਹੱਦ 'ਤੇ ਪਿੰਡ ਰਤਨ ਖ਼ੁਰਦ ਨੇੜੇ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਮਾਰ ਦਿੱਤਾ ਹੈ। ਉਸ ਕੋਲੋਂ ਕੁਝ ਪਾਕਿਸਤਾਨੀ ਕਰੰਸੀ ਬਰਾਮਦ ਹੋਈ ਹੈ।

ਬੀਐੱਸਐਫ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ ਲਗਭਗ 9:30 ਵਜੇ ਸਰਹੱਦ 'ਤੇ ਤਾਇਨਾਤ ਬੀਐੱਸਐਫ ਦੇ ਜਵਾਨਾਂ ਨੇ ਸਰਹੱਦ ਨੇੜੇ ਹਲਚਲ ਦੇਖੀ ਅਤੇ ਇੱਕ ਵਿਅਕਤੀ ਨੂੰ ਪਾਕਿਸਤਾਨ ਵਾਲੇ ਪਾਸਿਓਂ ਭਾਰਤੀ ਸਰਹੱਦ ਵਿੱਚ ਦਾਖਲ ਹੁੰਦਿਆਂ ਦੇਖਿਆ। ਇਹ ਵਿਅਕਤੀ ਹਨੇਰੇ ਦਾ ਲਾਭ ਲੈਂਦੇ ਹੋਏ ਕੌਮਾਂਤਰੀ ਸਰਹੱਦ ਪਾਰ ਕਰਕੇ ਭਾਰਤੀ ਸਰਹੱਦ ਵੱਲ ਵੱਧ ਰਿਹਾ ਸੀ।

ਬੀਐੱਸਐਫ ਜਵਾਨਾਂ ਨੇ ਉਸ ਨੂੰ ਰੁਕਣ ਦੀ ਚੇਤਾਵਨੀ ਦਿੱਤੀ ਪਰ ਉਹ ਅਗਾਂਹ ਵਧਦਾ ਰਿਹਾ। ਇਸ 'ਤੇ ਜਵਾਨਾਂ ਨੇ ਉਸ 'ਤੇ ਗੋਲੀ ਚਲਾਈ ਅਤੇ ਉਹ ਇਸ ਗੋਲੀਬਾਰੀ ਵਿੱਚ ਮਾਰਿਆ ਗਿਆ। ਉਨ੍ਹਾਂ ਦੱਸਿਆ ਕਿ ਘੁਸਪੈਠੀਏ



ਘੁਸਪੈਠੀਏ ਕੋਲੋਂ ਬਰਾਮਦ ਪਾਕਿਸਤਾਨੀ ਕਰੰਸੀ ਬਰਾਮਦ

ਕੋਲੋਂ ਪਾਕਿਸਤਾਨੀ ਕਰੰਸੀ ਦੇ 270 ਰੁਪਏ ਬਰਾਮਦ ਹੋਏ ਹਨ। ਬੀਐੱਸਐਫ ਨੇ ਲਾਸ਼ ਅਗਲੀ ਕਾਰਵਾਈ ਵਾਸਤੇ ਘਰਿੰਡਾ ਪੁਲੀਸ ਥਾਣੇ ਨੂੰ ਸੌਂਪ ਦਿੱਤੀ ਹੈ।

ਇਸ ਦੌਰਾਨ ਬੀਐੱਸਐਫ ਵੱਲੋਂ ਫਾਜ਼ਿਲਕਾ ਬਾਰਡਰ 'ਤੇ ਵੀ ਦੋ ਤਸਕਰਾਂ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਉਨ੍ਹਾਂ ਕੋਲੋਂ ਲਗਭਗ ਇੱਕ ਕਿਲੋ ਹੈਰੋਇਨ ਬਰਾਮਦ ਹੋਈ। ਇਹ ਘਟਨਾ ਪਿੰਡ ਕਾਦਰ ਬਖ਼ਸ਼ ਨੇੜੇ ਵਾਪਰੀ ਹੈ। ਕਾਬੂ ਕੀਤੇ ਗਏ ਦੋਵੇਂ ਵਿਅਕਤੀ ਫਾਜ਼ਿਲਕਾ ਜ਼ਿਲੇ ਦੇ ਪਿੰਡ ਮੁੰਬੇ ਕੇ ਅਤੇ ਚੱਕ ਅਮੀਰਾਂ ਦੇ ਵਾਸੀ ਹਨ। ਉਹ ਇੱਥੇ ਪਾਕਿਸਤਾਨ ਵੱਲੋਂ ਆਏ ਡਰੋਨ ਵੱਲੋਂ ਸੁੱਟੀ ਗਈ ਹੈਰੋਇਨ ਦੀ ਖੇਪ ਚੁੱਕਣ ਵਾਸਤੇ ਪੁੱਜੇ ਸਨ। ਘਟਨਾ ਸਥਾਨ ਤੋਂ ਦੋ ਪੈਕਟ ਨਸ਼ੀਲੇ ਪਦਾਰਥ ਦੇ ਮਿਲੇ ਹਨ।

# ਵੱਖ-ਵੱਖ ਜਾਇਦਾਦਾਂ ਦੀ ਈ-ਨਿਲਾਮੀ ਨੂੰ ਲੋਕਾਂ ਨੇ ਦਿੱਤਾ ਭਰਵਾਂ ਹੁੰਗਾਰਾ

**ਚੰਡੀਗੜ੍ਹ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸ ਮੁਖੀ ਨੀਤੀਆਂ ਸਦਕਾ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਅਤੇ ਹੋਰ ਖੇਤਰੀ ਵਿਕਾਸ ਅਥਾਰਟੀਆਂ ਨੇ ਵੱਖ-ਵੱਖ ਜਾਇਦਾਦਾਂ ਦੀ ਈ-ਨਿਲਾਮੀ ਰਾਹੀਂ 2954 ਕਰੋੜ ਰੁਪਏ ਕਮਾਏ ਹਨ ਜੋ 16 ਸਤੰਬਰ (ਸੋਮਵਾਰ) ਨੂੰ ਖਤਮ ਹੋਈ।

ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਈ-ਨਿਲਾਮੀ 6 ਸਤੰਬਰ ਨੂੰ ਸ਼ੁਰੂ ਹੋਈ ਸੀ ਅਤੇ ਇਸ ਵਿੱਚ ਗਰੁੱਪ ਹਾਊਸਿੰਗ, ਮਲਟੀਪਲੈਕਸ, ਵਪਾਰਕ ਥਾਵਾਂ, ਰਿਹਾਇਸ਼ੀ ਪਲਾਟ, ਐਸ.ਸੀ.ਓ, ਬੂਥ, ਦੁਕਾਨਾਂ, ਐਸ.ਸੀ.ਐਫ. ਤੇ ਹੋਰ ਜਾਇਦਾਦਾਂ ਸ਼ਾਮਲ ਸਨ। ਇਸ ਸ਼ਾਨਦਾਰ ਸਫਲਤਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਮਕਾਨ ਉਸਾਰੀ ਤੇ ਸ਼ਹਿਰ ਵਿਕਾਸ ਵਿਭਾਗ ਹੇਠ ਕਾਰਜਸ਼ੀਲ ਵਿਕਾਸ ਅਥਾਰਟੀਆਂ ਨੇ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਆਪਣੀਆਂ ਸੁਪਨਮਈ ਜਾਇਦਾਦਾਂ ਖਰੀਦਣ ਦਾ ਮੌਕਾ ਦਿੱਤਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਨ੍ਹਾਂ ਜਾਇਦਾਦਾਂ ਦੀ ਨਿਲਾਮੀ ਪ੍ਰਤੀ ਆਮ ਲੋਕਾਂ ਖਾਸ ਕਰਕੇ ਰਿਹਾਇਸ਼ੀ ਪਲਾਟ ਦੇ ਇਛੁੱਕ ਜਾਂ ਕਾਰੋਬਾਰ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਲੋਕਾਂ ਨੇ ਵੱਡਾ ਉਤਸ਼ਾਹ ਦਿਖਾਇਆ।

ਈ-ਨਿਲਾਮੀ ਦੇ ਸ਼ਾਨਦਾਰ ਨਤੀਜਿਆਂ ਨੇ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਉਤੇ ਮੋਹਰ ਲਾਈ ਹੈ। ਈ-ਨਿਲਾਮੀ ਰਾਹੀਂ ਕਮਾਇਆ ਇਕ-ਇਕ ਪੈਸਾ ਵਿਕਾਸ ਪ੍ਰਾਜੈਕਟਾਂ ਉਤੇ ਖਰਚ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਆਹਲਾ ਦਰਜੇ ਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ। ਭਗਵੰਤ ਸਿੰਘ ਮਾਨ ਨੇ ਈ-ਨਿਲਾਮੀ ਕਰਵਾਉਣ ਵਿੱਚ ਸ਼ਾਮਲ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਹਰੇਕ ਅਧਿਕਾਰੀ ਤੇ ਕਰਮਚਾਰੀ ਨੇ ਆਪਣੇ ਡਿਊਟੀ ਪੇਸ਼ੇਵਾਰਾਨਾ ਅਤੇ ਜ਼ਿੰਮੇਵਾਰੀ ਨਾਲ ਨਿਭਾਈ ਹੈ ਤਾਂ ਕਿ ਇਸ ਸਮੁੱਚੀ ਪ੍ਰਕਿਰਿਆ ਨੂੰ ਪਾਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾ ਸਕੇ।

ਦੱਸਣਯੋਗ ਹੈ ਕਿ ਪੁੱਡਾ ਨੂੰ ਓ.ਯੂ.ਵੀ.ਜੀ.ਐਲ. ਦੀਆਂ 162 ਜਾਇਦਾਦਾਂ ਦੀ ਨਿਲਾਮੀ ਪ੍ਰਾਪਤ ਹੋਈ। ਗਮਾਡਾ ਨੇ ਸੈਕਟਰ-62 ਵਿੱਚ ਦੋ ਕਮਰਸ਼ੀਅਲ ਥਾਵਾਂ, ਈਕੋ-ਸਿਟੀ-1 ਅਤੇ ਏਅਰੋਸਿਟੀ ਵਿੱਚ ਇਕ-ਇਕ ਰਕਬਾ (ਚੰਕ), ਸੈਕਟਰ-66 ਵਿੱਚ ਤਿੰਨ ਗਰੁੱਪ ਹਾਊਸਿੰਗ ਥਾਵਾਂ, ਐਸ.ਏ.ਐਸ. ਨਗਰ ਦੇ ਵੱਖ-ਵੱਖ ਸੈਕਟਰਾਂ ਵਿੱਚ 16 ਐਸ.ਸੀ.ਓ. ਅਤੇ 12 ਬੂਥਾਂ ਦੀ ਸਫਲ ਨਿਲਾਮੀ ਕਰਵਾਈ। ਇਸੇ ਤਰ੍ਹਾਂ ਗਲਾਡਾ ਨੇ 32 ਜਾਇਦਾਦਾਂ ਦੀ ਨਿਲਾਮੀ ਕਰਵਾਈ। ਬਠਿੰਡਾ ਵਿਕਾਸ ਅਥਾਰਟੀ (ਬੀ.ਡੀ.ਏ.) ਨੇ 23 ਜਾਇਦਾਦਾਂ ਦੀ ਨਿਲਾਮੀ ਕਰਵਾਈ। ਅੰਮ੍ਰਿਤਸਰ ਵਿਕਾਸ ਅਥਾਰਟੀ (ਏ.ਡੀ.ਏ.) ਅਤੇ ਜਲੰਧਰ ਵਿਕਾਸ ਅਥਾਰਟੀ (ਜੇ.ਡੀ.ਏ.) ਨੇ ਕ੍ਰਮਵਾਰ 34 ਅਤੇ 22 ਜਾਇਦਾਦਾਂ ਦੀ ਨਿਲਾਮੀ ਕਰਵਾਈ ਅਤੇ ਪਟਿਆਲਾ ਵਿਕਾਸ ਅਥਾਰਟੀ (ਪੀ.ਡੀ.ਏ.) ਨੇ 17 ਜਾਇਦਾਦਾਂ ਦੀ ਨਿਲਾਮੀ ਕਰਵਾਈ।

# ਮਹਿਲਾ ਡਾਕਟਰਾਂ ਨੂੰ ਰਾਤ ਦੀ ਡਿਊਟੀ ਤੋਂ ਨਹੀਂ ਰੋਕਿਆ ਜਾ ਸਕਦਾ: ਸੁਪਰੀਮ ਕੋਰਟ

**ਨਵੀਂ ਦਿੱਲੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਮਹਿਲਾ ਡਾਕਟਰਾਂ ਨੂੰ ਰਾਤ ਦੀਆਂ ਸ਼ਿਫਟਾਂ ਵਿਚ ਕੰਮ ਕਰਨ ਤੋਂ ਨਹੀਂ ਰੋਕ ਸਕਦੀ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ, ਜਿਸ ਵਿਚ ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ ਨੇ ਇਹ ਟਿੱਪਣੀਆਂ ਉਦੋਂ ਕੀਤੀਆਂ ਜਦੋਂ ਅਦਾਲਤ ਨੂੰ ਔਰਤਾਂ ਨੂੰ 12 ਘੰਟਿਆਂ ਤੋਂ ਵੱਧ ਅਤੇ ਰਾਤ ਦੀਆਂ ਸ਼ਿਫਟਾਂ ਵਿਚ ਕੰਮ ਕਰਨ ਤੋਂ ਰੋਕਣ ਦੇ ਪੱਛਮੀ ਬੰਗਾਲ ਸਰਕਾਰ ਵੱਲੋਂ ਜਾਰੀ ਹੁਕਮਾਂ ਬਾਰੇ ਜਾਣਕਾਰੀ ਦਿੱਤੀ ਗਈ।



ਸਿਖਰਲੀ ਅਦਾਲਤ ਕੋਲਕਾਤਾ ਵਿਚ ਸਥਿਤ ਸਰਕਾਰੀ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਇਕ ਟਰੇਨੀ ਡਾਕਟਰ ਨਾਲ ਜਬਰ ਜਨਾਹ ਅਤੇ ਕਤਲ ਦੇ ਵਾਪਰੇ ਭਿਆਨਕ ਕਾਂਡ ਦੇ ਆਪਣੇ ਵੱਲੋਂ ਲਏ ਗਏ ਨੋਟਿਸ 'ਤੇ ਆਧਾਰਤ ਪਟੀਸ਼ਨ ਦੀ ਸੁਣਵਾਈ ਕਰ ਰਹੀ ਹੈ। ਸੁਪਰੀਮ ਕੋਰਟ ਨੇ ਔਰਤਾਂ ਨੂੰ ਰਾਤ ਦੀ ਸ਼ਿਫਟ ਵਿਚ ਅਤੇ 12 ਘੰਟੇ ਤੋਂ ਵੱਧ ਕੰਮ ਕਰਨ ਤੋਂ ਰੋਕਣ ਬਾਰੇ ਪੱਛਮੀ ਬੰਗਾਲ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਉਤੇ ਸਵਾਲ ਉਠਾਏ।

ਇਸ ਦੌਰਾਨ ਸੂਬਾ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਇਹ ਪਾਬੰਦੀ ਹਟਾ ਲਈ ਜਾਵੇਗੀ। ਸਿੱਬਲ ਨੇ ਇਹ ਵੀ ਕਿਹਾ ਕਿ ਇਹ ਪਾਬੰਦੀ ਆਰਜ਼ੀ ਹੈ, ਜਿਹੜੀ ਸੂਬਾ ਸਰਕਾਰ ਵੱਲੋਂ ਕੰਮ-ਕਾਜੀ ਔਰਤਾਂ ਦੀ ਸੁਰੱਖਿਆ ਲਈ ਚੁੱਕੇ ਗਏ ਹਾਲੀਆ ਕਦਮਾਂ ਦਾ ਹਿੱਸਾ ਹੈ।

ਸਿਖਰਲੀ ਅਦਾਲਤ ਇਹ ਵੀ ਕਿਹਾ ਕਿ ਔਰਤਾਂ ਨੂੰ ਕੋਈ ਛੋਟ ਨਹੀਂ ਚਾਹੀਦੀ, ਸਗੋਂ ਉਹ ਬਰਾਬਰ ਦੇ ਮੌਕੇ ਮੰਗਦੀਆਂ ਹਨ ਅਤੇ ਮਹਿਲਾ ਡਾਕਟਰਾਂ ਵੀ ਹਰ ਤਰ੍ਹਾਂ ਦੇ ਹਾਲਾਤ ਵਿਚ ਕੰਮ ਕਰਨ ਲਈ ਤਿਆਰ ਹਨ।

## ਸੁਪਰੀਮ ਕੋਰਟ ਨੇ 'ਬੁਲਡੋਜ਼ਰ ਨਿਆਂ' ਉਤੇ ਰੋਕ ਲਾਈ

**ਨਵੀਂ ਦਿੱਲੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਅਹਿਮ ਹੁਕਮ ਜਾਰੀ ਕਰਦਿਆਂ ਦੇਸ਼ ਭਰ ਵਿਚ ਸਿਖਰਲੀ ਅਦਾਲਤ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਜਾਇਦਾਦਾਂ ਦੀ ਢਾਹ-ਢੁਹਾਈ (ਬੁਲਡੋਜ਼ਰ ਇਨਸਾਫ਼) ਉਤੇ ਪਾਬੰਦੀ ਲਾ ਦਿੱਤੀ ਹੈ। ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਇਹ ਹੁਕਮ ਜਾਰੀ ਕਰਦਿਆਂ ਕਿਹਾ ਕਿ ਕਿਸੇ ਤਰ੍ਹਾਂ ਦੇ ਜੁਰਮ ਵਿਚ ਸ਼ਾਮਲ ਮੁਲਜ਼ਮਾਂ ਦੀਆਂ ਉਸਾਰੀਆਂ ਭਾਵੇਂ ਉਹ ਨਾਜਾਇਜ਼ ਵੀ ਹੋਣ, ਉਨ੍ਹਾਂ ਨੂੰ ਅਦਾਲਤ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ 1 ਅਕਤੂਬਰ ਤੱਕ ਹਰਗਿਜ਼ ਨਹੀਂ ਢਾਹਿਆ ਜਾ ਸਕੇਗਾ।

ਬੈਂਚ ਨੇ ਕਿਹਾ ਕਿ ਭਾਵੇਂ ਕੋਈ ਉਸਾਰੀ



ਨਾਜਾਇਜ਼ ਵੀ ਹੋਵੇ, ਤਾਂ ਵੀ ਇਸ ਨੂੰ ਇੰਝ ਢਾਹੁਣਾ ਸਾਡੇ ਸੰਵਿਧਾਨ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ। ਉਂਝ ਅਦਾਲਤ ਨੇ ਨਾਲ ਹੀ ਸਾਫ਼ ਕੀਤਾ ਕਿ ਇਹ ਹੁਕਮ ਜਨਤਕ ਸੜਕਾਂ ਅਤੇ ਫੁੱਟਪਾਥਾਂ ਆਦਿ ਉਤੇ ਖੜ੍ਹੇ ਕੀਤੇ ਗਏ ਨਾਜਾਇਜ਼ ਢਾਂਚਿਆਂ ਨੂੰ ਹਟਾਏ/ਢਾਹੇ ਜਾਣ ਉਤੇ ਲਾਗੂ ਨਹੀਂ ਹੋਣਗੇ।

# 5 ਜ਼ਿਲ੍ਹਿਆਂ 'ਚ ਲਹਿਰਾਂ-ਬਹਿਰਾਂ ਲਗਾਵੇਗੀ ਮਾਲਵਾ ਨਹਿਰ: ਗੁਰਮੀਤ ਸਿੰਘ ਖੁੱਡੀਆਂ



**ਚੰਡੀਗੜ੍ਹ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੂਰਅੰਦੇਸ਼ੀ ਤਹਿਤ ਜੋ ਮਾਲਵਾ ਇਲਾਕੇ 'ਚ ਮਾਲਵਾ ਨਹਿਰ ਬਣਾਉਣ ਦਾ ਸੁਪਨਾ ਲਿਆ ਹੈ, ਉਹ ਸਾਡੇ ਹਲਕੇ ਦੇ 5 ਜ਼ਿਲ੍ਹਿਆਂ ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਬਠਿੰਡਾ ਅਤੇ ਹੋਰ ਨਾਲ ਲਗਦੇ ਇਲਾਕਿਆਂ ''ਚ ਲਹਿਰਾਂ-ਬਹਿਰਾਂ ਲਗਾਏਗੀ ਅਤੇ ਖੇਤੀ ਲਈ ਜੋ ਪਾਣੀ ਦੀ ਘਾਟ ਰੜਕਦੀ ਰਹਿੰਦੀ ਹੈ, ਉਹ ਪੂਰੀ ਕਰੇਗੀ। ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲਗਭਗ ਪੌਣੇ 200 ਕਿਲੋਮੀਟਰ ਲੰਬੀ ਇਹ ਨਹਿਰ ਦੇਸ਼ ਦੀ ਵੰਡ ਤੋਂ ਬਾਅਦ ਸਾਡੇ ਲਈ ਤੋਹਫਾ ਹੋਵੇਗੀ । ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਕਣਕ ਦੇ ਚੱਕਰ 'ਚੋਂ ਨਿਕਲ ਕੇ ਹੋਰਨਾਂ ਫਸਲਾਂ ਵੱਲ ਅੱਗੇ ਵਧਣ। ਉਨ੍ਹਾਂ ਨੌਜਵਾਨਾਂ ਨੂੰ ਵੀ ਕਿਹਾ ਕਿ ਉਹ ਨੌਕਰੀਆਂ ਮਗਰ ਭੱਜਣ ਦੀ ਬਜਾਏ ਸਵੈ-ਰੋਜ਼ਗਾਰ ਦੇ ਧੰਦਿਆਂ ਨੂੰ ਅਪਨਾਉਣ। ਉਨ੍ਹਾਂ ਨਾਲ ਹਲਕਾ ਇੰਚਾਰਜ ਡਾ. ਐਨ. ਐੱਸ. ਕੰਗ, ਹਰਵਿੰਦਰ ਸਿੰਘ ਗਿਆਸਪੁਰਾ, ਚਮਨ ਸਿੰਘ, ਸੰਜੀਵ ਟੋਨੀ ਨਰੂਲਾ, ਗੌਰਵ ਨਰੂਲਾ, ਪ੍ਰਧਾਨ ਤੇਲੂ ਰਾਮ ਬਾਂਸਲ, ਹਰਕਿੰਦਰ ਕਿੰਦਾ, ਸ਼ਰਨਜੀਤ ਸਿੰਘ, ਹਰਪ੍ਰੀਤ ਸਿੰਘ ਰਿੰਪੀ ਤੋਂ ਇਲਾਵਾ ਹੋਰ ਸਥਾਨਕ ਆਗੂ ਹਾਜ਼ਰ ਸਨ।

# ਸਵੱਛਤਾ ਦੀ ਸ਼ੁਰੂਆਤ ਆਪਣੇ ਘਰਾਂ ਤੋਂ ਕਰਕੇ ਜ਼ਿਲ੍ਹੇ, ਰਾਜ ਤੇ ਦੇਸ਼ ਨੂੰ ਸਵੱਛ ਬਣਾਇਆ ਜਾ ਸਕਦਾ ਹੈ : ਡਾ. ਬਲਬੀਰ ਸਿੰਘ

**ਪਟਿਆਲਾ, 18 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ 'ਸਵੱਛਤਾ ਹੀ ਸੇਵਾ' ਮੁਹਿੰਮ ਦੀ ਜਾਗਰੂਕਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਮੈਰਾਥਨ ਨੂੰ ਰਵਾਨਾ ਕੀਤਾ। ਇਸ ਮੌਕੇ ਸਿਹਤ ਮੰਤਰੀ ਨੇ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਸਵੱਛਤਾ ਦੀ ਸ਼ੁਰੂਆਤ ਆਪਣੇ ਘਰਾਂ ਤੋਂ ਕਰਕੇ ਸ਼ਹਿਰ, ਜ਼ਿਲ੍ਹਾ, ਰਾਜ ਅਤੇ ਅੱਗੇ ਆਪਣੇ ਪੂਰੇ ਦੇਸ਼ ਨੂੰ ਸਾਫ਼ ਕਰਨ ਦਾ ਸੱਦਾ ਦਿੱਤਾ। ਸਿਹਤ ਮੰਤਰੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਾਨੂੰ ਸਭ ਨੂੰ ਇਕਜੁੱਟ ਹੋਕੇ ਵਾਤਾਵਰਣ ਬਚਾਉਣ ਲਈ ਪੋਲੀਥੀਨ ਲਿਫ਼ਾਫਿਆਂ ਦੀ ਥਾਂ ਕੱਪੜੇ ਜਾਂ ਜੂਟ ਦੇ ਬੈਗ ਤੇ ਝੋਲੇ ਆਦਿ ਵਰਤਣੇ ਚਾਹੀਦੇ ਹਨ। ਉਨ੍ਹਾਂ ਨੇ ਇਸ ਦੌਰਾਨ ਬੱਚਿਆਂ ਨੂੰ ਡੇਂਗੂ ਤੋਂ ਬਚਣ ਲਈ ਸਫ਼ਾਈ ਰੱਖਣ ਤੇ ਖਾਸ ਕਰਕੇ ਸਾਫ਼ ਪਾਣੀ ਦੇ ਸਰੋਤ ਚੈਕ ਕਰਕੇ ਡੇਂਗੂ ਦਾ ਲਾਰਵਾ ਖ਼ਤਮ ਕਰਨ ਦਾ ਵੀ ਸੱਦਾ ਦਿੱਤਾ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸਵੱਛਤਾ ਹੀ ਸੇਵਾ ਮੁਹਿੰਮ ਮਹਾਤਮਾ ਗਾਂਧੀ ਜੈਯੰਤੀ 2 ਅਕਤੂਬਰ ਤੱਕ ਚਲੇਗੀ ਅਤੇ ਇਸ ਪੰਦਰਵਾੜੇ ਦੌਰਾਨ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਣਗੇ, ਜਿਸ ਨਾਲ ਸਾਰੇ ਨਾਗਰਿਕਾਂ ਨੂੰ ਸਫ਼ਾਈ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਵੱਛਤਾ ਦਾ ਸਾਡੇ ਜੀਵਨ ਨੂੰ ਤੰਦਰੁਸਤ ਰੱਖਣ ਵਿੱਚ ਵੱਡਾ ਯੋਗਦਾਨ ਹੈ, ਇਸ ਲਈ ਹਰੇਕ ਨਾਗਰਿਕ ਸਵੱਛਤਾ ਮੁਹਿੰਮ ਦਾ ਹਿੱਸਾ ਜਰੂਰ ਬਣੇ। ਉਨ੍ਹਾਂ ਨੇ ਗਿੱਲੇ ਤੇ ਸੁੱਕੇ ਕੂੜੇ ਬਾਰੇ ਸੁਚੇਤ ਹੋਣ ਬਾਰੇ ਵੀ ਦੱਸਿਆ। ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੇ ਵਾਤਾਵਰਣ ਨੂੰ ਬਚਾਉਣ ਲਈ ਤੇ ਸਾਫ਼-ਸਫ਼ਾਈ ਲਈ ਅਨੇਕਾਂ ਨਵੇਂ ਉਪਰਾਲੇ ਕਰ ਰਹੀ ਹੈ, ਇਸ ਤਹਿਤ ਦਸਵੀਂ ਜਾਂ ਬਾਰਵੀਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਫੱਟੜਾਂ ਦੀ ਮੁਢਲੀ ਸਹਾਇਤਾ ਦੇਣੀ ਸਿਖਾਈ ਜਾਵੇਗੀ ਅਤੇ ਸਕੂਲਾਂ ਵਿੱਚ ਹੈਪੀਨੈਸ ਦੀਆਂ ਕਲਾਸਾਂ ਵੀ ਲਗਾਈਆਂ ਜਾਣਗੀਆਂ।

ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਏ.ਡੀ.ਸੀ. (ਜ) ਕੰਚਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ 2 ਅਕਤੂਬਰ ਤੱਕ ਜ਼ਿਲ੍ਹੇ ਵਿੱਚ ਵੱਖ-ਵੱਖ ਸਮਾਗਮ ਕਰਵਾਏ ਜਾਣਗੇ। ਏ.ਡੀ.ਸੀ. ਨੇ ਦੱਸਿਆ ਕਿ ਸਵੱਛਤਾ ਦਿਵਸ ਮੌਕੇ ਸਾਰੇ ਭਾਗੀਦਾਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਵਾਤਾਵਰਣ ਇੰਜੀਨੀਅਰ ਗੁਰਕਰਨ ਸਿੰਘ ਵੱਲੋਂ ਲਿਆਂਦੇ ਗਏ ਕੱਪੜੇ ਦੇ ਬੈਗ ਵੀ ਤਕਸੀਮ ਕੀਤੇ। ਮੈਰਾਥਨ ਮੌਕੇ ਇੰਪਰੂਵਮੈਂਟ ਟਰਸਟ ਪਟਿਆਲਾ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਕਰਨਲ ਜੇ.ਵੀ. ਸਿੰਘ, ਐਸ.ਡੀ.ਐਮ. ਅਰਵਿੰਦ ਕੁਮਾਰ ਵੀ ਮੌਜੂਦ ਸਨ। ਬੀ.ਡੀ.ਪੀ.ਓਜ ਸੁਖਵਿੰਦਰ ਸਿੰਘ ਟਿਵਾਣਾ ਤੇ ਬਲਬੀਤ ਸਿੰਘ ਸੋਹੀ ਸਮੇਤ ਜ਼ਿਲ੍ਹਾ ਸੈਨੀਟੇਸ਼ਨ ਅਫ਼ਸਰ ਇੰਜ. ਵਿਪਨ ਸਿੰਗਲਾ ਦੀ ਅਗਵਾਈ ਹੇਠ ਏ.ਡੀ.ਐਸ.ਓ. ਵਿਨੋਦ ਕੁਮਾਰ, ਸੀ.ਡੀ.ਐਸ. ਸੇਵੀਆ ਸ਼ਰਮਾ, ਆਈ.ਈ.ਸੀ. ਵੀਰਪਾਲ ਦੀਕਸ਼ਿਤ, ਸੀ.ਡੀ.ਐਸ. ਸੀਮਾ ਸੋਹਲ, ਅਮਨਦੀਪ ਕੌਰ, ਅਭੀਦੀਪ ਸਿੰਘ, ਜੇ.ਈ. ਕੰਵਰਜੀਤ ਸਿੰਘ ਰੰਧਾਵਾ, ਬੀ.ਆਰ.ਸੀ. ਕੁਲਜਿੰਦਰ ਸਿੰਘ, ਲਵਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਰੈਲੀ ਨੂੰ ਸਫ਼ਲ ਬਣਾਉਣ ਲਈ ਅਹਿਮ ਯੋਗਦਾਨ ਪਾਇਆ। ਇਸ ਮੌਕੇ ਮੈਰਾਥਨ ਰੈਲੀ ਵਿੱਚ ਭਾਗ ਲੈਣ ਵਾਲੇ ਸਰਕਾਰੀ ਮਲਟੀਪਰਜ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨ ਸਮੇਤ ਅਗਰ ਹਰੀ ਫਾਊਂਡੇਸ਼ਨ ਦੇ ਨੁਮਾਇੰਦਿਆਂ ਅਤੇ ਬੂਟੇ ਲਾਉਣ ਵਾਲੀ ਛੋਟੀ ਬੱਚੀ ਏਕਮਜੋਤ ਕੌਰ ਤੇ ਚੰਗੀ ਸਿਹਤ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਸਾਬਕਾ ਅਧਿਆਪਕ ਸਜਨੀ ਨੂੰ ਵੀ ਸਨਮਾਨਤ ਵੀ ਕੀਤਾ ਗਿਆ। ਇਸ ਦੌਰਾਨ ਤਮਾਸ਼ਾ ਆਰਟਸ ਥੀਏਟਰ ਦੇ ਕਾਰਕੁਨਾਂ ਨੇ ਗਿੱਲਾ ਕੂੜਾ ਤੇ ਸੁੱਕਾ ਕੂੜਾ ਤੇ ਸਫ਼ਾਈ ਬਾਰੇ ਪੇਸ਼ ਕੀਤਾ ਨਾਟਕ ਅਤੇ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਵਿਖੇ ਬਣਾਇਆ ਸਵੱਛਤਾ ਬਾਰੇ ਸੈਲਫ਼ੀ ਪੁਆਇੰਟ ਖਿੱਚ ਦਾ ਕੇਂਦਰ ਬਣਿਆ।

# ਅਮਨ ਕਾਨੂੰਨ ਦੀ ਵਿਗੜਦੀ ਸਥਿਤੀ ਨੂੰ ਲੈ ਕੇ ਕਾਂਗਰਸੀਆ ਨੇ ਧਰਨਾ ਲਗਾਇਆ

**ਧੂਰੀ, 18 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸੱਦੇ ਤੇ 'ਤੇ ਸੂਬੇ ਵਿਚ ਅਮਨ ਕਾਨੂੰਨ ਦੀ ਵਿਗੜਦੀ ਹੋਈ ਸਥਿਤੀ ਨੂੰ ਸੁਧਾਰਣ ਅਤੇ ਆਮ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਹਲਕੇ ਦੇ ਕਾਂਗਰਸੀਆਂ ਨੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਦੀ ਅਗਵਾਈ ਹੇਠ ਸਥਾਨਕ ਡੀ.ਐਸ.ਪੀ. ਦਫ਼ਤਰ ਅੱਗੇ ਧਰਨਾ ਦਿੰਦਿਆਂ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜੀ ਕੀਤੀ।

ਹਲਕਾ ਧੂਰੀ ਦੇ ਨਿਗਰਾਨ ਰਾਜਿੰਦਰ ਸਿੰਘ ਰਾਜਾ ਬੀਰ ਕਲਾਂ ਅਤੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ੍ਹ ਸਾਬਤ ਹੋ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਅੰਦਰ ਕਾਨੂੰਨ ਦੀ ਸਥਿਤੀ ਇਸ ਹੱਦ ਤੱਕ ਵਿਗੜ ਚੁੱਕੀ ਹੈ ਕਿ ਪੰਜਾਬ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਸ਼ਰੇਆਮ ਵਿਕ ਰਿਹਾ ਹੈ ਅਤੇ ਗੈਂਗਸਟਰਾ ਵੱਲੋਂ ਸ਼ਰੇਆਮ ਗੋਲੀਆਂ ਮਾਰ ਕੇ ਫਿਰੌਤੀ ਮੰਗਣ ਦੀਆਂ ਘਟਨਾਵਾਂ ਆਮ ਹੀ ਹੋ ਰਹੀਆਂ ਹਨ ਸਰਕਾਰੀ ਦਫ਼ਤਰਾਂ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਵਿਚ ਸਰਕਾਰ ਨਾਕਾਮ ਸਾਬਿਤ ਹੋਈ ਹੈ।

ਸ਼ੁਭਮ ਸ਼ਰਮਾ ਨੇ ਧੂਰੀ ਦੀ ਗੱਲ ਕਰਦਿਆਂ ਕਿਹਾ ਕਿ ਧੂਰੀ ਵਿੱਚ ਹਰੇਕ ਵਾਰਡ ਦਾ ਬੁਰਾ ਹਾਲ ਹੈ। ਲੋਕਾਂ ਨੂੰ ਗੰਦੇ ਪਾਣੀ ਦੇ ਨਿਕਾਸ ਅਤੇ ਸ਼ੁੱਧ ਪੀਣ ਵਾਲੇ ਪਾਣੀ ਲਈ ਧਰਨੇ ਮੁਜਾਹਰੇ ਕਰਨੇ ਪੈ ਰਹੇ ਹਨ, ਜੋ ਮੁੱਖ ਮੰਤਰੀ ਹਲਕੇ ਦੇ ਲੋਕਾਂ ਦੀ ਤਰਾਸਦੀ ਹੈ।

ਉਨ੍ਹਾਂ ਕਿਹਾ ਕਿ ਆਮ ਵਰਗ ਅਤੇ ਵਪਾਰੀ ਵਰਗ ਲਈ ਆਪਣੇ ਘਰਾਂ ਅਤੇ ਬਾਹਰ ਆਪਣੇ ਕਿੱਤਿਆਂ 'ਤੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਾ ਬੇਹੱਦ ਚਿੰਤਾ ਦਾ ਵਿਸ਼ਾ ਹੈ। ਢਹਿੰਦੀ ਕਾਨੂੰਨ ਵਿਵਸਥਾ ਕਾਰਨ ਗੈਂਗਸਟਰਾਂ ਅਤੇ ਲੁਟੇਰਿਆਂ ਦੇ ਹੌਂਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਲੋਕਾਂ ਨੂੰ ਉਹਨਾਂ ਦੇ ਘਰਾਂ ਵਿੱਚ ਵੜ ਕੇ ਮਾਰਿਆ ਜਾ ਰਿਹਾ ਹੈ, ਜਿਸ ਕਾਰਨ ਆਮ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ। ਸਭ ਕੁਝ ਅੱਖਾਂ ਸਾਹਮਣੇ ਦੇਖਦੇ ਹੋਏ ਵੀ ਸੂਬੇ ਦਾ ਕਾਨੂੰਨ ਪ੍ਰਸ਼ਾਸਨ ਹੱਥ 'ਤੇ ਹੱਥ ਧਰ ਕੇ ਬੈਠਾ ਤਮਾਸ਼ਾ ਦੇਖ ਰਿਹਾ ਹੈ। ਆਮ ਲੋਕਾਂ ਨੂੰ ਰਾਹ ਜਾਂਦਿਆਂ ਬੰਦੂਕ ਦੀ ਨੋਕ 'ਤੇ ਲੁੱਟ ਲਿਆ ਜਾਂਦਾਂ ਹੈ ਤੇ ਵਪਾਰੀ ਵਰਗ ਨੂੰ ਫਿਰੌਤੀਆਂ ਦੀਆਂ ਧਮਕੀਆਂ ਹਰ ਰੋਜ਼ ਮਿਲ ਰਹੀਆਂ ਹਨ, ਜਿਸ ਨਾਲ ਸੂਬੇ ਦੇ ਲੋਕਾਂ ਦਾ ਜੀਵਨ ਡਰ ਦੇ ਮਾਹੌਲ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਇਸ ਪਾਸੇ ਕੋਈ ਠੋਸ ਕਦਮ ਚੁੱਕਿਆ ਜਾਵੇ ਤਾਂ ਜੋ ਆਮ ਲੋਕ ਆਪਣਾ ਜੀਵਨ ਬਿਨ੍ਹਾ ਕਿਸੇ ਡਰ-ਭੈਅ ਤੋਂ ਬਤੀਤ ਕਰ ਸਕਣ।

ਇਸ ਮੌਕੇ ਲਖਵੀਰ ਸਿੰਘ ਬਮਾਲ, ਸਤੀਸ਼ ਜਿੰਦਲ (ਦੋਵੇਂ ਬਲਾਕ ਪ੍ਰਧਾਨ), ਨਰੇਸ਼ ਕੁਮਾਰ ਮੰਗੀ, ਤਰਸੇਮ ਤਲਵਾੜ, ਪ੍ਰਦੀਪ ਸਿੰਘ ਗਗਨ ਪ੍ਰਧਾਨ ਯੂਥ ਵਿੰਗ, ਅੰਮ੍ਰਿਤ ਬਰਾੜ ਕਾਂਝਲਾ, ਲਖਵਿੰਦਰ ਕੁਮਾਰ ਰੰਚਣਾਂ, ਕੌਂਸਲਰ ਰਾਜੀਵ ਚੌਧਰੀ, ਮਹਾਂਵੀਰ ਸਿੰਘ, ਭੋਲਾ ਪੁੰਨਾਵਾਲ ਅਤੇ ਸੋਨੀ ਆਦਿ ਵੀ ਹਾਜਰ ਸਨ।

# ਅਕਾਲੀ ਦਲ ਨੂੰ ਖ਼ਤਮ ਕਰਨ ਦੇ ਮਨਸੂਬੇ ਸਫ਼ਲ ਨਹੀਂ ਹੋਣਗੇ: ਭੂੰਦੜ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਪਰ ਵਿਰੋਧੀਆਂ ਦੇ ਮਨਸੂਬੇ ਕਦੇ ਵੀ ਸਫ਼ਲ ਨਹੀਂ ਹੋਣਗੇ। ਉਨ੍ਹਾਂ ਅੱਜ ਇੱਥੋਂ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮਨਾਈ ਜਾਣ ਵਾਲ਼ੀ ਜਨਮ ਸ਼ਤਾਬਦੀ ਸਬੰਧੀ ਤਿਆਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਵਾਪਰੀਆਂ ਬੇਅਦਬੀਆਂ ਦੀਆਂ ਘਟਨਾਵਾਂ ਮੰਦਭਾਗੀਆਂ ਸਨ ਪਰ ਇਨ੍ਹਾਂ ਦਾ ਸਿਆਸੀਕਰਨ ਕਰ ਕੇ ਸਾਜ਼ਿਸ਼ ਤਹਿਤ ਅਕਾਲੀ ਦਲ ਦੀ ਬਦਨਾਮੀ ਕੀਤੀ ਗਈ ਹੈ ਪਰ ਉਸ ਤੋਂ ਬਾਅਦ ਦੀਆਂ ਘਟਨਾਵਾਂ ਬਾਰੇ ਅਖੌਤੀ ਪੰਥਕ ਆਗੂਆਂ ਨੇ ਚੁੱਪ ਧਾਰ ਲਈ ਹੈ। ਹੁਣ ਸੁਧਾਰ ਲਹਿਰ ਦੇ ਨਾਮ ਹੇਠਾਂ ਵੀ ਇਹ ਅਖੌਤੀ ਆਗੂ ਅਕਾਲੀ ਦਲ ਦੀ ਬਦਨਾਮੀ ਕਰਨ 'ਤੇ ਤੁਲੇ ਹੋਏ ਹਨ।


ਬਲਵਿੰਦਰ ਸਿੰਘ ਭੂੰਦੜ ਦਾ ਸਨਮਾਨ ਕਰਦੇ ਹੋਏ ਅਕਾਲੀ ਆਗੂ।

ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਪ੍ਰੋਗਰਾਮ ਬਾਰੇ ਜਾਣੂ ਕਰਵਾਇਆ। ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਐੱਨਕੇ ਸ਼ਰਮਾ ਨੇ ਕਿਹਾ ਕਿ ਇਸ ਸਮਾਗਮ ਜ਼ਰੀਏ ਪੰਥ ਦੇ ਅਮੀਰ ਇਤਿਹਾਸਕ ਵਿਰਸੇ ਤੇ ਪੰਥਕ ਸ਼ਖਸੀਅਤਾਂ ਵੱਲੋਂ ਪੰਥ ਲਈ ਪਾਏ ਯੋਗਦਾਨ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂਖੰਨਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਝਿੰਜਰ, ਸਾਬਕਾ ਵਿਧਾਇਕ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਗੁਰਚਰਨ ਗਰੇਵਾਲ, ਸੁਰਜੀਤ ਗੜ੍ਹੀ ਤੇ ਜਸਮੇਰ ਲਾਛੜੂ (ਤਿੰਨੋਂ ਸ਼੍ਰੋਮਣੀ ਕਮੇਟੀ ਮੈਂਬਰ), ਅਮਰਿੰਦਰ ਬਜਾਜ, ਦਰਬਾਰਾ ਸਿੰਘ ਗੁਰੂ, ਕਬੀਰਦਾਸ, ਮੱਖਣ ਲਾਲਕਾ, ਵਿੰਨਰਜੀਤ ਗੋਲਡੀ, ਲਖਬੀਰ ਸਿੰਘ, ਅੰਮ੍ਰਿਤਪਾਲ ਲੰਗ ਤੇ ਅਮਿਤ ਰਾਠੀ ਆਦਿ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਕ੍ਰਿਸ਼ਨ ਸਨੌਰ, ਹਰਮਿੰਦਰ ਜੋਗੀਪੁਰ, ਸੁਖਵਿੰਦਰਪਾਲ ਮਿੰਟਾ, ਅਮਰਜੀਤ ਪੰਜਰਥ, ਮਨਮਿੰਦਰ ਬਿੱਲਾ, ਮਨਪ੍ਰੀਤ ਚੱਢਾ, ਗੁਰਵਿੰਦਰ ਧੀਮਾਨ, ਜਗਰੂਪ ਚੀਮਾ, ਮਨਜੀਤ ਚਹਿਲ, ਜਸਪਾਲ ਕੌਰ ਬਾਰਨ, ਹਰਫੂਲ ਭੰਗੂ, ਮੋਹਣੀ ਭਾਂਖਰ ਤੇ ਗੋਪਾਲ ਸਿੰਗਲਾ ਸਮਾਣਾ ਆਦਿ ਵੀ ਮੌਜੂਦ ਸਨ।

# ਮਹਿਲਾ ਅਧਿਕਾਰੀਆਂ ਨੇ ਸੰਭਾਲੀ ਪਟਿਆਲਾ ਦੀ ਕਮਾਨ

## ਹਰ ਸਮਾਗਮ 'ਚ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੀਆਂ ਨੇ ਮਹਿਲਾ ਅਧਿਕਾਰੀ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੇ ਪਟਿਆਲਾ ਦੇ ਪ੍ਰਸ਼ਾਸਨ ਦੀ ਕਮਾਨ ਹੁਣ ਔਰਤਾਂ ਦੇ ਹਵਾਲੇ ਕੀਤੀ ਹੈ। ਹੁਣ ਪਟਿਆਲਾ ਦੇ ਹਰ ਸਰਕਾਰੀ ਸਮਾਗਮ ਦਾ ਪ੍ਰਬੰਧ ਮਹਿਲਾ ਅਧਿਕਾਰੀ ਕਰਦੀਆਂ ਹਨ ਅਤੇ ਲੋਕਾਂ ਦੀਆਂ ਮੁਸ਼ਕਲਾਂ ਵੀ ਮਹਿਲਾ ਅਧਿਕਾਰੀ ਹੀ ਸੁਣ ਕੇ ਹੱਲ ਕਰ ਰਹੀਆਂ ਹਨ। ਪਟਿਆਲਾ ਦੇ ਮੁੱਖ ਪ੍ਰਸ਼ਾਸਨਿਕ ਅਹੁਦੇ ਡਿਪਟੀ ਕਮਿਸ਼ਨਰ ਦਾ ਅਹੁਦਾ ਵੀ ਇਕ ਮਹਿਲਾ ਪ੍ਰੀਤੀ ਯਾਦਵ ਨੇ ਸੰਭਾਲ ਲਿਆ ਹੈ।




ਪਟਿਆਲਾ ਦੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਰੁਪਿੰਦਰਜੀਤ ਚਾਹਲ ਨਿਆਂ ਪ੍ਰਣਾਲੀ ਦਾ ਕੰਮ ਸੰਭਾਲ ਰਹੇ ਹਨ। ਇਸ ਮਗਰੋਂ ਹੁਣ ਪਟਿਆਲਾ ਵਿੱਚ ਬਹੁਤ ਗਿਣਤੀ ਔਰਤਾਂ ਹੀ ਪ੍ਰਸ਼ਾਸਨ ਦਾ ਕਾਰਜ ਸੰਭਾਲ ਰਹੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਆਈਏਐੱਸ ਪ੍ਰੀਤੀ ਯਾਦਵ ਨੇ ਅਹੁਦਾ ਸੰਭਾਲਿਆ ਹੈ। ਇਸ ਤੋਂ ਪਹਿਲਾਂ ਏਡੀਸੀ ਜਨਰਲ ਕੰਚਨ, ਏਡੀਸੀ ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਨਗਰ ਨਿਗਮ ਸੰਯੁਕਤ ਕਮਿਸ਼ਨਰ ਤੇ ਸੀਏ ਪੁੱਡਾ ਮਨੀਸ਼ਾ ਰਾਣਾ ਆਈਏਐੱਸ, ਏਸੀਏ ਪੀਡੀਏ ਜਸ਼ਨਪ੍ਰੀਤ ਕੌਰ, ਈਓ ਪੁੱਡਾ ਤੇ ਆਰਟੀਓ ਦੀਪ ਜੋਤ ਕੌਰ, ਜ਼ਿਲ੍ਹਾ ਪਰਿਸ਼ਦ ਦੀ ਡਿਪਟੀ ਸੀਈਓ ਕਮ ਸਕੱਤਰ ਅਮਨਪ੍ਰੀਤ ਕੌਰ, ਐੱਸਡੀਐੱਮ ਸਮਾਣਾ ਰਿਚਾ ਗੋਇਲ, ਐੱਸਡੀਐੱਮ ਦੂਧਨਸਾਧਾਂ ਮਨਜੀਤ ਕੌਰ, ਐੱਸਪੀ ਸਥਾਨਕ ਹਰਬੰਤ ਕੌਰ (ਸਪੋਰਟਸ ਗਰਲ), ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ਾਇਨਾ ਕਪੂਰ, ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰਵਿੰਦਰ ਕੌਰ, ਡੀਐੱਫਓ ਵਿਦਿਆ ਸਾਗਰੀ, ਕੰਨੂ ਗਰਗ ਵਧੀਕ ਕਮਿਸ਼ਨਰ ਟੈਕਸੇਸ਼ਨ, ਆਪੋ-ਆਪਣੇ ਵਿਭਾਗ ਵਿੱਚ ਪ੍ਰਸ਼ਾਸਨਿਕ ਕੰਮ ਕਰ ਰਹੀਆਂ ਹਨ।

ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਡੀਨ ਅਕਾਦਮਿਕ ਮਾਮਲੇ ਦੇ ਅਹੁਦੇ 'ਤੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਤਾਇਨਾਤ ਹਨ, ਜੋ ਵੀਸੀ ਦੀ ਗੈਰਹਾਜ਼ਰੀ ਵਿਚ ਵੀਸੀ ਦੀਆਂ ਤਾਕਤਾਂ ਦੀ ਵਰਤੋਂ ਕਰਨ ਦੇ ਸਮਰੱਥ ਹੈ।

# ਜੱਸਾ ਵਾਡੋਵਾਲ ਨੇ ਜਿੱਤੀ ਝੰਡੀ ਦੀ ਕੁਸ਼ਤੀ



ਦੇਵੀਗੜ੍ਹ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਅਰਨੌਲੀ ਭਾਈਕੀ ਵਿੱਚ ਗੁੱਗਾ ਪੀਰ ਦੀ ਯਾਦ ਵਿਚ ਗੁੱਗਾ ਮੈੜੀ ਪ੍ਰਬੰਧਕ ਕਮੇਟੀ ਵੱਲੋਂ ਨਗਰ ਅਤੇ ਐੱਨਆਰਆਈਜ਼ ਦੇ ਸਹਿਯੋਗ ਨਾਲ ਕਰਵਾਇਆ ਗਿਆ ਨੌਵਾਂ ਕੁਸ਼ਤੀ ਦੰਗਲ ਯਾਦਗਾਰੀ ਹੋ ਨਿਬੜਿਆ। ਇਸ ਕੁਸ਼ਤੀ ਦੰਗਲ ਵਿੱਚ ਪੰਜਾਬ, ਹਰਿਆਣਾ ਦੇ ਨਾਮੀ ਪਹਿਲਵਾਨਾਂ ਦੇ ਛਿੰਝ ਮੁਕਾਬਲੇ ਕਰਵਾਏ ਗਏ। ਪਹਿਲਵਾਨ ਵੱਡਾ ਜੱਸਾ ਵਾਡੋਵਾਲ ਨੇ ਕੁਲਵਿੰਦਰ ਭੁੱਟਾ ਨੂੰ ਹਰਾ ਕੇ 51 ਹਜ਼ਾਰ ਝੰਡੀ ਦੀ ਕੁਸ਼ਤੀ ਜਿੱਤੀ। ਗੁੱਗਾ ਮੈੜੀ ਪ੍ਰਬੰਧਕਾਂ ਵੱਲੋਂ ਅਗਲੇ ਸਾਲ ਕੁਸ਼ਤੀ ਦੰਗਲ ਨੂੰ ਵੱਡੇ ਪੱਧਰ 'ਤੇ ਕਰਵਾਉਣ ਦਾ ਐਲਾਨ ਕੀਤਾ ਗਿਆ।

ਇਸ ਮੌਕੇ ਭਗਤ ਗੁਰਮੇਲ ਸਿੰਘ, ਭਗਤ ਜੋਰਾ ਸਿੰਘ, ਭਗਤ ਬਲਦੇਵ ਸਿੰਘ ਅਤੇ ਗੁੱਗਾ ਮੈੜੀ ਪ੍ਰਬੰਧਕ ਕਮੇਟੀ ਨੇ ਸਹਿਯੋਗ ਦੇਣ ਤੇ ਸਮੁੱਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਰਤਨ ਨਾਥ, ਸਤਪਾਲ ਸਿੰਘ ਪੂਨੀਆਂ, ਹੈੱਡ ਗ੍ਰੰਥੀ ਹਰਵਿੰਦਰ ਸਿੰਘ, ਭਗਤ ਗੁਰਮੇਲ ਸਿੰਘ, ਭਗਤ ਜੋਰਾ ਸਿੰਘ, ਭਗਤ ਬਲਦੇਵ ਸਿੰਘ, ਜਸਵਿੰਦਰ ਸਿੰਘ ਲਾਲੀ ਪ੍ਰਧਾਨ, ਹਰਜਿੰਦਰ ਸਿੰਘ, ਮੀਹਾਂ ਸਿੰਘ, ਸਰਪੰਚ ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਰਾਜਿੰਦਰ ਸਿੰਘ, ਤੇਜਿੰਦਰ ਸਿੰਘ, ਸਮਸ਼ੇਰ ਸਿੰਘ, ਕਮਲ ਪ੍ਰੀਤ ਸਿੰਘ, ਜਸਪਾਲ ਸਿੰਘ, ਭਗਵੰਤ ਸਿੰਘ, ਹਰਿੰਦਰ ਸਿੰਘ ਤੇ ਗੁਰਮੀਤ ਸਿੰਘ ਮੌਜੂਦ ਸਨ।

# ਮੁਲਾਜ਼ਮ ਮੰਗਾਂ ਪ੍ਰਤੀ ਟਾਲ-ਮਟੋਲ ਦੀ ਨੀਤੀ ਤਿਆਗੇ ਸਰਕਾਰ: ਚਹਿਲ

## ਪਾਵਰਕੌਮ ਅਤੇ ਟਰਾਂਸਕੋ ਦੇ ਪੈਨਸ਼ਨਰਾਂ ਵੱਲੋਂ ਮੰਗਾਂ ਸਬੰਧੀ ਵਿਚਾਰ-ਚਰਚਾ

ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫਿਸ ਯੂਨਿਟ ਪਟਿਆਲਾ ਦੀ ਮੀਟਿੰਗ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿੱਚ ਪ੍ਰਧਾਨ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ।



ਇੰਜ: ਹਰਜੀਤ ਸਿੰਘ ਸਕੱਤਰ ਨੇ ਸੂਬਾ ਪੱਧਰ 'ਤੇ ਪੰਜਾਬ ਸਰਕਾਰ ਅਤੇ ਪਾਵਰਕੌਮ ਵਿਰੁੱਧ ਮੁਲਾਜ਼ਮਾਂ ਅਤੇ ਪੈਨਸ਼ਨਰਜ ਦੇ ਸਾਂਝੇ ਫਰੰਟਾਂ ਵੱਲੋਂ ਕੀਤੇ ਸੰਘਰਸ਼ਾਂ ਬਾਰੇ ਅਤੇ ਪਿਛਲੇ ਦਿਨੀਂ ਸੈਕਟਰ-39 ਚੰਡੀਗੜ੍ਹ ਵਿੱਚ ਹੋਈ ਰੈਲੀ ਬਾਰੇ ਦੱਸਿਆ। ਮੀਟਿੰਗ ਵਿੱਚ ਇੰਜ. ਸੰਤੋਖ ਸਿੰਘ ਸੂਬਾ ਆਫਿਸ ਸਕੱਤਰ, ਗੱਜਣ ਸਿੰਘ ਸੂਬਾ ਪ੍ਰੈੱਸ ਸਕੱਤਰ, ਬੀਬੀ ਹਰਸ਼ਰਨਜੀਤ ਕੌਰ ਕਾਰਜਕਾਰੀ ਮੈਂਬਰ ਸੂਬਾ ਕਮੇਟੀ, ਵਿਪਨ ਕੁਮਾਰ ਸਕੱਤਰ ਪਟਿਆਲਾ ਸਰਕਲ ਤੇ ਮਲਕੀਅਤ ਸਿੰਘ ਸਰਪ੍ਰਸਤ ਹੈੱਡ ਆਫਿਸ ਯੂਨਿਟ ਨੇ 'ਆਪ' ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਦੇ ਕੇ ਮੁਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਦੇ ਆਗੂਆਂ ਵਿਰੁੱਧ ਚੰਡੀਗੜ੍ਹ ਵਿੱਚ ਐੱਫਆਈਆਰ ਦਰਜ ਕਰਨ ਦੀ ਅਲੋਚਨਾ ਕਰਦਿਆਂ ਨਿਖੇਧੀ ਮਤਾ ਪਾਸ ਕੀਤਾ।

ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਟਾਲ-ਮਟੋਲ ਦੀ ਨੀਤੀ ਨੂੰ ਛੱਡ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ 2.59 ਦਾ ਫੈਕਟਰ, ਡੀਏ ਦੀਆਂ ਪੈਂਡਿੰਗ ਕਿਸ਼ਤਾਂ, ਪੇਅ-ਕਮਿਸ਼ਨ ਤੇ ਡੀਏ ਦੇ ਬਕਾਏ ਜਲਦੀ ਜਾਰੀ ਕੀਤੇ ਜਾਣ। ਭਿੰਦਰ ਸਿੰਘ ਚਹਿਲ ਨੇ ਪ੍ਰਧਾਨਗੀ ਭਾਸ਼ਣ ਵਿੱਚ ਜਾਣੂ ਕਰਵਾਇਆ ਕਿ ਕੈਗ ਰਿਪੋਰਟ ਨੇ ਪੰਜਾਬ ਸਰਕਾਰ ਦੇ ਕੱਚੇ ਚਿੱਠੇ ਖੋਲ੍ਹ ਕੇ ਰੱਖ ਦਿੱਤੇ ਹਨ ਪਰ ਵਿਰੋਧੀ ਧਿਰਾਂ ਮੌਨਸੂਨ ਸ਼ੈਸ਼ਨ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਮ ਲੋਕਾਂ ਦੇ ਮੁੱਦੇ ਉਠਾਉਣ ਵਿੱਚ ਫੇਲ੍ਹ ਰਹੀਆਂ।

# ਨਵੇਂ ਫ਼ੌਜਦਾਰੀ ਕਾਨੂੰਨ ਰੱਦ ਕਰਵਾਉਣ ਲਈ ਸੰਘਰਸ਼ ਵਿੱਢਣ ਦਾ ਸੱਦਾ

## ਪ੍ਰੋ. ਸ਼ੇਖ ਹੁਸੈਨ ਤੇ ਅਰੁੰਧਤੀ ਰਾਏ ਖ਼ਿਲਾਫ਼ ਦਰਜ ਯੂਏਪੀਏ ਦੀ ਨਿਖੇਧੀ; ਜਮਹੂਰੀ ਹੱਕਾਂ ਦੀ ਬਹਾਲੀ ਲਈ ਸਰਬਸੰਮਤੀ ਨਾਲ ਮਤੇ ਪਾਸ



ਪਟਿਆਲਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਮਹੂਰੀ ਅਧਿਕਾਰ ਸਭਾ ਪਟਿਆਲਾ ਤੇ ਤਰਕਸ਼ੀਲ ਸੁਸਾਇਟੀ ਪਟਿਆਲਾ ਜ਼ੋਨ ਵੱਲੋਂ ਪ੍ਰਭਾਤ ਪਰਵਾਨਾ ਹਾਲ ਵਿੱਚ ਸਾਂਝੀ ਕਨਵੈਨਸ਼ਨ ਕਰਵਾਈ ਗਈ। ਕਨਵੈਨਸ਼ਨ ਦਾ ਮੁੱਖ ਵਿਸ਼ਾ ਤਿੰਨ ਫ਼ੌਜਦਾਰੀ ਕਾਨੂੰਨਾਂ ਬਾਰੇ ਜਾਣਕਾਰੀ ਦੇਣਾ ਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਤੇ ਅਰੁੰਧਤੀ ਰਾਏ ਖ਼ਿਲਾਫ਼ ਯੂਏਪੀਏ ਰੱਦ ਕਰਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣਾ ਸੀ।

ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਰਣਜੀਤ ਸਿੰਘ ਘੁੰਮਣ, ਅਕਸ਼ੈ ਕੁਮਾਰ, ਤਰਸੇਮ ਲਾਲ ਅਤੇ ਵਿਧੂ ਸ਼ੇਖਰ ਭਾਰਦਵਾਜ ਸ਼ਾਮਲ ਹੋਏ, ਜਦਕਿ ਮੁੱਖ ਬੁਲਾਰੇ ਵਜੋਂ ਹਾਈਕੋਰਟ ਦੇ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਅਤੇ ਐਡਵੋਕੇਟ ਰਾਜੀਵ ਕੁਮਾਰ ਲੋਹਟਬੱਦੀ ਨੇ ਸ਼ਿਰਕਤ ਕੀਤੀ। ਐਡਵੋਕੇਟ ਬੈਂਸ ਨੇ ਕਿਹਾ ਕਿ ਨਵੇਂ ਫ਼ੌਜਦਾਰੀ ਕਾਨੂੰਨਾਂ ਵਿੱਚ ਕੁਝ ਵੀ ਨਵਾਂ ਨਹੀਂ ਹੈ, ਸਗੋਂ ਇਹ ਅੰਗਰੇਜ਼ ਰਾਜ ਦੇ ਪੁਰਾਣੇ ਕਾਨੂੰਨ ਹੀ ਹਨ ਜਿਹੜੇ ਲੋਕਾਂ 'ਤੇ ਜ਼ੁਲਮ ਢਾਹੁਣ ਲਈ ਸਨ। ਐਡਵੋਕੇਟ ਰਾਜੀਵ ਕੁਮਾਰ ਲੋਹਟਬੱਦੀ ਨੇ ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਦਾ ਸਖਤ ਵਿਰੋਧ ਕਰਨ ਦੀ ਅਪੀਲ ਕੀਤੀ। ਕਨਵੈਨਸ਼ਨ ਦੇ ਅੰਤ ਵਿੱਚ ਸੂਬਾ ਵਿੱਤ ਸਕੱਤਰ ਤਰਸੇਮ ਲਾਲ ਗੋਇਲ ਤਰਫ਼ੋਂ ਪੇਸ਼ ਕੀਤੇ ਮਤੇ ਸਮੂਹ ਹਾਜ਼ਰ ਲੋਕਾਂ ਨੇ ਸਰਬ ਸੰਮਤੀ ਨਾਲ ਪਾਸ ਕੀਤੇ।

ਮਤਿਆਂ ਵਿੱਚ ਤਿੰਨ ਫ਼ੌਜਦਾਰੀ ਕਾਨੂੰਨ ਰੱਦ ਕਰਨਾ, ਪ੍ਰੋ. ਸ਼ੇਖ ਹੁਸੈਨ ਤੇ ਅਰੁੰਧਤੀ ਰਾਏ 'ਤੇ ਲਾਇਆ ਯੂਏਪੀਏ ਵਾਪਸ ਕਰਨਾ, ਐੱਨਆਈਏ ਤਹਿਤ ਕਾਰਵਾਈ ਰੋਕਣਾ ਤੇ ਗ੍ਰਿਫ਼ਤਾਰ ਕੀਤੇ ਆਗੂਆਂ ਦੀ ਤੁਰੰਤ ਰਿਹਾਈ, ਭੀਮਾ ਕੋਰਾ ਗਾਓਂ ਦੇ ਨਾਮ 'ਤੇ ਬੰਦੀ ਲੋਕਾਂ ਦੀ ਰਿਹਾਈ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਆਦਿਵਾਸੀਆਂ ਦਾ ਉਜਾੜਾ ਰੋਕ ਕੇ ਉਨ੍ਹਾਂ ਦੇ ਰੈਣ ਬਸੇਰੇ ਦਾ ਅਧਿਕਾਰ ਦੀ ਬਹਾਲੀ, ਵਕਫ ਸੋਧ ਤੇ ਡਿਜ਼ੀਟਲ ਮੀਡੀਆ ਤੇ ਕੰਟਰੋਲ ਕਾਨੂੰਨਾਂ ਦੀ ਵਾਪਸੀ, ਕਸ਼ਮੀਰ ਤੇ ਮਨੀਪੁਰ ਵਿਚ ਇੰਟਰਨੈੱਟ ਸੇਵਾਵਾਂ ਬੰਦ ਕਰਨ ਦੀ ਸਖਤ ਨਿਖੇਧੀ, ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਵਿਚ ਜੰਗਬੰਦੀ ਤੇ ਉਨਾਂ ਦੇ ਖਿੱਤੇ ਦੀ ਬਹਾਲੀ, ਰਾਜਾਂ ਨੂੰ ਵੱਧ ਅਧਿਕਾਰ ਦੇਣ ਅਤੇ ਸੰਘੀ ਢਾਂਚੇ ਤਹਿਤ ਰਾਜਾਂ ਦੇ ਹੱਕਾਂ ਦੀ ਬਹਾਲੀ ਸ਼ਾਮਲ ਸਨ। ਕਨਵੈਨਸ਼ਨ ਵਿੱਚ ਜਗਮੋਹਨ ਸਿੰਘ, ਅਵਤਾਰ ਸਿੰਘ ਕੌਰਜੀਵਾਲਾ, ਰਾਮਿੰਦਰ ਸਿੰਘ ਪਟਿਆਲਾ, ਬਲਰਾਜ ਜੋਸ਼ੀ, ਸੁੱਚਾ ਸਿੰਘ ਚੀਮਾ, ਰਾਮ ਸਿੰਘ ਮਟੋਰਡਾ, ਦਵਿੰਦਰ ਸਿੰਘ ਪੂਨੀਆ, ਅਮਨ ਦਿਓਲ, ਧਰਮਪਾਲ ਨੂਰਖੇੜੀਆਂ, ਹਰਪਰੀਤ ਸਿੰਘ, ਅਮਨਦੀਪ ਖਿਓਵਾਲੀ, ਦਵਿੰਦਰ ਸਿੰਘ ਛਬੀਲਪੁਰ, ਬਲਵਿੰਦਰ ਚਾਹਲ, ਸਿਰੀਨਾਥ, ਕੁਲਜੀਤ ਕੌਰ, ਅਰਵਿੰਦਰ ਕਾਕੜਾ, ਗੁਰਦਾਸ ਸਿੰਘ, ਲਸ਼ਕਰ ਸਿੰਘ, ਰਾਮ ਸਿੰਘ ਬੰਗ ਅਤੇ ਗੁਰਜੀਤ ਸਿੰਘ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਵਿਧੂ ਸ਼ੇਖਰ ਭਾਰਦਵਾਜ ਨੇ ਨਿਭਾਈ। ਅਕਸ਼ੈ ਕੁਮਾਰ ਨੇ ਸਭ ਦਾ ਧੰਨਵਾਦ ਕੀਤਾ। ਇਸ ਉਪਰੰਤ ਖੰਡਾ ਚੌਕ ਤੱਕ ਮਾਰਚ ਕੀਤਾ ਗਿਆ।

# ਅਰਵਿੰਦ ਕੇਜਰੀਵਾਲ ਦਾ ਅਸਤੀਫਾ ਉਹਨਾਂ ਦੇ ਸਿਧਾਂਤਾਂ 'ਤੇ ਚੱਲਣ ਵਾਲੇ ਵਿਅਕਤੀ ਹੋਣ ਦਾ ਸਬੂਤ: ਲਾਲ ਚੰਦ ਕਟਾਰੂਚੱਕ

ਚੰਡੀਗੜ੍ਹ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅਸਤੀਫਾ ਦੇਣ ਦਾ ਫੈਸਲਾ ਇਹ ਸਾਬਤ ਕਰਦਾ ਹੈ ਕਿ ਉਹ ਇੱਕ ਇਮਾਨਦਾਰ ਵਿਅਕਤੀ ਹਨ ਅਤੇ ਜ਼ਿੰਦਗੀ ਵਿੱਚ ਨੈਤਿਕਤਾ ਅਤੇ ਸਿਧਾਂਤਾਂ ਨੂੰ ਸਭ ਤੋਂ ਉੱਪਰ ਰੱਖਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਖੁਰਾਕ, ਸਿਵਲ ਸਪਲਾਈ, ਖ਼ਪਤਕਾਰ ਮਾਮਲੇ ਅਤੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਇੱਕ ਸਮਰਪਿਤ ਆਗੂ ਹਨ ਜਿਨ੍ਹਾਂ ਨੇ ਬਿਨਾਂ ਕਿਸੇ ਭੇਦਭਾਵ ਅਤੇ ਡਰ ਤੋਂ ਸਮਾਜ ਦੇ ਹਰ ਵਰਗ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਨੂੰ ਜਨਤਾ ਦਾ ਨੁਮਾਇੰਦਾ ਦੱਸਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਅਜਿਹੀਆਂ ਧਮਕੀ ਭਰੀਆਂ ਚਾਲਾਂ ਅਰਵਿੰਦ ਕੇਜਰੀਵਾਲ ਦੀ ਨਿਡਰਤਾ ਨੂੰ ਦਬਾ ਨਹੀਂ ਸਕਦੀਆਂ।



ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਲਈ ਭਾਜਪਾ ਦੀ ਸਖ਼ਤ ਆਲੋਚਨਾ ਕਰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਅਜਿਹੀਆਂ ਦਬਾਅ ਪਾਉਣ ਵਾਲੀਆਂ ਚਾਲਾਂ ਲੋਕਤੰਤਰ ਦੇ ਨਾਮ 'ਤੇ ਕਲੰਕ ਅਤੇ ਸੰਵਿਧਾਨਕ ਭਾਵਨਾ ਅਤੇ ਕਦਰਾਂ-ਕੀਮਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹਨ।

# 6 ਪਿੰਡਾਂ ਦੀ ਕੋਪਰੇਟਿਵ ਸੁਸਾਇਟੀ ਸੋਸਾਇਟੀ ਦੀ ਸਰਬ ਸੰਮਤੀ ਨਾਲ ਹੋਈ ਚੋਣ



ਨਾਭਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਨਾਭਾ ਦੇ ਸਾਰੇ ਪਿੰਡਾਂ ਵਿੱਚ ਹੋ ਰਹੀਆਂ ਚੋਣਾਂ ਵਿੱਚ ਜਿਆਦਾਤਰ ਪਿੰਡਾਂ ਵਿੱਚ ਸੁਸਾਇਟੀ ਦੀਆਂ ਚੋਣਾਂ ਵਿੱਚ ਸਰਬ ਸੰਮਤੀ ਨਾਲ ਚੋਣਾਂ ਹੋ ਰਹੀ ਹਨ ਜਿਸ ਨਾਲ ਆਪਸੀ ਭਾਈਚਾਰਕ ਸਾਂਝ ਵੱਧਦੀ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਆਪਣੇ ਦਫਤਰ ਵਿਖੇ 6 ਪਿੰਡਾਂ ਦੀ ਕੋਆਪਰੇਟਿਵ ਸੁਸਾਇਟੀ ਕੋਟ ਕਲਾਂ ਦੀ ਸਰਬ ਸੰਮਤੀ ਨਾਲ ਹੋਈ ਚੋਣ ਉਪਰੰਤ ਨਵੇਂ ਅਹੁਦੇਦਾਰਾਂ ਦਾ ਸਨਮਾਨ ਕਰਨਾ ਉਪਰੰਤ ਕੀਤਾ।

ਨਵੇਂ ਚੁਣੇ ਆਹੁਦੇਦਾਰ ਵਿੱਚ ਪ੍ਰਧਾਨ ਗੁਰਲਾਲ ਸਿੰਘ ਮੱਲ੍ਹੀ, ਮੀਤ ਪ੍ਰਧਾਨ ਰਣਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਇੰਦਰ ਸਿੰਘ, ਚੌਂਕ ਦਾ ਅਧਿਕਾਰ ਜੀਵਨ ਸਿੰਘ, ਸਲਾਹਕਾਰ ਗੁਰਮੀਤ ਕੌਰ, ਮੈਂਬਰ ਗੁਰਨੈਬ ਸਿੰਘ, ਮੈਂਬਰ ਸੁਦਾਗਰ ਸਿੰਘ, ਧੰਨ ਸਿੰਘ ਮੈਂਬਰ, ਨਰਿੰਦਰ ਕੌਰ ਮੈਂਬਰ, ਮਾਨਸਾ ਰਾਮ ਮੈਂਬਰ, ਇੰਦਰਜੀਤ ਸਿੰਘ ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ, ਅਮਨਦੀਪ ਸਿੰਘ ਬਿੱਲਾ, ਗੁਰਚਰਨ ਸਿੰਘ ਲੁਹਾਰ ਮਾਜਰਾ, ਬਲਵਿੰਦਰ ਸਿੰਘ ਘੁਮਾਣ, ਕੋਮਲ ਸਿੰਘ ਚਮਕੌਰ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸੇਖੋਂ, ਲਖਵੀਰ ਸਿੰਘ, ਜੁਝਾਰ ਸਿੰਘ, ਜੁਗਰਾਜ ਸਿੰਘ ਜੈਜ਼ੀ ਕੋਟ, ਮਨਪ੍ਰੀਤ ਸਿੰਘ ਕਾਲੀਆ, ਸੁਖਦੀਪ ਸਿੰਘ ਖਹਿਰਾ, ਭੁਪਿੰਦਰ ਕਲੇਰ ਮਜਰੀ, ਸੂਬੇਦਾਰ ਗੁਰਿੰਦਰ ਸਿੰਘ ਕੁਲਾਰਾਂ, ਮਨਜੀਤ ਸਿੰਘ ਲੱਧਾਹੇੜੀ, ਸੁਖਪ੍ਰੀਤ ਸਿੰਘ ਸੂਰਾਜਪੁਰ, ਗੁਰਜੰਟ ਸਿੰਘ ਅੱਚਲ ਅਤੇ ਹੋਰ ਆਹੁਦੇਦਾਰ ਮੌਜੂਦ ਸਨ।

# ਕੈਬਨਿਟ ਮੰਤਰੀ ਜੌੜਾਮਾਜਰਾ ਨੇ 237 ਲਾਭਪਾਤਰੀਆਂ ਨੂੰ ਕੱਚੇ ਘਰ ਪੱਕੇ ਕਰਨ ਲਈ ਗ੍ਰਾਂਟਾਂ ਵੰਡੀਆਂ


-ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਲਾਭਪਾਤਰੀਆਂ ਨੂੰ ਕੱਚੇ ਘਰਾਂ ਨੂੰ ਪੱਕੇ ਕਰਨ ਦੀਆਂ ਗ੍ਰਾਂਟਾਂ ਦੇ ਸਰਟੀਫਿਕੇਟ ਵੰਡਦੇ ਹੋਏ। ਉਨ੍ਹਾਂ ਦੇ ਨਾਲ ਗੁਰਦੇਵ ਸਿੰਘ ਟਿਵਾਣਾ ਤੇ ਹੋਰ ਪਤਵੰਤੇ ਵੀ ਨਜ਼ਰ ਆ ਰਹੇ ਹਨ।

ਸਮਾਣਾ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਇੱਥੇ ਸਮਾਣਾ ਹਲਕੇ ਦੇ 237 ਲਾਭਪਾਤਰੀਆਂ ਨੂੰ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਸਰਕਾਰ ਵੱਲੋਂ ਦਿੱਤੀ ਗ੍ਰਾਂਟ ਦੀ ਪਹਿਲੀ ਕਿਸ਼ਤ ਉਨ੍ਹਾਂ ਦੇ ਖਾਤਿਆਂ ਵਿੱਚ ਪਾਏ ਜਾਣ ਦੇ ਸਰਟੀਫਿਕੇਟ ਵੰਡੇ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰੇਕ ਵਰਗ ਦੀ ਸੱਚੀ ਹਮਦਰਦ ਹੈ।

ਮੰਤਰੀ ਜੌੜਾਮਾਜਰਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਤਹਿਤ ਲੋੜਵੰਦ ਲਾਭਪਾਤਰੀਆਂ ਦੀ ਚੋਣ ਬਿਨ੍ਹਾਂ ਕਿਸੇ ਸਿਫ਼ਾਰਿਸ਼ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ ਤਾਂ ਕਿ ਅਸਲ ਲਾਭਪਾਤਰੀਆਂ ਨੂੰ ਸਰਕਾਰ ਦੀ ਇਸ ਸਕੀਮ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚ ਸਕੇ।

ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ ਖਣਨ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੀ ਹਨ, ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਲਾਭਪਾਤਰੀਆਂ ਨੂੰ ਉਨ੍ਹਾਂ ਦਾ ਬਣਦਾ ਲਾਭ ਬਿਨ੍ਹਾਂ ਕਿਸੇ ਦੇਰੀ ਤੋਂ ਪਹੁੰਚਾਉਣਾ ਯਕੀਨੀ ਬਣਾਉਣ ਅਤੇ ਇਸ ਸਕੀਮ ਦੀ ਦੂਜੀ ਅਤੇ ਤੀਸਰੀ ਕਿਸ਼ਤ ਵੀ ਜਲਦੀ ਹੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਵੀ ਪਾ ਦਿੱਤੀ ਜਾਵੇ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਗੱਲੋਂ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਸਾਰੀਆਂ ਸਰਕਾਰੀ ਸਕੀਮਾਂ ਦਾ ਲਾਭ ਲੋੜਵੰਦਾਂ ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਪਹੁੰਚਾਇਆ ਜਾਵੇ। ਉਨ੍ਹਾਂ ਨੇ ਲਾਭਪਾਤਰੀਆਂ ਨੂੰ ਵੀ ਕਿਹਾ ਕਿ ਤੁਹਾਡਾ ਅੱਜ ਪੱਕੇ ਮਕਾਨ 'ਚ ਰਹਿਣ ਦਾ ਸੁਪਨਾ ਪੂਰਾ ਹੋਇਆ ਹੈ ਤੇ ਇਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਪਹਿਲਕਦਮੀ ਹੈ।

ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਗੁਲਜ਼ਾਰ ਸਿੰਘ, ਸੁਰਜੀਤ ਸਿੰਘ ਫੌਜੀ, ਜਤਿੰਦਰ ਝੰਡ, ਸੁਖਚੈਨ ਸਿੰਘ, ਬੀ.ਡੀ.ਪੀ.ਓ. ਅਮਰਦੀਪ ਸਿੰਘ, ਐਸ.ਈ.ਪੀ.ਓ. ਗੁਰਤੇਜ ਸਿੰਘ ਅਤੇ ਹੋਰ ਪਤਵੰਤੇ ਮੌਜੂਦ ਸਨ।

# ਜੰਮੂ-ਕਸ਼ਮੀਰ ਦਾ 33 ਕਿਲੋ ਹੈਰੋਇਨ ਬਰਾਮਦਗੀ ਮਾਮਲਾ: ਪੰਜਾਬ ਪੁਲਿਸ ਵੱਲੋਂ ਫੌਜ ਵਿੱਚੋਂ ਭਗੌੜੇ ਹੋਏ ਵਿਅਕਤੀ ਨੂੰ ਕੀਤਾ ਗ੍ਰਿਫ਼ਤਾਰ, 12.5 ਕਿਲੋ ਹੈਰੋਇਨ ਬਰਾਮਦ

ਚੰਡੀਗੜ੍ਹ/ਜਲੰਧਰ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਦੌਰਾਨ ਸਰਹੱਦ ਪਾਰੋਂ ਚੱਲ ਰਹੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਕਰਾਰੀ ਸੱਟ ਮਾਰਦਿਆਂ ਕਾਊਂਟਰ ਇੰਟੈਲੀਜੈਂਸ ਜਲੰਧਰ ਵੱਲੋਂ ਪਾਕਿਸਤਾਨ ਅਧਾਰਿਤ ਹੈਰੋਇਨ ਤਸਕਰੀ ਦੇ ਰੈਕੇਟ ਨਾਲ ਸਬੰਧਤ ਮੁੱਖ ਸਰਗਨਾ ਤੇ ਫੌਜ ਵਿੱਚੋਂ ਭਗੌੜੇ ਅੰਮ੍ਰਿਤਪਾਲ ਸਿੰਘ ਉਰਫ਼ ਫੌਜੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 12.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਜ਼ਿਕਰਯੋਗ ਹੈ ਕਿ ਤਰਨਤਾਰਨ ਦੇ ਪਿੰਡ ਕਸੇਲ ਦਾ ਰਹਿਣ ਵਾਲਾ ਮੁਲਜ਼ਮ ਅੰਮ੍ਰਿਤਪਾਲ ਸਿੰਘ ਫੌਜੀ ਅਗਸਤ 2024 ਤੋਂ ਭਗੌੜਾ ਸੀ, ਜਦੋਂ ਉਸ ਦੇ ਸਾਥੀ ਸਰਤਾਜ ਨੂੰ ਜੰਮੂ ਬੱਸ ਸਟੈਂਡ ਤੋਂ 33 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ।



ਡੀਜੀਪੀ ਗੌਰਵ ਯਾਦਵ ਨੇ ਪੁਸ਼ਟੀ ਕੀਤੀ ਹੈ ਕਿ ਇਸ ਕਾਰਟੈਲ ਦੇ ਅੰਤਰਰਾਸ਼ਟਰੀ ਸਬੰਧ ਹਨ ਕਿਉਂਕਿ ਇਸ ਦਾ ਸੰਚਾਲਨ ਬਦਨਾਮ ਭਗੌੜੇ ਅੰਮ੍ਰਿਤ ਪਾਲ ਸਿੰਘ ਬਾਠ ਵਾਸੀ ਪਿੰਡ ਮੀਆਂਪੁਰ, ਤਰਨਤਾਰਨ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਉਹ ਇਸ ਸਮੇਂ ਦੁਬਈ ਤੋਂ ਇਸ ਕਾਰਟੈਲ ਦਾ ਸੰਚਾਲਨ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਉਹ ਇੱਕ ਬਦਨਾਮ ਗੈਂਗਸਟਰ/ਸਮੱਗਲਰ ਹੈ, ਜਿਸ ਦੇ ਖਿਲਾਫ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਦੋ ਕਤਲ ਕੇਸਾਂ ਸਮੇਤ 15 ਤੋਂ 20 ਕੇਸ ਦਰਜ ਹਨ।

ਡੀਜੀਪੀ ਨੇ ਦੱਸਿਆ ਕਿ ਭਰੋਸੇਮੰਦ ਖੁਫੀਆ ਸੂਹ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਕਾਊਂਟਰ ਇੰਟੈਲੀਜੈਂਸ ਜਲੰਧਰ ਦੀਆਂ ਟੀਮਾਂ ਨੇ ਜਲੰਧਰ ਦੇ ਪਿੰਡ ਕੰਗਣੀਵਾਲ ਦੇ ਨਹਿਰੀ ਪੁਲ 'ਤੇ ਵਿਸ਼ੇਸ਼ ਨਾਕਾ ਲਗਾਇਆ ਅਤੇ ਅੰਮ੍ਰਿਤਪਾਲ ਫੌਜੀ ਨੂੰ 200 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ, ਜਦੋਂ ਕਿ ਅਗਲੇਰੀ ਜਾਂਚ ਦੌਰਾਨ ਮੁਲਜ਼ਮ ਵੱਲੋਂ ਦੱਸੇ ਟਿਕਾਣੇ ਤਰਨਤਾਰਨ ਤੋਂ ਪਿੰਡ ਜੋਧਪੁਰ ਨੂੰ ਜਾਂਦੀ ਲਿੰਕ ਸੜਕ ਤੋਂ 12.4 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੁਲੀਸ ਟੀਮਾਂ ਨੇ ਪਲੈਟੀਨਾ ਮੋਟਰਸਾਈਕਲ (ਪੀਬੀ 08 ਈਐੱਲ 5952), ਜਿਸ 'ਤੇ ਮੁਲਜ਼ਮ ਅੰਮ੍ਰਿਤਪਾਲ ਫੌਜੀ ਜਾ ਰਿਹਾ ਸੀ, ਨੂੰ ਵੀ ਜ਼ਬਤ ਕਰ ਲਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਏਆਈਜੀ ਸੀਆਈ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਤੋਂ ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਹੈ ਕਿ ਉਸ ਨੇ ਅਤੇ ਉਸ ਦੇ ਸਾਥੀ ਨੇ ਪਿਛਲੇ ਮਹੀਨੇ ਅਖਨੂਰ ਸੈਕਟਰ ਤੋਂ 50 ਕਿਲੋ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਸੀ, ਜਿਸ ਵਿੱਚੋਂ 33 ਕਿਲੋ ਹੈਰੋਇਨ ਉਸ ਦੇ ਸਾਥੀ ਸਰਤਾਜ ਕੋਲ ਸੀ ਜਿਸ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਫੌਜੀ ਦੇ ਸਾਥੀ ਦੀ ਗ੍ਰਿਫ਼ਤਾਰੀ ਉਪਰੰਤ ਉਸ ਨੇ ਬਾਕੀ ਬਚੀ ਹੈਰੋਇਨ ਨੂੰ ਕਿਸੇ ਖਾਲੀ ਥਾਂ 'ਤੇ ਛੁਪਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਐਫਆਈਆਰ ਨੰਬਰ 57 ਮਿਤੀ 13.09.2024 ਨੂੰ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 ਅਤੇ 29 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਸ਼੍ਰੀ ਹਨੂੰਮਾਨ ਜੀ ਦਾ ਵਿਸ਼ਾਲ ਜਾਗਰਣ ਨਵੀਂ ਅਨਾਜ ਮੰਡੀ ਵਿਖੇ ਕਰਵਾਇਆ

ਧੂਰੀ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਬਾਲਾ ਜੀ ਟਰੱਸਟ ਜ਼ਿਲ੍ਹਾ ਸੰਗਰੂਰ ਵੱਲੋ ਸਾਖਾ ਧੂਰੀ ਵਿਖੇ ਸ੍ਰੀ ਖਾਟੂ ਸ਼ਾਮ ਜੀ ਅਤੇ ਨਰੇਸ਼ ਸ਼੍ਰੀ ਹਨੂੰਮਾਨ ਜੀ ਦਾ ਵਿਸ਼ਾਲ ਜਾਗਰਣ ਨਵੀਂ ਅਨਾਜ ਮੰਡੀ ਵਿਖੇ ਕਰਵਾਇਆ ਗਿਆ ਜਿਸ ਵਿਚ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਤਿਕਾਰ ਯੋਗ ਮਾਤਾ ਬੀਬੀ ਹਰਪਾਲ ਕੌਰ ਅਤੇ ਧਰਮਪਤਨੀ ਡਾ ਗੁਰਪ੍ਰੀਤ ਕੌਰ ਮਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਇਹ ਜਾਗਰਣ ਧੂਰੀ ਹਲਕੇ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਰਿਵਾਰ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਸੁਪ੍ਰਸਿੱਧ ਭਜਨ ਗਾਇਕ ਅਤੇ ਕਥਾਵਾਚਕ ਸ਼੍ਰੀ ਗੋਪਾਲ ਮੋਹਨ ਭਾਰਦਵਾਜ ਅਤੇ ਸੁਪ੍ਰਸਿੱਧ ਭਜਨ ਗਾਇਕ ਸ ਹਰਮਿੰਦਰ ਸਿੰਘ ਰੋਮੀ ਨੇ ਭਗਵਾਨ ਸ਼੍ਰੀ ਖਾਟੂ ਸ਼ਾਮ ਜੀ ਅਤੇ ਸ਼੍ਰੀ ਹਨੂੰਮਾਨ ਜੀ ਦੇ ਭਜਨ ਗਾ ਕੇ ਭਗਤਾਂ ਨੂੰ ਨਿਹਾਲ ਕੀਤਾ ਇਸ ਮੌਕੇ ਤੇ ਭੰਡਾਰਾ ਅਟੁੱਟ ਵਰਤਾਇਆ ਗਿਆ ਇਸ ਮੌਕੇ ਤੇ ਡਾ ਗੁਰਪ੍ਰੀਤ ਕੌਰ ਮਾਨ ਨੇ ਭਾਰੀ ਗਿਣਤੀ ਵਿੱਚ ਭਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹੋ ਜਿਹੇ ਧਾਰਮਿਕ ਪ੍ਰੋਗਰਾਮ ਹੋਣੇ ਚਾਹੀਦੇ ਹਨ ਜਿਸ ਨਾਲ ਸਾਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਰਹਿੰਦੀ ਹੈ ਅਤੇ ਹਲਕੇ ਦੀ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਾਂ ਇਸ ਮੌਕੇ ਤੇ ਪ੍ਰੋ ਓਂਕਾਰ ਸਿੰਘ ਸਿੱਧੂ ਓ ਐਸ ਡੀ , ਅਮ੍ਰਿਤ ਬਰਾੜ, ਅਸ਼ੋਕ ਕੁਮਾਰ ਲੱਖਾ ਵੇਅਰਹਾਊਸਿੰਗ ਪੰਜਾਬ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਦਾ ਸਨਮਾਨ ਵੀ ਕੀਤਾ ਗਿਆ।

# ਪਿੰਡਾਂ ਦੀਆਂ ਖੇਡਾਂ ਦਾ ਸੂਬੇ ਨੂੰ ਰੰਗਲਾ ਪੰਜਾਬ ਬਨਾਉਣ ਵਿੱਚ ਅਹਿਮ ਯੋਗਦਾਨ: ਵਿਧਾਇਕ ਐਡਵੋਕੇਟ ਰਾਏ

ਫਤਹਿਗੜ੍ਹ ਸਾਹਿਬ, 18 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਭਮਾਰਸੀ ਜੇਰ ਵਿਖੇ ਬਾਬਾ ਅਤਰ ਦਾਸ ਜੀ ਦੀ ਯਾਦ ਵਿੱਚ ਕਰਵਾਏ 68ਵੇਂ ਕਬੱਡੀ ਟੂਰਨਾਮੈਂਟ ਅਤੇ ਕੁਸ਼ਤੀ ਮੁਕਾਬਲਿਆਂ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ਹਲਕਾ ਵਿਧਾਇਕ ਅਮਲੋਹ, ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਭਰਾ ਸ਼੍ਰੀ ਮਨੀ ਬੜਿੰਗ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।



ਇਹਨਾਂ ਖੇਡ ਮੁਕਾਬਲਿਆਂ ਤਹਿਤ ਕਬੱਡੀ ਵਿੱਚ ਕਰੀਬ 50 ਟੀਮਾਂ ਨੇ ਹਿੱਸਾ ਲਿਆ। ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 01 ਲੱਖ ਰੁਪਏ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 75 ਹਜ਼ਾਰ ਰੁਪਏ ਇਨਾਮ ਦਿੱਤਾ ਗਿਆ। ਇਸ ਦੇ ਨਾਲ ਨਾਲ 03 ਝੰਡੀ ਦੀਆਂ ਕੁਸ਼ਤੀਆਂ 51 ਹਜ਼ਾਰ ਅਤੇ 41-41 ਹਜ਼ਾਰ ਦੀਆਂ ਕਰਵਾਈਆਂ ਗਈਆਂ। ਇਸ ਮੌਕੇ ਹਲਕਾ ਵਿਧਾਇਕ ਵੱਲੋਂ ਜਿੱਥੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕੀਤੀ ਗਈ ਉੱਥੇ ਨਕਦ ਇਨਾਮਾਂ ਨਾਲ ਸਨਮਾਨ ਵੀ ਕੀਤਾ ਗਿਆ।

ਹਲਕਾ ਵਿਧਾਇਕ ਐਡਵੋਕੇਟ ਸ. ਰਾਏ ਨੇ ਕਿਹਾ ਕਿ ਸ: ਭਗਵੰਤ ਸਿੰਘ ਮਾਨ ਨੇ ਜਦੋਂ ਤੋਂ ਸੂਬੇ ਦੀ ਬਾਗਡੋਰ ਸੰਭਾਲੀ ਹੈ ਉਦੋਂ ਤੋਂ ਹੀ ਖੇਡਾਂ ਨੂੰ ਹੋਰ ਉੱਚਾ ਚੁੱਕਣ ਵਾਸਤੇ ਵਿਸ਼ੇਸ਼ ਯਤਨ ਕੀਤੇ ਗਏ ਹਨ ਅਤੇ ਪਿੰਡਾਂ ਵਿੱਚ ਹੋ ਰਹੇ ਖੇਡ ਮੇਲੇ ਪੰਜਾਬ ਦੇ ਸੁਨਹਿਰੇ ਭਵਿੱਖ ਦਾ ਗਵਾਹ ਬਣ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਅਤੇ ਸੂਬੇ ਦੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਵਿੱਚ ਲਿਆਉਣ ਲਈ ਸ਼ੁਰੂ ਕੀਤੀਆਂ ਗਈਆਂ ÷ਖੇਡਾਂ ਵਤਨ ਪੰਜਾਬ ਦੀਆਂ÷ ਦਾ ਤੀਜਾ ਸੀਜ਼ਨ ਚੱਲ ਰਿਹਾ ਹੈ ਜੋ ਇਸ ਗੱਲ ਦਾ ਗਵਾਹ ਹੈ ਕਿ ਸਾਡੇ ਨੌਜਵਾਨ ਵੱਧ ਚੜ੍ਹ ਕੇ ਖੇਡ ਮੈਦਾਨਾਂ ਵਿੱਚ ਆ ਰਹੇ ਹਨ ਅਤੇ ਸੂਬੇ ਦਾ ਨਾਮ ਵਿਸ਼ਵ ਭਰ ਵਿੱਚ ਉੱਚਾ ਕਰ ਰਹੇ ਹਨ।

ਹਲਕਾ ਵਿਧਾਇਕ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਖੇਡਾਂ ਬਹੁਤ ਜ਼ਰੂਰੀ ਹਨ ਕਿਉਂਕਿ ਖੇਡਾਂ ਨਾਲ ਜੁੜ ਕੇ ਹੀ ਸਾਡੇ ਨੌਜਵਾਨ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿ ਸਕਦੇ ਹਨ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਤਾਂ ਜੋ ਸਾਡਾ ਸੂਬਾ ਹਰੇਕ ਪੱਖੋਂ ਵਿਕਸਿਤ ਸੂਬਾ ਬਣ ਸਕੇ।

ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਯਤਨਾਂ ਸਦਕਾ ਅੱਜ ਸਾਡੇ ਪੰਜਾਬੀ ਖੇਡਾਂ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾ ਰਹੀ ਹੈ ਅਤੇ ਖਿਡਾਰੀਆਂ ਦੀ ਸਹੂਲਤ ਲਈ ਹੋਰ ਇੰਤਜ਼ਾਮ ਵੀ ਕੀਤੇ ਜਾ ਰਹੇ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਖੇਡਾਂ ਦੇ ਖੇਤਰ ਵਿੱਚ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰ ਸਕੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਇੱਕ ਨਰੋਏ ਪੰਜਾਬ ਦੀ ਸਿਰਜਣਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਦਿੱਤੀ ਇੱਕ-ਇੱਕ ਗਾਰੰਟੀ ਨੂੰ ਪੂਰਿਆਂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ . ਭਗਵੰਤ ਮਾਨ ਪੰਜਾਬ ਨੂੰ ਵਿਕਾਸ ਅਤੇ ਖੁਸ਼ਹਾਲੀ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਠੋਸ ਉਪਰਾਲੇ ਕਰ ਰਹੇ ਹਨ।

ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਕਰਾਉਣ ਵਾਲੀਆਂ ਪ੍ਰਬੰਧਕ ਕਮੇਟੀਆਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਹੋਰ ਚੈਂਪੀਅਨ ਪੈਦਾ ਕੀਤੇ ਜਾ ਸਕਣ।

ਉਹਨਾਂ ਕਿਹਾ ਕਿ ਪੰਜਾਬ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ, ਮੈਦਾਨਾਂ ਅਤੇ ਸਾਜ਼ੋ-ਸਾਮਾਨ ਸਮੇਤ ਖੇਡਾਂ ਦੀਆਂ ਸਹੂਲਤਾਂ ਦੀ ਮੁਕੰਮਲ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਇਸ ਮੌਕੇ ਕਾਰਜਕਾਰੀ ਇੰਜੀਨੀਅਰ ਪੀ.ਐੱਸ.ਪੀ.ਸੀ.ਐੱਲ. ਅਮਨਦੀਪ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਅਤੇ ਪਤਵੰਤੇ ਹਾਜ਼ਰ ਸਨ।

# ਦਿੱਲੀ ‘ਚ ਡੇਂਗੂ ਨਾਲ ਪਹਿਲੀ ਮੌਤ, ਹੁਣ ਤੱਕ 650 ਤੋਂ ਵੱਧ ਮਾਮਲੇ ਆਏ ਸਾਹਮਣੇ

**ਏਜੰਸੀਆਂ**

ਨੈਸ਼ਨਲ ਡੈਸਕ 18 ਸਤੰਬਰ। ਦੇਸ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਵਾਰ ਫਿਰ ਡੇਂਗੂ ਨੇ ਪੈਰ ਪਸਾਰਨੇ ਸੁਰੂ ਕਰ ਦਿੱਤੇ ਹਨ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਰਾਜਧਾਨੀ ਵਿੱਚ ਡੇਂਗੂ ਦੇ ਮਾਮਲਿਆਂ ਵਿੱਚ ਵਾਧੇ ਦੇ ਵਿਚਕਾਰ ਇਸ ਸਾਲ ਪਹਿਲੀ ਮੌਤ



ਦਰਜ ਕੀਤੀ ਗਈ ਹੈ। ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਹਸਪਤਾਲ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਹਫਤੇ ਲੋਕ ਨਾਇਕ ਹਸਪਤਾਲ ‘ਚ ਡੇਂਗੂ ਨਾਲ 54 ਸਾਲਾ ਵਿਅਕਤੀ ਦੀ ਮੌਤ ਹੋ ਗਈ ਸੀ। ਪੂਰਬੀ ਦਿੱਲੀ ਦੇ ਗਾਂਧੀ ਨਗਰ ਦੇ ਰਹਿਣ ਵਾਲੇ ਇਸ ਵਿਅਕਤੀ ਨੂੰ 27 ਅਗਸਤ ਨੂੰ ਹਸਪਤਾਲ ‘ਚ ਭਰਤੀ ਕਰਵਾਇਆ ਗਿਆ ਸੀ। ਸਰਕਾਰੀ ਰਿਕਾਰਡ ਅਨੁਸਾਰ, ਉਸ ਨੂੰ 8 ਸਤੰਬਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, “ਪਿਛਲੇ ਹਫਤੇ ਡੇਂਗੂ ਕਾਰਨ ਮਰੀਜ ਦੀ ਮੌਤ ਹੋ ਗਈ ਸੀ। ਦਿੱਲੀ ਨਗਰ ਨਿਗਮ ਦੇ ਅਧਿਕਾਰੀਆਂ ਮੁਤਾਬਕ ਇਸ ਸਾਲ ਰਾਜਧਾਨੀ ਵਿੱਚ ਡੇਂਗੂ ਦੇ 650 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। 2023 ਵਿੱਚ, ਦਿੱਲੀ ਵਿੱਚ ਡੇਂਗੂ ਦੇ 9,266 ਮਾਮਲੇ ਅਤੇ 19 ਮੌਤਾਂ ਦਰਜ ਕੀਤੀਆਂ ਗਈਆਂ। ਪਿਛਲੇ ਸਾਲ, ਜੀ-20 ਸੰਮੇਲਨ ਤੋਂ ਪਹਿਲਾਂ, ਨਗਰ ਨਿਗਮ ਨੇ ਡੇਂਗੂ ਦੇ ਮਾਮਲਿਆਂ ਅਤੇ ਮੌਤਾਂ ‘ਤੇ ਹਫਤਾਵਾਰੀ ਰਿਪੋਰਟਾਂ ਜਾਰੀ ਕਰਨੀਆਂ ਬੰਦ ਕਰ ਦਿੱਤੀਆਂ ਸਨ। ਤੁਹਾਨੂੰ ਦੱਸ ਦੇਈਏ ਕਿ ਭਾਰਤ ਵਿੱਚ ਹਰ ਸਾਲ ਮਾਨਸੂਨ ਦੌਰਾਨ ਡੇਂਗੂ ਦਾ ਪ੍ਰਕੋਪ ਦੇਖਣ ਨੂੰ ਮਿਲਦਾ ਹੈ। ਦੇਸ ਦੇ ਕਈ ਸਹਿਰਾਂ ਵਿੱਚ ਡੇਂਗੂ ਦੇ ਡਰਾਉਣੇ ਮਾਮਲੇ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੀ ਗਿਣਤੀ ਹਜਾਰਾਂ ਵਿੱਚ ਹੈ। ਪਿਛਲੇ ਕਈ ਸਾਲਾਂ ਤੋਂ ਡੇਂਗੂ ਦੇ ਡੰਗ ਨਾਲ ਲੜਨ ਤੋਂ ਬਾਅਦ, ਭਾਰਤ ਨੇ ਇਸ ਨਾਲ ਨਜਿੱਠਣ ਲਈ ਇੱਕ ਟੀਕਾ ਬਣਾਇਆ ਹੈ, ਜਿਸਦਾ ਨਾਮ ਡੇਂਗੀਆਲ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਇਸ ਦਾ ਕਲੀਨਿਕਲ ਟ੍ਰਾਇਲ ਤੀਜੇ ਪੜਾਅ ‘ਤੇ ਪਹੁੰਚ ਗਿਆ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਬੁੱਧਵਾਰ ਨੂੰ ਕਿਹਾ ਕਿ ਅਤੇ ਨੇ ਭਾਰਤ ਵਿੱਚ ਡੇਂਗੂ ਵੈਕਸੀਨ ਵਿਕਸਤ ਕਰਨ ਲਈ ਪੜਾਅ ਕਲੀਨਿਕਲ ਅਜਮਾਇਸ ਸੁਰੂ ਕਰ ਦਿੱਤੀ ਹੈ। ਭਾਰਤ ਦਾ ਦੇਸੀ ਟੈਟਰਾਵੈਲੈਂਟ ਡੇਂਗੂ ਵੈਕਸੀਨ, ਡੇਂਗੀਆਲ, ਪੈਨੇਸੀਆ ਬਾਇਓਟੈਕ ਦੁਆਰਾ ਨਿਰਮਿਤ ਹੈ।

# ਨਤਾਸ਼ਾ ਸ਼ਰਮਾ ਦੀ ਅਗਵਾਈ ਹੇਠ ਪੰਜਾਬ ਮਹਿਲਾ ਕਾਂਗਰਸ ਨੇ ਭਰਤੀ ਮੁਹਿੰਮ ਦਾ ਕੀਤਾ ਆਗਾਜ

**ਸਰਦੂਲ ਸਿੰਘ**

ਚੰਡੀਗੜ੍ਹ 18 ਸਤੰਬਰ। ਅੱਜ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਸੂਬਾ ਪ੍ਰਧਾਨ ਗੁਰਸਰਨ ਕੌਰ ਰੰਧਾਵਾ ਅਤੇ ਨਤਾਸਾ ਸਰਮਾ ਦੀ ਅਗਵਾਈ ਹੇਠ ਪੰਜਾਬ ਮਹਿਲਾ ਕਾਂਗਰਸ ਦੀ ਅਹਿਮ ਮੀਟਿੰਗ ਹੋਈ। ਇਸ ‘ਚ 200 ਤੋਂ ਵੱਧ ਪੰਜਾਬ ਮਹਿਲਾ ਕਾਂਗਰਸ ਦੇ ਅਹੁਦੇਦਾਰਾਂ, ਜਿ਼ਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨ ਸਾਹਿਬਾਨ ਨੇ ਹਿੱਸਾ ਲਿਆ। ਇਸ ਮੌਕੇ ਪੰਜਾਬ ਮਹਿਲਾ ਕਾਂਗਰਸ ਦੇ ਆਬਜਰਵਰ ਨਤਾਸਾ ਸਰਮਾ ਨੇ ਪੰਜਾਬ ਮਹਿਲਾ ਕਾਂਗਰਸ ਦੀ ਆਨਲਾਈਨ ਮੈਂਬਰਸਿ਼ਪ ਡਰਾਈਵ ਦੀ ਸੁਰੂਆਤ ਕਰਦਿਆਂ ਸਮੂਹ ਅਹੁਦੇਦਾਰਾਂ ਅਤੇ ਆਗੂਆਂ ਨੂੰ ਆਨਲਾਈਨ ਮੈਂਬਰਸਿ਼ਪ ਡਰਾਈਵ ਮੁਹਿੰਮ ਦਾ ਤਰੀਕਾ ਅਤੇ ਜਾਣਕਾਰੀ ਦਿੱਤੀ। ਇਸ ਮੌਕੇ ਗੁਰਸਰਨ ਰੰਧਾਵਾ ਨੇ ਸਾਰਿਆਂ ਨੂੰ ਮਹਿਲਾ ਕਾਂਗਰਸ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਦੱਸਿਆ ਕਿ ਮਹਿਲਾ ਕਾਂਗਰਸ ਦੇ ਰਾਸਟਰੀ ਪ੍ਰਧਾਨ ਅਲਕਾ ਲਾਂਬਾ ਜੀ ਦੇ ਦਿਸਾ-ਨਿਰਦੇਸਾ ‘ਤੇ ਅੱਜ ਪੰਜਾਬ ਮਹਿਲਾ ਕਾਂਗਰਸ ਦੀ ਮੈਂਬਰਸਿ਼ਪ ਡਰਾਈਵ ਦੀ ਸੁਰੂਆਤ ਕੀਤੀ ਗਈ ਹੈ। ਇਸ ਬਾਰੇ ਮਹਿਲਾਵਾਂ ਨੂੰ ਜਾਣਕਾਰੀ ਦੇਣ ਲਈ ਦਿੱਲੀ ਤੋਂ ਨਤਾਸਾ ਸਰਮਾ ਜੀ ਵਿਸੇਸ ਤੌਰ ‘ਤੇ ਪਹੁੰਚੇ ਹਨ। ਨਤਾਸਾ ਸਰਮਾ ਨੇ ਦੱਸਿਆ ਪੰਜਾਬ ਮਹਿਲਾ ਕਾਂਗਰਸ ਦੀ ਇਹ ਭਰਤੀ ਆਨਲਾਈਨ ਕੀਤੀ ਜਾਵੇਗੀ ਅਤੇ ਇਸ ਦੀ ਫੀਸ 100 ਰੁਪਏ ਪ੍ਰਤੀ ਮੈਂਬਰ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਰਾਜ ਵਿੱਚ ਜਿੱਥੇ ਦੇਸ ਭਰ ਦੀਆਂ ਮਹਿਲਾਵਾਂ ‘ਤੇ ਅੱਤਿਆਚਾਰ ਹੋ ਰਿਹਾ ਹੈ, ਉੱਥੇ ਹੀ ਉਹ ਆਪਣਾ ਘਰ, ਰਸੋਈ ਚਲਾਉਣ ਅਤੇ ਬੱਚਿਆਂ ਦੀ ਫੀਸ ਭਰਨ ਤੋਂ ਵੀ ਅਸਮਰੱਥ ਹਨ। ਇਸਦੇ ਨਾਲ ਹੀ ਮੋਦੀ




ਸਰਕਾਰ ਨੇ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਮਹਿਲਾਵਾਂ ਨੂੰ 33 ਫੀਸਦੀ ਰਿਜਰਵੇਸਨ ਦਾ ਸੁਫਨਾ ਦਿਖਾ ਕੇ ਉਨ੍ਹਾਂ ਦੀਆਂ ਵੋਟਾਂ ਹੜੱਪ ਲਈਆਂ ਪਰ ਹੁਣ ਰਿਜਰਵੇਸਨ ਨੂੰ ਜਨਗਣਨਾ ਤੋਂ ਬਾਅਦ ਲਾਗੂ ਕਰਨ ਦਾ ਬਹਾਨਾ ਬਣਾ ਕੇ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ ਪਰ ਮਹਿਲਾ ਕਾਂਗਰਸ ਇਹ ਧੋਖਾ ਬਰਦਾਸਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਮੁਸਕਲਾਂ ਦਾ ਸਾਹਮਣਾ ਕਰਨ ਲਈ ਮਹਿਲਾਵਾਂ ਨੂੰ ਕਾਂਗਰਸ ਨਾਲ ਜੋੜ ਕੇ ਤਕੜਾ ਕਰਨ ਲਈ ਮਹਿਲਾ ਕਾਂਗਰਸ ਨੇ ਇਹ ਭਰਤੀ ਮੁਹਿੰਮ ਸੁਰੂ ਕੀਤੀ ਹੈ। ਇਸ ਮੌਕੇ ਬੀਬੀ ਰੰਧਾਵਾ ਨੇ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਆਪਣੇ ਆਪ ਵਿੱਚ ਇੱਕ ਮਜਬੂਤ ਸੰਗਠਨ ਹੈ ਅਤੇ ਭੈਣਾਂ ਦੀ ਲੜਾਈ ਲੜਨ ਲਈ ਸਾਡਾ ਸੰਘਰਸ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਡਾਵਾਂਡੋਲ ਹੈ ਤੇ ਮਹਿਲਾਵਾਂ ਘਰੋਂ ਨਿਕਲਣ ਤੋਂ ਡਰਦੀਆਂ ਹਨ। ਉੱਤੋਂ ਬੇਰੁਜਗਾਰੀ, ਨਸੇ ਅਤੇ ਗੈਂਗਸਟਰਵਾਦ ਨੇ ਉਨ੍ਹਾਂ ਦੇ ਬੱਚਿਆਂ ਨੂੰ ਬੁਰੇ ਦੌਰ ਵਿੱਚ ਧੱਕ ਦਿੱਤਾ ਹੈ। ਅੱਜ ਮਹਿਲਾਵਾਂ ਆਪ ਸਰਕਾਰ ਦੇ 1000 ਰੁਪਏ ਦੇ ਝੂਠੇ ਵਾਅਦੇ ਨੂੰ ਭੁੱਲ ਕੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਚਿੰਤਿਤ ਹਨ, ਜਿਸਦੇ ਚੱਲਦੇ ਮਹਿਲਾ ਕਾਂਗਰਸ ਚੁੱਪ ਬੈਠਣ ਦੀ ਜਗ੍ਹਾ ਸੰਘਰਸ ਦਾ ਰਾਹ ਚੁਣ ਰਹੀ ਹੈ। ਅੱਜ ਦੀ ਇਸ ਮੀਟਿੰਗ ਵਿੱਚ ਡਾ. ਅਮਨਦੀਪ ਢੋਲੇਵਾਲ, ਭੁਪਿੰਦਰ ਕੌਰ, ਸੰਤੋਸ ਰਾਣੀ, ਡਾ. ਕੁਲਵਿੰਦਰ ਕੌਰ ਪਿਮਸ, ਮਧੂ ਸਰਮਾ , ਸਿਮਰਤ ਧਾਲੀਵਾਲ, ਸਵਰਨਜੀਤ ਮੋਹਾਲੀ, ਰਮੇਸ ਰਾਣੀ, ਨੀਲਮ ਰਾਣੀ, ਰੁਪਿੰਦਰ ਕੌਰ, ਵੰਦਨਾ ਸੈਣੀ, ਸਿ਼ਵਾਨੀ ਅੰਮ੍ਰਿਤਸਰ, ਅਮਰਜੀਤ ਭੱਠਲ, ਗੁਰਦੀਪ ਕੌਰ ਲੁਧਿਆਣਾ, ਦੀਪੀ ਮਾਂਗਟ, ਪ੍ਰਵੀਨ ਰਾਣਾ, ਰਣਜੀਤ ਬਦੇਸਾ, ਨਵਦੀਪ ਸੰਧੂ, ਜਤਿੰਦਰ ਕਲਸੀ, ਰੇਨੂੰ ਸੇਠ, ਸੁਮਨ ਸੈਣੀ, ਗੁਰਦੇਵ ਕੌਰ ਮੋਗਾ, ਮਨਵਿੰਦਰ ਪੱਖੋ, ਸੰਤੋਸ ਅੱਗਰਵਾਲ, ਜਸਵੀਰ ਨਵਾਂਸਹਿਰ, ਸੁੱਖ ਬਾਠ, ਯਾਮਿਨੀ ਵਰਮਾ ਸਮੇਤ ਕਈ ਹੋਰ ਅਹੁਦੇਦਾਰ ਵੀ ਹਾਜਰ ਸਨ।

## ‘ਡਾਇਲ 112‘ ਦੀ ਮਹੱਤਤਾ ਤੇ ਸੜਕ ਸੁਰੱਖਿਆ ਨਿਯਮਾਂ ਸਬੰਧੀ ਕੀਤਾ ਜਾਗਰੂਕ

ਭਵਾਨੀਗੜ੍ਹ 18 ਸਤੰਬਰ। ਲਾਇਨਜ ਕਲੱਬ ਭਵਾਨੀਗੜ੍ਹ ਵੱਲੋਂ ਅੱਜ ਇੱਥੇ ਨਵੇਂ ਬੱਸ ਅੱਡੇ ‘ਤੇ ਸੜਕ ਸੁਰੱਖਿਆ ਫੋਰਸ (ਐੱਸ. ਐੱਸ. ਐੱਫ.) ਦੇ ਸਹਿਯੋਗ ਨਾਲ ‘ਡਾਇਲ 112‘ ਦੀ ਮਹੱਤਤਾ ਅਤੇ ਸੜਕ ਸੁਰੱਖਿਆ ਨਿਯਮਾਂ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਚਰਨਜੀਤ ਸਚਦੇਵਾ, ਸੈਕਟਰੀ ਹਰੀਸ ਗਰਗ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਸੜਕ ਦੁਰਘਟਨਾ ਵਾਪਰਨ ਸਮੇਂ ਕਿਸੇ ਜਖਮੀ ਨੂੰ ਸਮੇਂ ਸਿਰ ਬਚਾਉਣ ਵਿੱਚ ਕਾਰਜਸੀਲ ਹੈ। ਇਸ ਲਈ ਅਜਿਹੇ ਸੰਕਟ ਦੌਰਾਨ ਸਹਾਇਤਾ ਲਈ ਹੈਲਪਲਾਇਨ ਨੰਬਰ 112 ‘ਤੇ ਕਾਲ ਕਰਨੀ ਚਾਹੀਦੀ ਹੈ। ਇਸ ਮੌਕੇ ਐੱਸ. ਐੱਸ. ਐੱਫ. ਪਟਿਆਲਾ ਰੇਂਜ ਦੇ ਇੰਚਾਰਜ ਇੰਸਪੈਕਟਰ ਰਾਮਕੇਸ਼ ਨੇ ਆਖਿਆ ਕਿ ਹਰੇਕ ਵਾਹਨ ਚਾਲਕ ਨੂੰ ਸੜਕੀ ਆਵਾਜਾਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ




ਕਿਉਂਕਿ ਦੁਰਘਟਨਾ ਤੋਂ ਦੇਰੀ ਭਲੀ ਹੈ। ਉਨ੍ਹਾਂ ਅਪੀਲ ਕੀਤੀ ਕਿ ਸੜਕ ਹਾਦਸਾ ਦੇਖਣ ‘ਤੇ ਦਰਸ਼ਕ ਬਣਨ ਦੀ ਬਜਾਏ ਸਾਨੂੰ ਤੁਰੰਤ ਹੈਲਪਲਾਈਨ ਨੰਬਰ 112 ਡਾਇਲ ਕਰਨਾ ਚਾਹੀਦਾ ਹੈ ਤਾਂ ਜੋ ਵਿਅਕਤੀ ਦੀ ਜਾਨ ਬਚਾਈ ਜਾ ਸਕੇ। ਇਸ ਦੌਰਾਨ ਕਲੱਬ ਮੈਂਬਰਾਂ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੜਕਾਂ ‘ਤੇ ਬੋਰਡ ਵੀ ਲਗਾਏ। ਇਸ ਮੌਕੇ ਟ੍ਰੈਫਿਕ ਇੰਚਾਰਜ ਸਾਹਿਬ ਸਿੰਘ, ਐੱਸ. ਐੱਸ. ਐੱਫ. ਦੇ ਮੁਲਾਜਮ ਹਰਸ਼ਵੀਰ ਭਵਾਨੀਗੜ੍ਹ, ਲਵੀਸ ਕੁਮਾਰ, ਬਲਵਿੰਦਰ ਸਿੰਘ, ਮਨਦੀਪ ਕੌਰ, ਗੁਰਜੀਵਨ ਕੌਰ, ਸੁਖਵਿੰਦਰ ਸਿੰਘ ਤੋਂ ਇਲਾਵਾ ਕਲੱਬ ਦੇ ਸਾਬਕਾ ਪ੍ਰਧਾਨ ਮਨੀਸ ਸਿੰਗਲਾ, ਵਿਨੋਦ ਜੈਨ, ਪ੍ਰਦੀਪ ਕੁਮਾਰ, ਸ਼ੰਮੀ ਸਿੰਗਲਾ, ਸਚਿਨ ਗਰਗ, ਵਿਜੇ ਸਿੰਗਲਾ, ਟਵਿੰਕਲ ਗੋਇਲ ਆਦਿ ਹਾਜਰ ਸਨ।

# ਲਸਣ ਅਤੇ ਧਨੀਆ ਦੀਆਂ ਕੀਮਤਾਂ ਛੂਹ ਰਹੀਆਂ ‘ਆਸਮਾਨ’

**ਕਿਸ਼ਨ ਪਾਲ**

ਸਿਮਲਾ 18 ਸਤੰਬਰ। ਰਾਜਧਾਨੀ ਸਿ਼ਮਲਾ ‘ਚ ਲੋਕ ਲਸਣ ਅਤੇ ਹਰਾ ਧਨੀਆ ਖਰੀਦਣ ਤੋਂ ਪਰਹੇਜ ਕਰਨ ਲੱਗੇ ਹਨ ਕਿਉਂਕਿ ਇਨ੍ਹਾਂ ਦੀ ਕੀਮਤ 400 ਰੁਪਏ ਪ੍ਰਤੀ ਕਿਲੋ ਹੈ। 10-10 ਰੁਪਏ ਪ੍ਰਤੀ ਗੁੱਛੀ ਦੇ ਹਿਸਾਬ ਨਾਲ ਵਿਕਣ ਵਾਲੇ ਹਰੇ ਧਨੀਏ ਦੀਆਂ ਕੀਮਤਾਂ ਵੀ ਅਸਮਾਨ ਨੂੰ ਛੂਹ ਰਹੀਆਂ ਹਨ। ਹਰੇ ਧਨੀਏ ਦੀ ਕੀਮਤ 400 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਸਬਜੀ ਮੰਡੀ ਵਿਚੋਂ ਹਰੇ ਮਟਰ ਗਾਇਬ ਹੋ ਗਏ ਹਨ ਅਤੇ ਸਨੀਵਾਰ ਨੂੰ ਇਨ੍ਹਾਂ ਦੀ ਕੀਮਤ 160 ਤੋਂ 180 ਰੁਪਏ ਪ੍ਰਤੀ ਕਿਲੋ ਚੱਲ ਰਹੀ ਸੀ। ਐਤਵਾਰ ਨੂੰ ਮੰਡੀ ਵਿਚ ਮਟਰ ਖਰੀਦ ਲਈ ਉਪਲਬਧ ਨਹੀਂ ਸਨ। ਅੱਜ-ਕੱਲ੍ਹ ਮਟਰ ਦੀ ਫਸਲ ਸਿਰਫ ਲਾਹੌਲ-ਸਪੀਤੀ ਅਤੇ ਕਿਨੌਰ ਜਿ਼ਲ੍ਹਿਆਂ ‘ਚ ਹੀ ਹੁੰਦੀ ਹੈ ਅਤੇ ਮੀਂਹ ਕਾਰਨ ਸੜਕਾਂ ਖਰਾਬ ਹੋਣ ਕਾਰਨ ਇਨ੍ਹਾਂ ਦੀ ਖੇਪ ਸਿ਼ਮਲਾ ਦੀ ਸਬਜੀ ਮੰਡੀ ਤੱਕ ਨਹੀਂ ਪਹੁੰਚ ਸਕੀ। ਮਟਰਾਂ ਦੀ ਜਿ਼ਆਦਾ ਖਪਤ ਅਤੇ ਘੱਟ ਸਪਲਾਈ ਕਾਰਨ ਇਨ੍ਹਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਗਈਆਂ ਹਨ। ਪਿਆਜ ਅਤੇ ਟਮਾਟਰ ਦੇ ਭਾਅ ਵੀ ਬਾਜਾਰ ਵਿਚ 60




ਰੁਪਏ ਕਿਲੋ ਚੱਲ ਰਹੇ ਹਨ, ਜਦਕਿ ਕੁਝ ਹੋਰ ਸਬਜੀਆਂ ਦੇ ਭਾਅ ਵੀ ਚੜ੍ਹ ਗਏ ਹਨ, ਜਿਸ ਕਾਰਨ ਇਹ ਸਬਜੀਆਂ ਲੋਕਾਂ ਦੀਆਂ ਥਾਲੀਆਂ ‘ਚੋਂ ਗਾਇਬ ਹੋ ਗਈਆਂ ਹਨ। ਫਲੀਆਂ, ਗੋਭੀ ਅਤੇ ਗਾਜਰ ਦੇ ਭਾਅ ਵੀ 60 ਰੁਪਏ ਪ੍ਰਤੀ ਕਿਲੋ ਚੱਲ ਰਹੇ ਹਨ, ਜਦੋਂ ਕਿ ਸਿ਼ਮਲਾ ਮਿਰਚ ਅਤੇ ਬੈਂਗਣ ਦੇ ਭਾਅ 50 ਰੁਪਏ ਪ੍ਰਤੀ ਕਿਲੋ ਹਨ।

## ਘਰ ’ਚੋਂ ਗਹਿਣੇ ਤੇ ਨਕਦੀ ਚੋਰੀ ਕਰਨ ਦੇ ਕੇਸ ’ਚੋਂ ਮੁਲਜਮ ਬਾਇੱਜਤ ਬਰੀ

ਬਰਨਾਲਾ 18 ਸਤੰਬਰ। ਅਦਾਲਤ ਨੇ ਜੈ ਪ੍ਰਕਾਸ ਉਰਫ ਰੌਕੀ ਪੁੱਤਰ ਲਾਲ ਚੰਦ, ਰਿੰਕੂ ਸਿੰਘ, ਮਿੰਟੂ ਸਿੰਘ ਪੁੱਤਰਾਨ ਪੱਪੂ ਸਿੰਘ, ਸੁਖਵੀਰ ਸਿੰਘ ਪੁੱਤਰ ਕਿਸਨ ਸਿੰਘ ਵਾਸੀਆਨ ਰਾਮਪੁਰਾ, ਜਿ਼ਲ੍ਹਾ ਬਠਿੰਡਾ ਨੂੰ ਰਾਤ ਨੂੰ ਭਦੌੜ ਵਿਖੇ ਘਰ ’ਚ ਦਾਖਲ ਹੋ ਕੇ ਗਹਿਣੇ ਅਤੇ ਨਕਦੀ ਚੋਰੀ ਕਰਨ ਦੇ ਕੇਸ ’ਚੋਂ ਬਾਇੱਜਤ ਬਰੀ ਕਰਨ ਦਾ ਹੁਕਮ ਸੁਣਾਇਆ ਹੈ। ਚੰਦਰ ਬਾਂਸਲ (ਧਨੌਲਾ) ਐਡਵੋਕੇਟ ਨੇ ਦੱਸਿਆ ਕਿ ਜੰਗ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਭਦੌੜ ਨੇ ਪੁਲਸ ਨੂੰ ਆਪਣਾ ਬਿਆਨ ਦਰਜ ਕਰਵਾਇਆ ਸੀ ਕਿ ਮਿਤੀ 08-06-2020 ਨੂੰ ਉਹ ਆਪਣੇ ਪਰਿਵਾਰ



ਸਮੇਤ ਰੋਟੀ-ਪਾਣੀ ਖਾ ਕੇ ਆਪਣੇ ਘਰ ਵਿਹੜੇ ’ਚ ਸੌਂ ਗਿਆ ਸੀ। ਸਵੇਰੇ ਕਰੀਬ 5 ਵਜੇ ਉੱਠ ਕੇ ਦੇਖਿਆ ਤਾਂ ਘਰ ਦਾ ਸਾਮਾਨ ਖਿੱਲਰਿਆ ਪਿਆ ਸੀ ਅਤੇ ਰਾਤ ਨੂੰ ਕੋਈ ਅਣਪਛਾਤੇ ਵਿਅਕਤੀ ਉਨ੍ਹਾਂ ਦੇ ਘਰ ’ਚੋਂ 1,43,000 ਰੁਪਏ ਅਤੇ ਇਕ ਛਾਪ ਸੋਨਾ ਅਤੇ ਇਕ ਜੋੜੀ ਟੋਪਸ ਸੋਨਾ ਅਤੇ ਚਾਂਦੀ ਦੀਆਂ ਝਾਂਜਰਾਂ ਚੋਰੀ ਕਰ ਕੇ ਲੈ ਗਏ ਸਨ। ਉਸਦੇ ਗੁਆਂਢੀ ਮਹਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਦੇ ਵੀ ਉਸੇ ਰਾਤ ਚੋਰੀ ਹੋਈ ਹੈ, ਜਿਸਦੇ ਘਰੋਂ ਅਲਮਾਰੀ ’ਚੋਂ ਕਰੀਬ 5 ਤੋਲੇ ਸੋਨੇ ਦੇ ਗਹਿਣੇ ਅਤੇ ਦੋ ਤੋਲੇ ਚਾਂਦੀ ਦੀਆਂ ਝਾਂਜਰਾਂ ਵਗੈਰਾ ਚੋਰੀ ਹੋਈਆਂ ਹਨ। ਇਸ ਉਪਰੰਤ ਜਿਸ ਤੋਂ ਬਾਦ ਜੰਗ ਸਿੰਘ ਦੇ ਬਿਆਨਾਂ ’ਤੇ ਐਫ. ਆਈ. ਆਰ. ਪ੍ਰਕਾਸ ਵਗੈਰਾ ਦੇ ਖਿ਼ਲਾਫ ਦਰਜ ਹੋਈ। ਹੁਣ ਅਦਾਲਤ ਵੱਲੋਂ ਮੁਲਜਮ ਜੈ ਪ੍ਰਕਾਸ ਦੇ ਵਕੀਲ ਚੰਦਰ ਬਾਂਸਲ (ਧਨੌਲਾ), ਐਡਵੋਕੇਟ, ਬਰਨਾਲਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਇਆ ਕਿਹਾ ਕਿ ਗਵਾਹਾਂ ਦੇ ਬਿਆਨ ਆਪਸ ’ਚ ਮੇਲ ਨਹੀਂ ਖਾਂਦੇ ਅਤੇ ਮੁਲਜਮਾਨ ਦੀ ਸਨਾਖਤ ਵੀ ਸਹੀ ਤਰੀਕੇ ਨਹੀਂ ਹੋ ਸਕੀ। ਕੋਈ ਨਕਦੀ ਜਾਂ ਸੋਨਾ ਮੁਲਜਮਾਨ ਦੇ ਕਬਜੇ ’ਚੋਂ ਬਰਾਮਦ ਨਹੀਂ ਹੋਇਆ, ਉਕਤ ਕੇਸ ’ਚੋਂ ਮੁਲਜਮਾਨ ਨੂੰ ਬਾਇੱਜਤ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ।

## ਪਤੀ ਨਾਲ ਸਾਮਾਨ ਖਰੀਦ ਰਹੀ ਔਰਤ ਦਾ ਪਰਸ ਖੋਹ ਕੇ ਹੋਇਆ ਫਰਾਰ, ਅਦਾਲਤ ਨੇ ਸੁਣਾਈ 5 ਸਾਲ ਕੈਦ ਦੀ ਸਜਾ

ਲੁਧਿਆਣਾ 18 ਸਤੰਬਰ। ਜ਼ਿਲ੍ਹਾ ਤੇ ਸੈਸ਼ਨ ਜੱਜ ਹਰਪ੍ਰੀਤ ਕੌਰ ਰੰਧਾਵਾ ਦੀ ਅਦਾਲਤ ਨੇ ਲੁੱਟ-ਖੋਹ ਕਰਨ ਦੇ ਦੋਸ਼ ’ਚ ਓਂਕਾਰ ਸਿੰਘ ਨਿਵਾਸੀ ਸ਼ਿਮਲਾਪੁਰੀ ਨੂੰ 5 ਸਾਲ ਦੀ ਕੈਦ ਅਤੇ 11 ਹਜ਼ਾਰ ਜੁਰਮਾਨੇ ਦੀ ਸਜਾ ਸੁਣਾਈ ਹੈ। ਪੁਲਸ ਥਾਣਾ ਡਵੀਜ਼ਨ ਨੰ. 8 ਵੱਲੋਂ 25 ਜੁਲਾਈ 2023 ਨੂੰ ਮੁਲਜ਼ਮ ਖਿਲਾਫ ਸ਼ਿਕਾਇਤਕਰਤਾ ਸਾਰਿਕਾ ਕਨੌਜੀਆ, ਵਾਸੀ ਹਿਮਾਚਲ ਪ੍ਰਦੇਸ਼ ਦੀ ਸ਼ਿਕਾਇਤ ’ਤੇ ਧਾਰਾ 379-ਬੀ ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਸੀ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦਿੱਤੇ ਬਿਆਨਾਂ ’ਚ ਦੋਸ਼ ਲਗਾਇਆ ਸੀ ਕਿ ਘਟਨਾ ਵਾਲੇ ਦਿਨ ਉਹ ਘੁਮਾਰ ਮੰਡੀ ’ਚ ਆਪਣੀ ਭੈਣ ਨਾਲ ਕਰਿਆਨੇ ਦੀ ਦੁਕਾਨ ’ਤੇ ਜਦੋਂ ਉਹ ਸਟੋਰ ਨੇੜੇ ਪਹੁੰਚੀ ਤਾਂ ਇਕ ਮੋਟਰਸਾਈਕਲ ਸਵਾਰ ਵਿਅਕਤੀ, ਜਿਸ ਨੇ ਮੂੰਹ ’ਤੇ ਕੱਪੜਾ ਬੰਨ੍ਹਿਆ ਹੋਇਆ ਸੀ, ਅਚਾਨਕ ਉਸ ਦੇ ਪਿੱਛੋਂ ਆਇਆ ਅਤੇ ਉਸ ਦੇ ਹੱਥ ’ਚ ਫੜਿਆ ਪਰਸ ਖੋਹ ਕੇ ਭੱਜ ਗਿਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੇ ਪਰਸ ’ਚ ਨਕਦੀ ਤੋਂ ਇਲਾਵਾ ਹੋਰ ਵੀ ਕਈ ਜ਼ਰੂਰੀ ਦਸਤਾਵੇਜ਼ ਸਨ, ਜਿਸ ’ਤੇ ਪੁਲਸ ਨੇ ਮਾਮਲਾ ਦਰਜ ਕਰ ਕੇ ਮੁਲਜ਼ਮ ਨੂੰ ਕਾਬੂ ਕਰ ਲਿਆ। ਅਦਾਲਤ ’ਚ ਮੁਲਜ਼ਮ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਪਰ ਅਦਾਲਤ ’ਚ ਸ਼ਿਕਾਇਤਕਰਤਾ ਦੀ ਗਵਾਹੀ ਦੇ ਆਧਾਰ ’ਤੇ ਅਦਾਲਤ ਨੇ ਸਜਾ ਸੁਣਾਈ।

# ਬਲਵਿੰਦਰ ਸਿੰਘ ਭੂੰਦੜ ਦਾ ਵੱਡਾ ਬਿਆਨ, ਬਾਗੀ ਧੜੇ ਨੂੰ ਲੈ ਕੇ ਆਖੀ ਵੱਡੀ ਗੱਲ

**ਏਜੰਸੀਆਂ**

ਪਟਿਆਲਾ 18 ਸਤੰਬਰ। ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਲਈ ਵੱਡੀ ਪੱਧਰ ’ਤੇ ਸਾਜਿ਼ਸ਼ਾਂ ਰਚੀਆਂ ਜਾ ਰਹੀਆਂ ਹਨ ਪਰ ਇਹ ਸਾਜਿ਼ਸ਼ਾਂ ਮੂਧੇ ਮੂੰਹ ਡਿੱਗਣਗੀਆਂ। ਇਹ ਪ੍ਰਗਟਾਵਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕੀਤਾ ਹੈ। ਇਥੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਪੰਥ ਰਤਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ 100ਵੇਂ ਜਨਮ ਦਿਹਾੜੇ ਨੂੰ ਵੱਡੇ ਪੱਧਰ ’ਤੇ ਮਨਾਉਣ ਲਈ ਕੀਤੀ ਤਿਆਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਬੇਅਦਬੀਆਂ ਹੋਣਾ ਬਿਨਾਂ ਸ਼ੱਕ ਮੰਦਭਾਗੀਆਂ ਹਨ ਪਰ ਵਿਰੋਧੀਆਂ ਨੇ ਇਨ੍ਹਾਂ ਦਾ ਸਿਆਸੀਕਰਨ ਕਰਕੇ ਸਾਜਿ਼ਸ਼ ਤਹਿਤ ਅਕਾਲੀ ਦਲ ਦੀ ਬਦਨਾਮੀ ਕੀਤੀ। ਅਖੌਤੀ ਪੰਥਕ ਆਗੂਆਂ ’ਤੇ ਵਰ੍ਹਦਿਆਂ ਭੂੰਦੜ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ’ਤੇ ਇਕ ਵਿਅਕਤੀ ਬੇਅਦਬੀ ਕਰਨ ਲਈ ਦਾਖਲ ਹੋ ਗਿਆ ਜਿਸ ਨੂੰ ਸਮੇਂ ਸਿਰ ਫੜ ਕੇ ਬਾਹਰ ਕੱਢਿਆ ਗਿਆ। ਇਸੇ ਤਰੀਕੇ ਗੁਰਦੁਆਰਾ ਸੁਲਤਾਨਪੁਰ ਲੋਧੀ ਵਿਚ ਬੂਟ ਅਤੇ ਵਰਦੀ ਪਾ ਕੇ



ਹਥਿਆਰਧਾਰੀ ਪੁਲਸ ਜਿਸਨੇ ਗੋਲੀਬਾਰੀ ਕੀਤੀ ਅਤੇ ਇਸ ਤੋਂ ਇਲਾਵਾ ਅਨੇਕਾਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਪਰ ਇਨ੍ਹਾਂ ਅਖੌਤੀ ਪੰਥਕ ਆਗੂਆਂ ਨੇ ਕਦੇ ਵੀ ਆਪਣਾ ਮੂੰਹ ਨਹੀਂ ਖੋਲ੍ਹਿਆ। ਉਨ੍ਹਾਂ ਕਿਹਾ ਕਿ ਇਸੇ ਤਰੀਕੇ ਹੁਣ ਸੁਧਾਰ ਲਹਿਰ ਦੇ ਅਖੌਤੀ ਆਗੂ ਅਕਾਲੀ ਦਲ ਦੀ ਬਦਨਾਮੀ ਕਰਨ ’ਤੇ ਲੱਗੇ ਹਨ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਅਤੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਐੱਨ. ਕੇ. ਸ਼ਰਮਾ ਨੇ ਕਿਹਾ ਕਿ ਜਥੇਦਾਰ ਟੌਹੜਾ ਦਾ 100ਵਾਂ ਜਨਮ ਦਿਹਾੜਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਮਨਾਇਆ ਜਾਵੇਗਾ ਜਿਸ ਲਈ 22 ਸਤੰਬਰ ਨੂੰ ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 24 ਸਤੰਬਰ ਨੂੰ ਸਵੇਰੇ ਪੈਣਗੇ। ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਪੰਥਕ ਵਿਚਾਰਾਂ ਹੋਣਗੀਆਂ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਸ਼ਮੂਲੀਅਤ ਕਰਨਗੇ ਅਤੇ ਇਸ ਪ੍ਰੋਗਰਾਮ ਦਾ ਮਕਸਦ ਆਪਣੇ ਅਮੀਰ ਇਤਿਹਾਸਕ ਵਿਰਸੇ ਤੇ ਪੰਥਕ ਸ਼ਖਸੀਅਤਾਂ ਵੱਲੋਂ ਪੰਥ ਲਈ ਪਾਏ ਯੋਗਦਾਨ ਤੋਂ ਨਵੀਂ ਪੀੜੀ ਨੂੰ ਜਾਣੂ ਕਰਵਾਉਣਾ ਹੈ।

# ਮਹਿੰਗੇ ਪਿਆਜ ਲਈ ਰਹੋ ਤਿਆਰ, 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਸਕਦੀ ਹੈ ਕੀਮਤ

**ਏਜੰਸੀਆਂ**

ਨਵੀਂ ਦਿੱਲੀ 18 ਸਤੰਬਰ। ਆਉਣ ਵਾਲੇ ਦਿਨਾਂ ‘ਚ ਪਿਆਜ ਦੀਆਂ ਕੀਮਤਾਂ ਹੋਰ ਵਧ ਸਕਦੀਆਂ ਹਨ। ਪਿਆਜ ਦੀਆਂ ਕੀਮਤਾਂ ‘ਚ ਹੋਰ ਵਾਧੇ ਦਾ ਮੁੱਖ ਕਾਰਨ ਹਾਲ ਹੀ ‘ਚ ਸਰਕਾਰ ਵਲੋਂ ਲਗਾਈ ਗਈ ਪਿਆਜ ‘ਤੇ ਬਰਾਮਦ ਡਿਊਟੀ ‘ਚ 20 ਫੀਸਦੀ ਦੀ ਕਟੌਤੀ ਹੈ। ਇਸ ਕਾਰਨ ਪਿਆਜ ਦੀਆਂ ਥੋਕ ਕੀਮਤਾਂ ਵਧ ਰਹੀਆਂ ਹਨ ਅਤੇ ਪ੍ਰਚੂਨ ਬਾਜਾਰ ਵਿੱਚ ਵੀ ਪਿਆਜ ਦੀਆਂ ਕੀਮਤਾਂ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕੀਮਤ ਵਾਧਾ 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਸਕਦਾ ਹੈ। ਵਰਤਮਾਨ ਵਿੱਚ ਪ੍ਰਚੂਨ ਬਾਜਾਰ ਵਿੱਚ ਇਹ 60 ਰੁਪਏ ਤੋਂ 80 ਰੁਪਏ ਪ੍ਰਤੀ ਕਿਲੋ ਦਰਮਿਆਨ ਵਿਕ ਰਿਹਾ ਹੈ। ਮੱਧ ਪ੍ਰਦੇਸ, ਮਹਾਰਾਸਟਰ, ਰਾਜਸਥਾਨ, ਕਰਨਾਟਕ ਤੋਂ ਦਿੱਲੀ ਦੀਆਂ ਸਾਰੀਆਂ ਸਬਜੀ ਮੰਡੀਆਂ ਸਮੇਤ ਗਾਜੀਪੁਰ, ਓਖਲਾ ਅਤੇ ਆਜਾਦਪੁਰ ਸਬਜੀ ਮੰਡੀਆਂ ਨੂੰ ਪਿਆਜ ਸਪਲਾਈ ਕੀਤਾ ਜਾਂਦਾ ਹੈ। ਵਪਾਰੀਆਂ ਮੁਤਾਬਕ ਤਿੰਨ ਦਿਨ ਪਹਿਲਾਂ ਬਾਜਾਰ ਵਿੱਚ ਪਿਆਜ ਦੀ ਥੋਕ ਕੀਮਤ 35 ਤੋਂ 45 ਰੁਪਏ ਪ੍ਰਤੀ ਕਿਲੋ ਸੀ, ਪਰ ਸਰਕਾਰ ਨੇ ਪਿਆਜ ਦੀ ਬਰਾਮਦ ਡਿਊਟੀ 20 ਫੀਸਦੀ ਘਟਾ ਦਿੱਤੀ ਹੈ। ਇਸ ਕਾਰਨ ਬਾਜਾਰ ਵਿੱਚ ਪਿਆਜ ਦਾ ਥੋਕ ਭਾਅ 5 ਰੁਪਏ ਪ੍ਰਤੀ ਕਿਲੋ ਵਧ ਗਿਆ ਹੈ। ਸ੍ਰੀਕਾਂਤ ਨੇ ਦੱਸਿਆ ਕਿ ਥੋਕ ਵਿੱਚ ਪਿਆਜ ਦਾ ਰੇਟ 50 ਰੁਪਏ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਆਉਣ ਵਾਲੇ ਦਿਨਾਂ ‘ਚ



ਪਿਆਜ ਦੇ ਰੇਟ ਹੋਰ ਵਧ ਸਕਦੇ ਹਨ। ਵਾਪਰੀਆਂ ਮੁਤਾਬਕ ਨਵੀਂ ਫਸਲ ਆਉਣ ‘ਚ ਸਮਾਂ ਲੱਗੇਗਾ। ਫਿਲਹਾਲ ਪਿਆਜ ਮਹਾਰਾਸਟਰ ਅਤੇ ਮੱਧ ਪ੍ਰਦੇਸ ਤੋਂ ਹੀ ਸਪਲਾਈ ਕੀਤਾ ਜਾ ਰਿਹਾ ਹੈ। ਰਾਜਸਥਾਨ ਵਿੱਚ ਪਿਆਜ ਦਾ ਸਟਾਕ ਲਗਭਗ ਖਤਮ ਹੋ ਗਿਆ ਹੈ, ਜਿਸ ਕਾਰਨ ਪਿਆਜ ਬਾਜਾਰ ਵਿੱਚ ਘੱਟ ਆ ਰਿਹਾ ਹੈ। ਇਸ ਦੇ ਨਾਲ ਹੀ ਇਕ ਕਾਰੋਬਾਰੀ ਨੇ ਦੱਸਿਆ ਕਿ ਪ੍ਰਚੂਨ ਬਾਜਾਰ ‘ਚ ਪਿਆਜ ਦੀ ਕੀਮਤ 80 ਰੁਪਏ ਤੋਂ ਜਿ਼ਆਦਾ ਹੈ। ਆਉਣ ਵਾਲੇ ਦਿਨਾਂ ‘ਚ ਪਿਆਜ ਦੀ ਕੀਮਤ 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚਣ ਦਾ ਖਦਸਾ ਹੈ। ਸਰਕਾਰ ਨੇ ਹਾਲ ਹੀ ਵਿੱਚ ਪਿਆਜ ਦੀ ਘੱਟੋ-ਘੱਟ ਬਰਾਮਦ ਮੁੱਲ () ਸੀਮਾ ਨੂੰ ਹਟਾ ਦਿੱਤਾ ਹੈ। ਹੁਣ ਤੱਕ ਪਿਆਜ ‘ਤੇ 550 ਡਾਲਰ ਪ੍ਰਤੀ ਟਨ ਤੈਅ ਸੀ। ਪਰ ਵਿਦੇਸੀ ਵਪਾਰ ਦੇ ਡਾਇਰੈਕਟੋਰੇਟ ਜਨਰਲ (ਡੀਜੀਐਫਟੀ) ਨੇ ਇੱਕ ਨੋਟੀਫਿਕੇਸਨ ਜਾਰੀ ਕਰਕੇ ਇਸ ਨੂੰ ਤੁਰੰਤ ਪ੍ਰਭਾਵ ਨਾਲ ਅਤੇ ਅਗਲੇ ਹੁਕਮਾਂ ਤੱਕ ਹਟਾ ਦਿੱਤਾ ਹੈ। ਇਸ ਨਾਲ ਕਿਸਾਨ ਵੱਧ ਕੀਮਤ ‘ਤੇ ਵਿਦੇਸਾਂ ‘ਚ ਵੱਧ ਤੋਂ ਵੱਧ ਅਤੇ ਵਧੀਆ ਗੁਣਵੱਤਾ ਵਾਲੇ ਪਿਆਜ ਦੀ ਸਪਲਾਈ ਕਰ ਸਕਣਗੇ। ਪਿਆਜ ਦੀ ਖੁੱਲ੍ਹੀ ਬਰਾਮਦ ਤੋਂ ਬਾਅਦ ਦੇਸ ‘ਚ ਪਿਆਜ ਦੀ ਕਮੀ ਹੋ ਸਕਦੀ ਹੈ। ਇਸ ਨਾਲ ਪਿਆਜ ਦੀ ਕੀਮਤ ਵਧੇਗੀ। ਪਿਆਜ ਦੀ ਨਵੀਂ ਫਸਲ ਆਉਣ ‘ਚ ਕਰੀਬ ਦੋ ਮਹੀਨੇ ਲੱਗਣਗੇ। ਅਜਿਹੇ ‘ਚ ਬਾਜਾਰਾਂ ‘ਚ ਨਵਾਂ ਪਿਆਜ ਨਹੀਂ ਮਿਲੇਗਾ। ਕਿਸਾਨ ਸਿਰਫ ਉਹੀ ਪਿਆਜ ਬਰਾਮਦ ਕਰਨਗੇ ਜੋ ਸਟਾਕ ਵਿੱਚ ਹੈ। ਨਵਾਂ ਪਿਆਜ ਨਾ ਆਉਣ ਕਾਰਨ ਪਿਆਜ ਦੀ ਆਮਦ ਵੀ ਘੱਟ ਜਾਵੇਗੀ। ਅਜਿਹੇ ‘ਚ ਬਾਜਾਰਾਂ ‘ਚ ਪਿਆਜ ਘੱਟ ਉਪਲੱਬਧ ਹੋ ਸਕਦਾ ਹੈ। ਜੇਕਰ ਪਿਆਜ ਦੀ ਕਮੀ ਹੋ ਜਾਂਦੀ ਹੈ ਅਤੇ ਮੰਗ ਵਧਦੀ ਹੈ ਤਾਂ ਇਸ ਦੀ ਕੀਮਤ ਵਧ ਸਕਦੀ ਹੈ।

# ਮੁਖਬਰਾਂ ਦਾ ਜਾਲ ਟੁੱਟਣ ਨਾਲ ਟੈਕਸ ਮਾਫੀਆ ਦੀ ਮਜਬੂਤ ਹੋ ਰਹੀ ਹੈ ਪਕੜ

**ਏਜੰਸੀਆਂ**

ਅੰਮ੍ਰਿਤਸਰ 18 ਸਤੰਬਰ। ਪੁਲਸ ਹੋਵੇ ਜਾਂ ਐਕਸਾਈਜ ਐਂਡ ਟੈਕਸੇਸ਼ਨ ਵਿਭਾਗ ਦਾ ਪਿਛਲੇ 50 ਸਾਲ ਦਾ ਇਤਿਹਾਸ ਹੈ ਕਿ ਇਸ ’ਚ ਅਪਰਾਧੀਆਂ ਅਤੇ ਟੈਕਸ ਚੋਰਾਂ ਨੂੰ ਇੰਫਾਰਮੇਸ਼ਨ ਲਈ ਮੁਖਬਰਾਂ ਦੀ ਭੂਮਿਕਾ ਬਹੁਤ ਅਹਿਮ ਹੈ। ਕੋਈ ਅਧਿਕਾਰੀ ਬੇਸ਼ੱਕ ਕਿੰਨੀ ਵੀ ਬੁੱਧੀਮਾਨ ਅਤੇ ਸਾਧਨ ਸੰਪੰਨ ਕਿਉਂ ਨਾ ਹੋਵੇ ਪਰ ਚੋਰਾਂ ਨੂੰ ਫੜਨਾ ਲਗਭਗ ਨਾਮੁਮਕਿਨ ਹੈ। ਇਥੋਂ ਤਕ ਕਿ ਵੱਡੀ ਫੋਰਸ ਦੀ ਮਾਲਕੀ ਪੰਜਾਬ ਪੁਲਸ ਵੀ ਆਪਣੇ ਦਰਜ ਕੇਸਾਂ ’ਚ 90 ਫੀਸਦੀ ਇੰਫਾਰਮੇਸ਼ਨ ਦੇ ਮਾਮਲੇ ਮੁਖਬਰ ’ਤੇ ਹੀ ਨਿਰਭਰ ਰੱਖਦੀ ਹੈ। ਜਾਹਿਰ ਹੈ ਕਿ ਮੁਖਬਰ ਲਈ ਕੋਈ ਨਾ ਕੋਈ ਸਹੂਲਤ ਮੁਹੱਈਆ ਕੀਤੀ ਜਾਂਦੀ ਰਹੀ ਹੋਵੇਗੀ ਪਰ ਮੌਜੂਦਾ ਸਮੇਂ ’ਚ ਗੱਲ ਕਰੇ ਐਕਸਾਈਜ ਐਂਡ ਟੈਕਸੇਸ਼ਨ ਵਿਭਾਗ ਦੀ ਤਾਂ ਪੁਰਾਣੇ ਮੁਖਬਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਮਿਸ਼ਨ ਜਾਂ ਕੋਈ ਛੋਟੀ-ਮੋਟੀ ਟਿਪ ਤਕ ਵੀ ਨਹੀਂ ਦਿੱਤੀ ਜਾਂਦੀ, ਇਹ ਸਿਲਸਿਲਾ ਪਿਛਲੇ 7-8 ਸਾਲਾਂ ਤੋਂ ਚਲਦਾ ਆ ਰਿਹਾ ਹੈ ਜਿਸ ਕਾਰਨ ਮੁਖਬਰ ਇਸ ਵਿਭਾਗ ਨੂੰ ਸੂਚਨਾ ਦੇਣਾ ਬੰਦ ਕਰ ਗਏ ਹਨ ਕਿਉਂਕਿ ਕੋਈ ਵੀ ਵਿਅਕਤੀ ਬਿਨਾਂ ਕਿਸੇ ਲਾਲਚ ਦੇ ਮਾਫੀਆ ਨਾਲ ਦੁਸ਼ਮਣੀ ਮੋਲ ਲੈਣ ਲਈ ਤਿਆਰ ਨਹੀਂ ਹੁੰਦਾ। ਇੰਫਾਰਮਰਸ ਨੂੰ ਦਬਾਉਣ ਦਾ ਚੱਕਰਵਿਊ ਸਾਲ 2016-17 ’ਚ ਚੱਲਿਆ ਸੀ ਇਸ ’ਚ ਇਕ ਉੱਚ ਅਧਿਕਾਰੀ ਜਿਸ ਨੇ ਅੱਧਾ ਦਰਜਨ ਈ. ਟੀ. ਓਜ ਅਧਿਕਾਰੀਆਂ ਨਾਲ ਮਿਲ ਕੇ ਇਕ ਸਿੰਡੀਕੇਟ ਦੀ ਅਣਐਲਾਨੀ ਸਥਾਪਨਾ ਕੀਤੀ ਸੀ। ਇਸ ’ਚ ਪੂਰੀ ਦੀ ਪੂਰੀ ਟੈਕਸ ਮਾਫੀਆ ਦੀ ਕਮਾਈ ਨੂੰ ਹੜਪਣ ਲਈ ਸਭ ਤੋਂ ਪਹਿਲੇ ਮੁਖਬਰਾਂ ਨੂੰ ਖੁੱਡੇ ਲਾਈਨ ਲਾਇਆ ਸੀ। ਇਥੋਂ ਤਕ ਕਿ ਉਨ੍ਹਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਦੀ ਸੂਚਨਾ ’ਤੇ ਕੰਮ ਨਾ ਕਰਨ ਦੇ ਅਣਐਲਾਨੇ ਤੌਰ ’ਤੇ ਹੁਕਮ ਦੇ ਦਿੱਤੇ ਗਏ। ਓਧਰ ਜੋ ਲੋਕ ਬਿਨਾਂ ਕਿਸੇ ਪੈਸੇ ਦੇ ਲਾਲਚ ’ਚ ਨਿੱਜੀ ਦੁਸ਼ਮਣ ਜਾਂ ਵਪਾਰਕ ਕੰਪਟੀਸ਼ਨ ਦੇ ਕਾਰਨ ਵਿਭਾਗ ਨੂੰ ਟੈਕਸ ਚੋਰੀ ਦੀਆਂ ਸੂਚਨਾਵਾਂ ਦਿੰਦੇ ਸਨ, ਉਨ੍ਹਾਂ ਦੇ ਮਾਫੀਆ ਦੇ ਸਾਹਮਣੇ ਨਾਂ ਉਜਾਗਰ ਕਰ ਦਿੱਤੇ 1 ਇਨਫਾਰਮਰ ਵਰਗ ਡਰ ਕੇ ਅੰਡਰ ਗਰਾਊਂਡ ਹੋ ਗਿਆ। ਮੁਖਬਰਾਂ ਦਾ ਜਾਲ ਟੁੱਟ ਗਿਆ ਅਤੇ ਮਾਫੀਆ ਦੇ ਨਿੱਜੀ ਗੁਰਗੇ ਬਣੇ ਅਧਿਕਾਰੀ ‘ਘਿਓ-ਖਿੱਚੜੀ’ ਹੋ ਗਏ। ਇਸੇ ਨੈਕਸੈੱਸ ਦੀ ਬਦੌਲਤ ਅੱਜ ਦਰਜਨਾਂ ਬੇਕਸੂਰ ਅਧਿਕਾਰੀ ਵਿਜੀਲੈਂਸ ਦੇ ਜੰਜਾਲ ’ਚ ਫਸੇ ਪੇਸ਼ੀਆਂ ਭੁਗਤ ਰਹੇ ਹਨ ਜਦੋਂਕਿ ਅਸਲ ਦੋਸ਼ੀ ਸਾਫ-ਸਾਫ ਬਚ ਨਿਕਲੇ। ਦੱਸਣਾ ਜਰੂਰੀ ਹੈ ਕਿ ਮੁਖਬਰਾਂ ਦੇ ਦਮ ’ਤੇ ਹੁਣ ਤੋਂ 8 ਸਾਲ ਪਹਿਲੇ ਇਕ ਮੋਬਾਈਲ ਵਿੰਗ ਅਧਿਕਾਰੀ ਨੇ ਕਰੋੜਾਂ ਦਾ ਸੋਨਾ ਫੜਿਆ, ਜਿਸ ਕਾਰਨ ਉਸ ਦਾ ਨਾਂ ਹੀ ਗੋਲਡਨ-ਟਾਈਗਰ ਪੈ ਗਿਆ। ਜੋ ਪੈਸੇ ਦੇ ਲਾਲਚ ’ਚ ਸੂਚਨਾਵਾਂ ਦਿੰਦੇ ਹਨ, ਅਜਿਹੇ ਲੋਕ ਗਰੀਬ ਹੁੰਦੇ ਹਨ ਇਨ੍ਹਾਂ ਦੀ ਰੋਜੀ ਰੋਟੀ ਹੀ ਇਨ੍ਹਾਂ ਦੀ ਮੁਖਬਰੀ ਚਲਦੀ ਹੈ। ਉਥੇ ਹੀ ਇਨ੍ਹਾਂ ’ਚ ਕੁਝ ਪੇਸ਼ੇਵਰ ਰਿਕਸ਼ਾ ਅਤੇ ਆਟੋ ਚਾਲਕ ਵੀ ਸ਼ਾਮਲ ਹੁੰਦੇ ਹਨ ਜੋ




ਛੋਟੀ-ਮੋਟੀ ਟਿਪ ’ਤੇ ਹੀ ਵਿਭਾਗ ਨੂੰ ਸੂਚਨਾ ਦੇ ਦਿੰਦੇ ਹਨ। ਜਿਨ੍ਹਾਂ ਦੀ ਟੈਕਸ ਚੋਰਾਂ ਨਾਲ ਨਿੱਜੀ ਦੁਸ਼ਮਣੀ, ਵਪਾਰਕ ਮੁਕਾਬਲੇਬਾਜੀ ਹੁੰਦੀ ਹੈ। ਇਹ ਵਰਗ ਵਿਭਾਗ ਦੇ ਮੁਫਤ ਦੇ ਗੁਪਤ ਸੂਚਕ ਹੁੰਦੇ ਹਨ ਅਤੇ ਮੁਕਾਬਲੇਬਾਜ ਨੂੰ ਫੜਾਉਣ ਲਈ ਆਪਣੀ ਜੇਬ ’ਚੋਂ ਪੈਸਾ ਖਰਚਣ ਨੂੰ ਤਿਆਰ ਹੁੰਦੇ ਹਨ। ਇਹ ਵਰਗ ਦੇਸ਼ਭਗਤ ਦੇ ਲੋਕ ਹੁੰਦੇ ਹਨ। ਇਨ੍ਹਾਂ ਨੂੰ ਮਾਨ ਸਨਮਾਨ ਅਤੇ ਸੁਰੱਖਿਆ ਦੀ ਇੱਛਾ ਹੁੰਦੀ ਹੈ ਪਰ ਇਸ ਵਰਗ ਦੇ ਲੋਕ ਅੱਜਕਲ ਦੇ ਦਬੰਗ ਮਾਹੌਲ ’ਚ ਲੁਪਤ ਹੋ ਚੁੱਕੇ ਹਨ। ਜਦੋਂ ਵੀ ਕੋਈ ਸੂਬਾ ਪੱਧਰੀ ਵੱਡਾ ਨੇਤਾ ਅਤੇ ਅਧਿਕਾਰੀ ਕਿਸੇ ਵੀ ਸ਼ਹਿਰ ’ਚ ਜਾਂਦਾ ਹੈ ਤਾਂ ਉਨ੍ਹਾਂ ਦੀ ਆਵਭਗਤ, ਮਹਿਮਾਨ-ਨਿਵਾਜੀ. ਜਿ਼ਲਾ ਪ੍ਰਧਾਨ ਦਫਤਰ ਦੀ ਜਿ਼ੰਮੇਵਾਰੀ ਬਣਦੀ ਹੈ। ਇਸ ’ਚ ਕਈ ਵਿਭਾਗ ਮਿਲਜੁਲ ਕੇ ਸਮਾਰੋਹ ਆਯੋਜਨ ਅਤੇ ਰਿਫ੍ਰੈਸ਼ਮੈਂਟ ਆਦਿ ਲਈ ਖਰਚੇ ਕਰ ਦਿੰਦੇ ਸਨ। ਇਸ ਤਰ੍ਹਾਂ ਆਪਸੀ ਅੰਡਰਸਟੈਂਡਿੰਗ ’ਚ ਇਕੱਠੇ ਕੀਤੇ ਗਏ ਫੰਡ ’ਚੋਂ ਖਰਚਿਆਂ ਵਿਚ ਮੁਖਬਰ ਵੀ ਭੁਗਤ ਜਾਂਦੇ ਹਨ ਇਹ ਸਿਸਟਮ ਪਿਛਲੀ ਸਦੀ ਤੋਂ ਹੀ ਚੱਲ ਰਿਹਾ ਹੈ ਜੋ ਅੱਜ ਵੀ ਕਾਇਮ ਹੈ। ਜਿ਼ਲਾ ਕਾਂਗਰਸ ਕਮੇਟੀ ਦੇ ਐਕਟਿਵ ਪ੍ਰਧਾਨ ਬਲਬੀਰ ਸਿੰਘ ਪੱਬੀ ਪਹਿਲਵਾਨ ਨੇ ਕਿਹਾ ਹੈ ਕਿ ਅਪਰਾਧੀਆਂ ਦਹਿਸ਼ਤਗਰਦਾਂ ਅਤੇ ਟੈਕਸ ਚੋਰਾਂ ਨੂੰ ਰੋਕਣਾ ਕਦੇ ਵੀ ਮੁਖਬਰਾਂ ਦੇ ਬਗੈਰ ਸੰਭਵ ਨਹੀਂ ਹੈ।

## ਕਿਸਾਨ ਨੂੰ ਟੱਕਰ ਮਾਰਨ ਤੋਂ ਬਾਅਦ ਘੜੀਸਦਾ ਲੈ ਗਿਆ ਟਰੱਕ

ਬਾਂਦਾ 18 ਸਤੰਬਰ। ਉੱਤਰ ਪ੍ਰਦੇਸ਼ ਦੇ ਮਹੋਬਾ ਜਿ਼ਲ੍ਹੇ ਦੇ ਸ਼੍ਰੀਨਗਰ ਥਾਣਾ ਖੇਤਰ ‘ਚ ਸੋਮਵਾਰ ਨੂੰ ਇਕ ਤੇਜ ਰਫਤਾਰ ਟਰੱਕ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਇਕ ਕਿਸਾਨ ਦੀ ਮੌਤ ਹੋ ਗਈ, ਜਦੋਂ ਕਿ ਦੂਜਾ ਸ਼ਖਸ ਜਖਮੀ ਹੋ ਗਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਕਿਸਾਨ ਟਰੱਕ ‘ਚ ਫਸ ਕੇ ਕਰੀਬ 20 ਮੀਟਰ ਤੱਕ ਘੜੀਸਦਾ ਚਲਾ ਗਿਆ, ਜਿਸ ਨਾਲ ਉਸ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਸ਼੍ਰੀਨਗਰ ਥਾਣੇ ਦੇ ਇੰਚਾਰਜ ਇੰਸਪੈਕਟਰ (ਐੱਸ.ਐੱਚ.ਓ.) ਸ਼ਿਵਪਾਲ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ 10 ਵਜੇ ਕਾਨਪੁਰ-ਸਾਗਰ ਨੈਸ਼ਨਲ ਹਾਈਵੇਅ ਦੇ ਬਿਲਰਹੀ ਤਿਰਾਹੇ ‘ਚ ਇਕ ਤੇਜ ਰਫਤਾਰ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਮੋਟਰਸਾਈਕਲ ਅਤੇ ਕਿਸਾਨ ਦੋਵੇਂ ਟਰੱਕ ‘ਚ ਫਸ ਗਏ ਅਤੇ ਕਰੀਬ 20 ਮੀਟਰ ਤੱਕ ਘਸੀੜਦੇ ਚਲੇ ਗਏ। ਇਸ ਹਾਦਸੇ ‘ਚ ਉਰਵਾਰਾ ਪਿੰਡ ਦੇ ਰਹਿਣ ਵਾਲੇ ਕਿਸਾਨ ਰਾਮਕ੍ਰਿਪਾਲ ਵਾਜਪਾਈ (55) ਦੀ ਮੌਕੇ ‘ਤੇ ਹੀ ਮੌਤ ਹੋ ਗਈ ਅਤੇ ਮੋਟਰਸਾਈਕਲ ਚਲਾ ਰਿਹਾ ਨੌਜਵਾਨ ਸ਼ੇਖਰ ਸੇਨ (22) ਗੰਭੀਰ ਰੂਪ ਨਾਲ ਜਖਮੀ ਹੋ ਗਿਆ, ਜਿਸ ਨੂੰ ਸਰਕਾਰੀ ਹਸਪਤਾਲ ‘ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਐੱਸ.ਐੱਚ.ਓ. ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਡਰਾਈਵਰ ਅਤੇ ਉਸ ਦਾ ਸਹਾਇਕ ਹਾਦਸੇ ਵਾਲੀ ਜਗ੍ਹਾ ‘ਤੇ ਹੀ ਟਰੱਕ ਛੱਡ ਕੇ ਦੌੜ ਗਏ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਕਿਸਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।